ISSN-0971-8397

# ਯੋਜਨਾ

ਸਤੰਬਰ 2014 ਇਕ ਵਿਕਾਸ ਮਾਸਿਕ ₹10

# ਸ਼ਹਿਰੀ ਯੋਜਨਾਬੰਦੀ

ਭਾਰਤ 'ਚ ਸ਼ਹਿਰੀ ਨੀਤੀਆਂ ਤੇ ਯੋਜਨਾਵਾਂ : ਪਿੱਛਲਝਾਤ ਤੇ ਸੰਭਾਵਨਾਵਾਂ
ਆਰ.ਬੀ. ਭਗਤ

ਝੁੱਗੀ-ਝੌਂਪੜੀ ਮੁਕਤ ਭਾਰਤ ਲਈ ਪਰਿਪੇਖ
ਅਮਿਤਾਭ ਕੁੰਡੂ

ਭਾਰਤੀ ਸ਼ਹਿਰਾਂ ਵਿਚ ਪੇਡੂਆਂ ਨੂੰ ਮੁਖ਼ਾਤਬ ਹੋਣਾ
ਨਰੇਂਦਰ ਪਾਨੀ

ਸਮਾਰਟ ਸ਼ਹਿਰਾਂ ਦੀ ਯੋਜਨਾਬੰਦੀ : ਸ਼ੁਰੂ ਕਿਥੋਂ ਕਰੀਏ?
ਐੱਸ ਚੰਦਰਸ਼ੇਖਰ, ਨਿਹਾਰਿਕਾ ਵੈਂਕਟੇਸ਼

ਵਿਸ਼ੇਸ਼ ਲੇਖ
ਗੰਗਾ ਦਰਿਆ 'ਚ ਵਾਤਾਵਰਨਿਕ ਪਾਣੀ ਦਾ ਵਹਾਅ ਯਕੀਨੀ ਬਣਾਉਣਾ
ਐੱਚ ਐੱਸ ਸੇਨ ਤੇ ਦਿਪਾਂਕਰ ਘੋਰਾਇ



## ਸੰਪਾਦਕੀ

# ਦੋ ਸ਼ਹਿਰਾਂ ਦੀ ਕਹਾਣੀ

ਕਲਪਨਾ ਕਰੋ ਕਿ ਤੁਸੀ ਕਾਲੀਬੰਗਨ ਦੀਆਂ ਸਾਫ਼, ਸਿੱਧੀਆਂ ਗਲੀਆਂ ਵਿਚ ਤੁਰੇ ਜਾ ਰਹੇ ਹੋ, ਜੋ ਹੜੱਪਾ ਦੀ ਸਭਿਅਤਾ ਦਾ ਘੱਗਰ ਦਰਿਆ ਕਿਨਾਰੇ ਵਸਿਆ ਇਤਿਹਾਸਕ ਸਹਿਰ ਸੀ। ਤੁਸੀ ਇਸ ਸਹਿਰ ਦੀ ਸਾਫ਼-ਸਫ਼ਾਈ, ਯੋਜਨਾਬਧ ਤਰੀਕੇ ਨਾਲ ਉਸਾਰਿਆ ਜਲ-ਨਿਕਾਸੀ ਪ੍ਰਬੰਧ, ਸਹਿਰ ਦੀ ਚਹਿਲ-ਪਹਿਲ ਅਤੇ ਵਪਾਰਕ ਸਰਗਰਮੀਆਂ ਵਾਲੀ ਜ਼ਿੰਦਗੀ ਦੇਖ ਕੇ ਬਹੁਤ ਪ੍ਰਭਾਵਿਤ ਹੋ। ਇਸ ਪੂਰਵ ਇਤਿਹਾਸਕ ਸ਼ਹਿਰ ਦੀ ਯੋਜਨਾਬੰਦੀ ਦੇਖਣ ਵਾਲੇ ਨੂੰ ਅਚੰਭਿਤ ਕੀਤੇ ਬਿਨਾਂ ਨਹੀ ਰਹਿੰਦੀ। ਦੋ ਹਜ਼ਾਰ ਸਾਲ ਅੱਗੇ ਆਓ ਅਤੇ ਕਾਸ਼ੀ ਨੂੰ ਦੇਖੋ ਜੋ ਪਵਿੱਤਰ ਗੰਗਾ ਦੇ ਕਿਨਾਰਿਆਂ 'ਤੇ ਵਸਿਆ ਹੋਇਆ ਹੈ ਅਤੇ ਸਾਹਜਹਾਨਾਬਾਦ ਜੋ ਯਮੁਨਾ ਦਰਿਆ ਦੇ ਪਾਰ ਵਸਿਆ ਹੈ। ਵਰਤਮਾਨ ਵਿਚ ਨਿਊਯਾਰਕ ਦੀ ਸਿਲੀਕਾਨ ਵੈਲੀ, ਸ਼ੰਘਾਈ ਦਾ ਵਰਲਡ ਫਾਈਨੈਂਸਲ ਸੈਂਟਰ ਅਤੇ ਬੰਗਲੌਰ ਦਾ ਸਾਈਬਰਸਿਟੀ ਆਫ਼ ਇੰਡੀਆ ਇਹ ਜਲਾਲ ਅਤੇ ਪ੍ਰਸ਼ੰਸਾ ਦੀ ਭਾਵਨਾ ਪੈਦਾ ਕਰਦੇ ਹਨ। ਅਸਲ ਵਿਚ, ਇਹ ਸ਼ਹਿਰ ਮਾਨਵੀ ਸਭਿਅਤਾ ਦੇ ਸਿਖਰ ਨੂੰ ਰੂਪਮਾਨ ਕਰਦੇ ਹਨ। ਬਦਕਿਸਮਤੀ ਨੂੰ, ਇਹ ਸਹਿਰ ਆਪਣੇ ਅੰਦਰ ਅਸਾਵੀਂ ਪਹੁੰਚ, ਵਿਤਕਰੇ, ਗੰਦਗੀ, ਅਲਹਿਦਗੀ ਅਤੇ ਬੇਦਖਲੀ ਜਿਹੀਆਂ ਬੀਮਾਰੀਆਂ ਵੀ ਛੁਪਾਈ ਬੈਠੇ ਹਨ ਜੋ ਅਜੋਕੇ ਸ਼ਹਿਰਾਂ ਦੀ ਇਕ ਖ਼ਾਸ ਪਛਾਣ ਹੈ। ਅਸਮਾਨ ਛੋਹਦੀਆਂ ਇਮਾਰਤਾਂ ਦੇ ਪਰਛਾਵੇਂ ਹੇਠ ਝੁੱਗੀ-ਝੌਪੜੀ ਬਸਤੀਆਂ ਸਹਿਕ ਰਹੀਆਂ ਹਨ। ਆਧੁਨਿਕ ਦਫ਼ਤਰ ਤੇ ਵਪਾਰਕ ਕੰਪਲੈਕਸ ਦੇ ਚਮਕਦਾਰ ਬਾਹਰੀਪਨ ਪਿੱਛੇ ਖੁੱਲ੍ਹਾ ਪੈਦਲ ਤੁਰਨ ਵਾਲਾ ਰਸਤਾ ਹੈ ਜੋ ਰਾਤ ਵੇਲੇ ਇਕ ਜਾਦੂ ਜਿਹੇ ਨਾਲ ਇਕ ਵੱਡੇ ਭਾਈਚਾਰੇ ਲਈ ਸੌਣ ਕਮਰੇ ਵਿਚ ਪਰਿਵਰਤਿਤ ਹੋ ਜਾਂਦਾ ਹੈ, ਜਿਸ ਦੇ ਬਾਸ਼ਿੰਦੇ ਗਰਮੀ, ਸਰਦੀ, ਬਰਸਾਤ ਤੇ ਧੁੰਦ ਆਪਣੇ ਪਿੰਡੇ 'ਤੇ ਹੰਢਾਉਂਦੇ ਹਨ। ਉਨ੍ਹਾਂ ਦੇ ਬੁੱਲ੍ਹਾਂ 'ਤੇ ਸੌਣ ਵੇਲੇ ਕੇਵਲ ਇਕੋ ਹੀ ਪ੍ਰਾਰਥਨਾ ਹੁੰਦੀ ਹੈ ਕਿ ਕਿਸੇ ਮਹਿੰਗੀ ਕਾਰ ਦੇ ਥੱਲੇ ਦਰੜੇ ਜਾਣ ਨਾਲ ਕਿਤੇ ਉਹ ਸਵੇਰ ਦੇ ਅਖ਼ਬਾਰ ਦੀ ਸੁਰਖੀ ਨਾ ਬਣ ਜਾਣ। ਵੱਡਾ ਸ਼ਹਿਰ ਜਾਂ ਮਹਾਂਨਗਰ ਸਿਰਫ਼ ਮੁੰਬਈ ਹੀ ਨਹੀ ਹੈ, ਇਹ ਸਾਰੇ ਆਧੁਨਿਕ ਸ਼ਹਿਰਾਂ ਦਾ ਲਖਾਇਕ ਹੋ ਨਿਬੜਿਆ ਹੈ ਜੋ ਇਸ ਨੂੰ ਵੱਧ ਤੋਂ ਵੱਧ ਆਸ਼ਾਵਾਂ ਤੇ ਮੌਕਿਆਂ ਦਾ ਰੂਪਕ ਸਮਝਦੇ ਹਨ ਪਰ ਫਿਰ ਵੀ ਇਥੇ ਪਾਣੀ, ਹਵਾ, ਥਾਂ, ਨੇੜਤਾ ਆਦਿ ਲਈ ਸੰਘਰਸ਼ ਚਲਦਾ ਰਹਿੰਦਾ ਹੈ।

ਇਸ ਗੱਲ ਦਾ ਕੋਈ ਰੌਲਾ ਨਹੀ ਕਿ ਸ਼ਹਿਰੀਕਰਨ ਹੀ ਭਵਿੱਖ ਹੈ। ਦੁਨੀਆਂ ਵਿਚ ਆਰਥਿਕ ਵਿਕਾਸ ਦਾ ਇਤਿਹਾਸ ਇਹ ਦਰਸਾਉਂਦਾ ਹੈ ਕਿ ਸ਼ਹਿਰਾਂ ਦਾ ਵਿਕਾਸ ਸਿਰਫ਼ ਕੁਦਰਤੀ ਅਤੇ ਅਰੋਕ ਹੀ ਨਹੀ, ਪਰ ਇਹ ਜ਼ਰੂਰੀ ਵੀ ਹੈ। ਸ਼ਹਿਰੀਕਰਨ ਥਾਵਾਂ ਨੂੰ ਸੁੰਗੇੜ ਕੇ ਅਤੇ ਉਤਪਾਦਕ ਸ਼ਕਤੀਆਂ ਨੂੰ ਇਕ ਕਰਕੇ ਨਿਪੁੰਨਤਾ ਪੈਦਾ ਕਰਦਾ ਹੈ ਜੋ ਵਿਕਾਸ ਪ੍ਰਕਿਰਿਆਵਾਂ ਵਿਚ ਸਹਾਇਕ ਬਣਦੀਆਂ ਹਨ। ਪਰ, ਜੇ ਸ਼ਹਿਰਾਂ ਨੇ ਉਤਪਾਦਕ ਉੱਦਮਾਂ ਦੇ ਕੇਂਦਰ, ਸਿਰਜਣਾ ਦੀ ਧੁਰੀ ਅਤੇ ਬਹੁਲਤਾਵਾਦ ਦੇ ਕੇਂਦਰ ਬਣਨਾ ਹੈ ਤਾਂ ਯੋਜਨਾਬੰਦੀ ਬਹੁਤ ਹੀ ਜੁਗਤ ਨਾਲ ਕਰਨੀ ਪਵੇਗੀ। ਯੋਜਨਾਬੰਦੀ ਜ਼ਰੂਰੀ ਨਹੀ ਕਿ ਬਾਹਰੀ ਜ਼ਿੰਮੇਵਾਰੀ ਹੀ ਹੋਵੇ। ਅਸਲ ਵਿਚ, ਸ਼ਹਿਰ ਦੇ ਸੰਗਠਿਤ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣਾ ਅਤੇ ਇਨ੍ਹਾਂ ਨੂੰ ਆਧੁਨਿਕ ਸ਼ਹਿਰੀ ਘਰਾਂ ਦੀ ਸੋਚ ਨਾਲ ਇਕਮਿਕ ਕਰਨ ਨਾਲ ਸਾਨੂੰ ਭਵਿੱਖੀ ਸ਼ਹਿਰਾਂ ਦਾ ਖ਼ਾਕਾ ਨਜ਼ਰ ਆ ਸਕਦਾ ਹੈ।

ਊਰਜਾ ਹੜੱਪਣ ਵਾਲੀਆਂ, ਸ਼ੀਸ਼ੇ ਦੀਆਂ ਬਣੀਆਂ ਬਹੁ-ਮੰਜ਼ਿਲੀ ਇਮਾਰਤਾਂ, ਜੋ ਅੱਜ ਸਾਡੇ ਸ਼ਹਿਰਾਂ ਨੂੰ ਪਰਿਭਾਸ਼ਿਤ ਕਰਦੀਆਂ ਹਨ, ਅਸਲ ਵਿਚ ਇਹ ਸ਼ਹਿਰੀਕਰਨ ਦੇ ਨੁਕਸਦਾਰ ਮਾਡਲ ਦਾ ਨਤੀਜਾ ਹਨ। ਸ਼ਹਿਰਾਂ ਦੇ ਯੋਜਨਾਕਾਰ ਬਾਰ-ਬਾਰ ਪੁਰਾਣੇ ਸ਼ਹਿਰਾਂ ਵੱਲ ਵੇਖ ਰਹੇ ਹਨ ਜੋ ਸਦੀਆਂ ਜਿਉਂਦੇ ਰਹੇ ਅਤੇ ਅੱਜ ਵੀ ਪ੍ਰਫੁੱਲਿਤ ਹੋ ਰਹੇ ਹਨ। ਉਨ੍ਹਾਂ ਨੇ ਸੰਗਠਿਤ ਰੂਪ ਵਿਚ ਵਿਕਸਤ ਹੋਏ ਸ਼ਹਿਰਾਂ ਦੀਆਂ ਪੇਚੀਦਗੀਆਂ ਨੂੰ ਸਮਝਣ ਦੇ ਯਤਨ ਆਰੰਭ ਦਿਤੇ ਹਨ ਕਿ ਉਨ੍ਹਾਂ ਸ਼ਹਿਰਾਂ ਵਿਚ ਵਾਤਾਵਰਨ ਨੂੰ ਨੁਕਸਾਨ ਪਹੁੰਚਾਏ ਬਿਨਾਂ, ਲੋਕਾਂ ਨੂੰ ਆਸਰਾ, ਰੁਜ਼ਗਾਰ, ਨਿੱਘ ਅਤੇ ਅਪਣੱਤ ਕਿਵੇਂ ਪ੍ਰਾਪਤ ਹੁੰਦੀ ਸੀ। ਆਰਥਿਕ ਖ਼ੁਸ਼ਹਾਲੀ ਤੋਂ ਇਲਾਵਾ ਆਤਮਹੱਤਿਆਵਾਂ, ਕਤਲ, ਦੁਰਘਟਨਾਵਾਂ, ਹਿੰਸਕ ਜੁਰਮ, ਸੜਕ 'ਤੇ ਲੜਾਈ ਦੀਆਂ ਘਟਨਾਵਾਂ, ਸਾਹ ਅਤੇ ਦਿਲ ਦੀਆਂ ਬੀਮਾਰੀਆਂ, ਬੇਸਹਾਰਾ ਬਜ਼ੁਰਗ, ਬੇਘਰੇ ਅਤੇ ਫੁੱਟਪਾਥ 'ਤੇ ਰਹਿਣ ਵਾਲੇ, ਤਲਾਕਸ਼ੁਦਾ ਅਤੇ ਟੁੱਟੇ ਪਰਿਵਾਰਾਂ ਦੀ ਗਿਣਤੀ ਕਿਸੇ ਵੀ ਉੱਤਮ ਯੋਜਨਾਬੰਦੀ ਵਾਲੇ ਜਾਂ ਦੂਜੇ ਸਹਿਰਾਂ ਦੀ ਸਫਲਤਾ ਦੀ ਕਸਵੱਟੀ ਹੋਣਾ ਚਾਹੀਦਾ ਹੈ।

ਭਾਵੇਂ ਹਰੇ-ਭਰੇ ਸਹਿਰ ਹੋਣ ਜਾਂ ਵਧਦੇ ਸੰਗਠਿਤ ਸ਼ਹਿਰ, ਸਹਿਰੀ ਯੋਜਨਾਕਾਰਾਂ ਵਿਚ ਇਹ ਅਹਿਸਾਸ ਵਧਦਾ ਜਾ ਰਿਹਾ ਹੈ ਕਿ ਯੋਜਨਾ ਬਣਾਉਣ ਅਤੇ ਲਾਗੂ ਕਰਨ ਵਿਚ ਚੁੱਪ ਅਤੇ ਗੁੱਠੇ ਲੱਗੀ ਜਨਸੰਖਿਆ ਦੀ ਬਹੁਤਾਤ ਨੂੰ ਯੋਜਨਾਬੰਦੀ ਵਿਚ ਸ਼ਾਮਿਲ ਕਰਨਾ ਬਹੁਤ ਜ਼ਰੂਰੀ ਹੈ ਜੋ ਯੋਜਨਾਬੰਦੀ ਦਾ ਅਸਲ ਧੁਰਾ ਹਨ। ਸਹਿਰਾਂ ਵਿਚ ਗ਼ੈਰ-ਰਸਮੀ ਖੇਤਰਾਂ ਵਿਚ 75 ਪ੍ਰਤਿਸ਼ਤ ਕਾਮੇ ਕੰਮ 'ਤੇ ਲੱਗੇ ਹੋਏ ਹਨ। ਇਸ ਵੱਡੇ ਅਤੇ ਗਿਣਤੀ ਪੱਖੋਂ ਪ੍ਰਮੁੱਖ ਵਰਗ ਅਤੇ ਉਨ੍ਹਾਂ ਦੇ ਜੀਵਨ ਦੀਆਂ ਸਚਾਈਆਂ ਨੂੰ ਅਣਡਿੱਠ ਕਰਨ ਦਾ ਮਤਲਬ ਹੋਵੇਗਾ ਭਵਿੱਖੀ ਸਹਿਰਾਂ ਲਈ ਕੀਤੀ ਜਾਣ ਵਾਲੀ ਯੋਜਨਾਬੰਦੀ ਦੀ ਅਸਫਲਤਾ। ਸਾਨੂੰ ਇਹ ਮੰਨਣਾ ਪਵੇਗਾ ਕਿ ਜਿਹੜੀ ਵੀ ਝੁੱਗੀ-ਝੌਂਪੜੀ ਬਸਤੀ ਯੋਜਨਾਬਧ, ਗੇਟ ਲੱਗੇ ਹੋਏ ਸ਼ਹਿਰਾਂ ਦੀ ਬਾਹਰੀ ਸੀਮਾ 'ਤੇ ਹੋਂਦ ਵਿਚ ਆਉਂਦੀ ਹੈ, ਉਹ ਅਸਲ ਵਿਚ ਸ਼ਹਿਰ ਦੇ ਧਨਾਢਾਂ ਅਤੇ ਵਿਸ਼ਿਸ਼ਟ ਵਰਗ ਨੂੰ ਹਰ ਤਰ੍ਹਾਂ ਦੇ ਸਸਤੇ ਮਜ਼ਦੂਰ, ਨੌਕਰਾਣੀਆਂ, ਪਲੰਬਰ, ਬਿਜਲੀ ਦਾ ਕੰਮ ਕਰਨ ਵਾਲੇ ਅਤੇ ਸੁਰੱਖਿਆ ਗਾਰਡ ਮੁਹੱਈਆ ਕਰਵਾ ਕੇ ਉਨ੍ਹਾਂ ਦੇ ਸੁਖਾਲੇ ਰਹਿਣ ਸਹਿਣ ਵਿਚ ਸਹਾਇਕ ਹੁੰਦੀ ਹੈ। ਹਰੇਕ ਸ਼ਹਿਰ ਦੀਆਂ ਭੀਤਾਂ ਵਿਚ ਬਹੁਤ ਕੁਝ ਜਜ਼ਬ ਹੋਇਆ ਹੁੰਦਾ ਹੈ। ਦਮ ਘੋਟੂ ਵਾਤਾਵਰਨ, ਹੱਕ ਕੁਸ਼ੀ ਅਤੇ ਨਾਬਰਾਬਰੀ, ਦੋ ਸ਼ਹਿਰਾਂ ਦੀ ਕਹਾਣੀ ਬਹੁਤ ਹੀ ਭੈੜੀ ਹੈ ਅਤੇ ਬਦਲਨੀ ਚਾਹੀਦੀ ਹੈ। ਮਾੜੇ ਸਮਿਆਂ ਨੂੰ ਚੰਗੇ ਵਕਤ ਨੂੰ ਰਾਹ ਦੇਣਾ ਹੋਵੇਗਾ, ਕਿ ਕਿਤੇ ਬਹੁਤ ਦੇਰ ਨਾ ਹੋ ਜਾਵੇ। ਜਿੰਨੀ ਛੇਤੀ ਹੋ ਜਾਵੇ, ਉਨਾ ਹੀ ਵਧੀਆ ਹੈ।

**– ਮੁੱਖ ਸੰਪਾਦਕ**

# ਯੋਜਨਾ

**ਸਾਲ 30 • ਅੰਕ 2 • ਸਤੰਬਰ 2014 • ਕੁੱਲ ਪੰਨੇ 56**



ਮੁੱਖ ਸੰਪਾਦਕ

**ਰਾਜੇਸ਼ ਕੇ. ਝਾ**

ਸੰਪਾਦਕ

**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**

ਈਸਟ ਬਲਾਕ-4, ਲੈਵਲ-7
ਆਰ. ਕੇ. ਪੁਰਮ, ਨਵੀਂ ਦਿੱਲੀ-110066
ਫ਼ੋਨ ਤੇ ਫ਼ੈਕਸ : 011-26177591
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ)

**ਸੂਰੀਆਕਾਂਤ ਸ਼ਰਮਾ**

ਫ਼ੋਨ: 26100207
ਫੈਕਸ : 26175516
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਭਾਰਤ 'ਚ ਸ਼ਹਿਰੀ ਨੀਤੀਆਂ ਤੇ ਯੋਜਨਾਵਾਂ : ਪਿੱਛਲਝਾਤ ਤੇ ਸੰਭਾਵਨਾਵਾਂ – ਆਰ.ਬੀ. ਭਗਤ 2
- ਝੁੱਗੀ-ਝੌਂਪੜੀ ਮੁਕਤ ਭਾਰਤ ਲਈ ਇਕ ਪਰਿਪੇਖ – ਅਮਿਤਾਭ ਕੁੰਡੂ 7
- ਭਾਰਤੀ ਸ਼ਹਿਰਾਂ ਵਿਚ ਪੇਂਡੂਆਂ ਨੂੰ ਮੁਖ਼ਾਤਬ ਹੋਣਾ – ਨਰੇਂਦਰ ਪਾਨੀ 11
- ਸਮਾਰਟ ਸ਼ਹਿਰਾਂ ਦੀ ਯੋਜਨਾਬੰਦੀ : ਸ਼ੁਰੂ ਕਿਥੋਂ ਕਰੀਏ? – ਐੱਸ ਚੰਦਰਸ਼ੇਖਰ, – ਨਿਹਾਰਿਕਾ ਵੈਂਕਟੇਸ਼ 14
- ਭਾਰਤੀ ਸ਼ਹਿਰਾਂ ਲਈ ਜਾਰੀ ਰਹਿਣਯੋਗ ਵਿੱਤ-ਪ੍ਰਬੰਧਨ – ਆਨੰਦ ਸਹਸਰਾਨਮਨ – ਵਿਸ਼ਨੂੰ ਪ੍ਰਸਾਦ 17
- ਸ਼ਹਿਰੀਕਰਨ ਤੇ ਆਧਾਰਕ ਢਾਂਚੇ ਦਾ ਵਿਕਾਸ – ਪਰਵੀਨ ਸਲਦੀ 21
- ਸ਼ਹਿਰੀਕਰਨ ਦਾ ਵਧ ਰਿਹਾ ਰੁਝਾਨ – ਸੁਵਿਧਾ ਕੁਮਰਾ 24
- ਮਹਾਂਨਗਰਾਂ ਦੇ ਵਧਦੇ ਆਕਾਰ ਤੇ ਸਮੱਸਿਆਵਾਂ – ਜਸਵਿੰਦਰ ਕੌਰ ਬਿੰਦਰਾ 27
- ਗੰਗਾ ਦਰਿਆ ਵਿਚ ਵਾਤਾਵਰਨਿਕ ਪਾਣੀ ਦਾ ਵਹਾਅ ਯਕੀਨੀ ਬਣਾਉਣਾ – ਐੱਚ.ਐੱਸ ਸੇਨ – ਦਿਪਾਂਕਰ ਘੋਰਾਇ 29
- ਘੱਗਰ ਦਰਿਆ : ਪ੍ਰਦੂਸ਼ਨ ਤੇ ਸੰਭਾਵੀ ਉਪਾਅ – ਚਰਨਜੀਤ ਸਿੰਘ 'ਨਾਭਾ' 34
- ਕਾਲੀ ਵੇਈਂ ਦਾ ਪ੍ਰਵਾਹ : ਲੋਕਾਂ ਲਈ ਸੁਖ ਦਾ ਸਾਹ – ਹਰਬੰਸ ਸਿੰਘ ਚਾਹਲ 37
- ਸਿੱਖਿਅਕ ਸੰਸਥਾਵਾਂ 'ਚ ਵਾਤਾਵਰਨ ਸੁਧਾਰ ਦੀਆਂ ਸੰਭਾਵਨਾਵਾਂ – ਜਗਜੀਤ ਸਿੰਘ ਮਾਨ 39
- ਪੰਜਾਬ ਵਿਚ ਰਸਾਇਣਕ ਜ਼ਹਿਰਾਂ ਦਾ ਕਹਿਰ – ਜਤਿੰਦਰਪਾਲ ਸਿੰਘ 41
- ਪਦਾਰਥ ਪ੍ਰਕਾਸ਼ ਤੇ ਬ੍ਰਹਿਮੰਡ ਦੀ ਅਸਲੀਅਤ : ਨਿਊਟ੍ਰੀਨੋ ਕਣ – ਸਤਬੀਰ ਸਿੰਘ 43
- ਖ਼ਬਰਾਂ ਵਿਚੋਂ ਖ਼ਬਰਾਂ – 47
- ਕੀ ਤੁਸੀਂ ਜਾਣਦੇ ਹੋ? – 49
- ਸਿਹਤ ਪ੍ਰੋਗਰਾਮਾਂ ਨੂੰ ਲਾਗੂ ਕਰਨ ਸਮੇਂ ਦਿੱਕਤਾਂ – ਜਗਦੀਪ ਕੌਰ 50
- ਪੁਸਤਕ ਪੜਚੋਲ – ਸਰਬਜੀਤ ਕੌਰ 52



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ `100, 2 ਸਾਲ `180, 3 ਸਾਲ `250 – ਸਾਰਕ ਦੇਸ਼ਾਂ ਲਈ `530 ; ਯੂਰਪੀ ਤੇ ਹੋਰ ਦੇਸ਼ਾਂ ਲਈ `730. ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਭਾਰਤ 'ਚ ਸ਼ਹਿਰੀ ਨੀਤੀਆਂ ਤੇ ਯੋਜਨਾਵਾਂ : ਪਿੱਛਲਝਾਤ ਤੇ ਸੰਭਾਵਨਾਵਾਂ

ਆਰ.ਬੀ. ਭਗਤ

**ਜਾਣ-ਪਛਾਣ**

ਉਦਾਰਵਾਦ ਦੇ ਦੌਰ ਤੋਂ ਪਿਛੋਂ ਭਾਰਤ ਦੇ ਆਰਥਿਕ ਵਿਕਾਸ ਵਿਚ ਸ਼ਹਿਰੀ ਅਤੇ ਨਗਰਾਂ ਦੇ ਕੇਂਦਰਾਂ ਦੀ ਮਹੱਤਤਾ ਵਧਦੀ ਜਾ ਰਹੀ ਹੈ। ਉਦਾਹਰਣ ਲਈ, ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿਚ ਸ਼ਹਿਰੀ ਖੇਤਰਾਂ ਦਾ ਯੋਗਦਾਨ 1950-51 ਦੇ 29 ਪ੍ਰਤਿਸ਼ਤ ਦੇ ਮੁਕਾਬਲੇ 1980-81 ਵਿਚ 47 ਪ੍ਰਤਿਸ਼ਤ, 2007 ਵਿਚ 62-63 ਪ੍ਰਤਿਸ਼ਤ ਹੋ ਗਿਆ ਜਿਸ ਦੇ 2021 ਤਕ ਵਧ ਕੇ 75 ਪ੍ਰਤਿਸ਼ਤ ਹੋ ਜਾਣ ਦੀ ਆਸ ਹੈ (ਯੋਜਨਾ ਆਯੋਗ 2008:394)। ਇਸ ਗੱਲ 'ਤੇ ਵੀ ਜ਼ੋਰ ਦਿਤਾ ਜਾ ਰਿਹਾ ਹੈ ਕਿ ਕੁੱਲ ਘਰੇਲੂ ਉਤਪਾਦ ਵਿਚ 9 ਤੋਂ 10 ਪ੍ਰਤਿਸ਼ਤ ਵਿਕਾਸ ਬੁਨਿਆਦੀ ਤੌਰ ਤੇ ਭਾਰਤੀ ਸ਼ਹਿਰਾਂ ਨੂੰ ਹੋਰ ਵੱਧ ਰਹਿਣਯੋਗ ਅਤੇ ਸੰਮਿਲਤ ਬਣਾਉਣ 'ਤੇ ਨਿਰਭਰ ਕਰਦਾ ਹੈ (ਯੋਜਨਾ ਆਯੋਗ, ਭਾਰਤ ਸਰਕਾਰ, 2008:394)। ਸ਼ਹਿਰੀਕਰਨ ਦਾ ਇਕ ਅਹਿਮ ਲੱਛਣ, ਜੋ ਰਾਜਨੀਤੀ ਅਤੇ ਨੀਤੀਆਂ 'ਤੇ ਅਸਰਅੰਦਾਜ਼ ਹੁੰਦਾ ਹੈ, ਉਹ ਹੈ ਕਿ ਇਹ ਜਾਤ ਅਤੇ ਧਾਰਮਿਕ ਪਛਾਣ 'ਤੇ ਆਧਾਰਤ ਰਾਜਨੀਤਕ ਲਾਮਬੰਦੀ ਦੇ ਪੁਰਾਣੇ ਸਰੂਪ ਨੂੰ ਨਕਾਰਦਾ ਹੈ ਅਤੇ ਵਿਕਾਸ ਲਈ ਹੱਕ ਆਧਾਰਤ ਪਹੁੰਚ ਅਪਨਾ ਕੇ ਸਥਾਨਕ ਮੁੱਦਿਆਂ ਨੂੰ ਹੱਲ ਕਰਨ ਦੀ ਗੱਲ ਕਰਦਾ ਹੈ। ਇਸ ਲਈ, ਲੋਕਾਂ ਦੇ ਸਸ਼ਕਤੀਕਰਨ ਦਾ ਇਕ ਨਵਾਂ ਮੁਹਾਂਦਰਾ ਉੱਭਰ ਰਿਹਾ ਹੈ ਜਿਸ ਵਿਚ ਉਨ੍ਹਾਂ ਲਈ ਖ਼ਾਸ ਕਾਨੂੰਨ ਬਣਾ ਕੇ ਵਿਸ਼ੇਸ਼ ਹੱਕਦਾਰੀ ਯਕੀਨੀ ਬਣਾਈ ਗਈ ਹੈ। ਨਵੇਂ ਨੀਤੀਗਤ ਬਦਲਾਅ ਅਤੇ ਸ਼ਾਸਨ ਦੀਆਂ ਰਣਨੀਤੀਆਂ ਜ਼ਰੂਰੀ ਤੌਰ ਤੇ ਸਰੂਪ ਵਿਚ ਸ਼ਹਿਰਾਂ ਵਾਲੀਆਂ ਹਨ। ਪੇਂਡੂ ਅਤੇ ਸ਼ਹਿਰੀ ਪਾੜਾ ਵੀ ਮੌਲਿਕ ਪਛਾਣਾਂ ਨੂੰ ਬਣਾਈ ਰੱਖਣ ਵਿਚ ਨਾਕਾਮ ਹੋ ਰਿਹਾ ਹੈ ਕਿਉਂਕਿ ਪਿੰਡਾਂ ਦੀ ਜਨਤਾ ਆਰਥਿਕ ਅਤੇ ਸਮਾਜਿਕ ਸਰੋਤਾਂ ਤਕ ਪਹੁੰਚ ਲਈ ਬਰਾਬਰ ਚਿੰਤਤ ਹੈ ਅਤੇ ਉਹ ਆਪਣੀ ਹਾਲਤ ਲਈ ਸਰਕਾਰ ਨੂੰ ਜ਼ਿੰਮੇਵਾਰ ਮੰਨਦੇ ਹਨ।

***ਭਾਰਤ ਦੇ ਸ਼ਹਿਰੀ ਇਤਿਹਾਸ ਦਾ ਇਕ ਹੈਰਾਨ ਕਰਨ ਵਾਲਾ ਪੱਖ ਇਹ ਵੀ ਹੈ ਕਿ ਬਹੁਤੇ ਕਸਬੇ ਅਤੇ ਸ਼ਹਿਰ ਆਪਣੇ ਤੌਰ ਤੇ ਵਿਕਸਤ ਹੋਏ ਹਨ। ਨੀਤੀਆਂ ਅਤੇ ਯੋਜਨਾਵਾਂ ਨੇ ਕੁੱਝ ਹੱਦ ਤਕ ਵੱਡੇ ਸ਼ਹਿਰੀ ਕੇਂਦਰਾਂ 'ਤੇ ਅਸਰ ਪਾਇਆ, ਪਰ ਛੋਟੇ ਸ਼ਹਿਰ ਤੇ ਕਸਬੇ ਤੇ ਗ਼ੈਰ ਮਹਾਂਨਗਰੀ ਖੇਤਰ ਸ਼ਹਿਰੀ ਨੀਤੀਆਂ ਅਤੇ ਯੋਜਨਾਵਾਂ ਤੋਂ ਜ਼ਿਆਦਾਤਰ ਅਭਿੱਜ ਹੀ ਰਹੇ ਹਨ (ਸ਼ਾਅ 1996-224)। ਇਹ ਪਰਚਾ ਸ਼ਹਿਰੀ ਨੀਤੀ, ਯੋਜਨਾਬੰਦੀ ਤੇ ਵਿਉਂਤਾਂ 'ਤੇ ਇਹ ਸੰਖੇਪ ਝਾਤ ਪਾਉਂਦਾ ਤੇ ਅੱਗੇ ਵਧਣ ਦਾ ਮਾਰਗ ਸੁਝਾਉਂਦਾ ਹੈ।***

**ਪੰਜ ਸਾਲਾ ਯੋਜਨਾਵਾਂ ਵਿਚ ਸ਼ਹਿਰੀ ਵਿਉਂਤਾਂ ਅਤੇ ਯੋਜਨਾਬੰਦੀ**

ਪਹਿਲੀਆਂ ਦੋ ਪੰਜ ਸਾਲਾ ਯੋਜਨਾਵਾਂ ਦੇ ਸਮੇਂ ਦੌਰਾਨ ਵੱਖ-ਵੱਖ ਅਦਾਰੇ ਅਤੇ ਸੰਸਥਾਵਾਂ ਬਣਾਈਆਂ ਅਤੇ ਸਥਾਪਿਤ ਕੀਤੀਆਂ ਗਈਆਂ। ਉਦਾਹਰਣ ਵਜੋਂ, ਸਰਕਾਰ ਵਲੋਂ ਟਾਊਨ ਐਂਡ ਕੰਟਰੀ ਪਲਾਨਿੰਗ ਆਰਗੇਨਾਈਜੇਸ਼ਨ, ਨੈਸ਼ਨਲ ਬਿਲਡਿੰਗ ਆਰਗੇਨਾਈਜੇਸ਼ਨ ਅਤੇ ਦਿੱਲੀ ਵਿਕਾਸ ਅਥਾਰਿਟੀ ਦਾ ਇਸ ਸਮੇਂ ਦੌਰਾਨ ਗਠਨ ਕੀਤਾ ਗਿਆ। ਦਿੱਲੀ ਦਾ ਮਾਸਟਰ ਪਲਾਨ ਬਣਾਉਣ ਲਈ ਵੀ ਕੋਸ਼ਿਸ਼ਾਂ ਕੀਤੀਆਂ ਗਈਆਂ ਜੋ ਦੂਜੇ ਰਾਜਾਂ ਵਿਚ ਸ਼ਹਿਰੀ ਯੋਜਨਾਬੰਦੀ ਲਈ ਰਾਹਦਸੇਰਾ ਬਣਿਆ (ਸ਼ਾਅ 1996:225)। ਇਸ ਸਮੇਂ ਦੌਰਾਨ, ਰਾਜਾਂ ਨੂੰ ਟਾਊਨ ਐਂਡ ਕੰਟਰੀ ਪਲਾਨਿੰਗ ਸੰਬੰਧੀ ਕਾਨੂੰਨ ਲਾਗੂ ਕਰਨ ਦੀ ਸਲਾਹ ਦਿਤੀ ਗਈ ਤਾਂ ਜੋ ਸ਼ਹਿਰੀ ਜ਼ਮੀਨ ਦੇ ਬਿਹਤਰ ਪ੍ਰਬੰਧਨ ਲਈ ਮਾਸਟਰ ਪਲਾਨ ਬਣਾਏ ਜਾ ਸਕਣ (ਰਾਮਾਚੰਦਰਨ 1989:570)।

ਭਾਰਤ ਦੇ ਸ਼ਹਿਰੀ ਵਿਕਾਸ ਅਤੇ ਯੋਜਨਾਬੰਦੀ ਲਈ ਤੀਜੀ ਪੰਜ ਸਾਲਾ ਯੋਜਨਾ (1961-66) ਇਕ ਅਹਿਮ ਮੋੜ ਸਾਬਤ ਹੋਈ। ਇਸ ਵਿਚ ਸੰਤੁਲਿਤ ਖੇਤਰੀ ਵਿਕਾਸ ਮੁਤਾਬਕ ਸ਼ਹਿਰਾਂ ਅਤੇ ਕਸਬਿਆਂ ਦੀ ਮਹੱਤਤਾ ਨੂੰ ਸਵੀਕਾਰ ਕੀਤਾ ਗਿਆ ਅਤੇ ਸੁਝਾਅ ਦਿਤਾ ਗਿਆ ਕਿ ਸ਼ਹਿਰੀ ਯੋਜਨਾਬੰਦੀ ਲਈ ਖੇਤਰੀ ਪਹੁੰਚ ਅਪਣਾਈ ਜਾਵੇ। ਇਸ ਵਿਚ ਸ਼ਹਿਰੀ ਜ਼ਮੀਨ ਨੂੰ ਨਿਯਮਿਤ ਕਰਨ, ਸ਼ਹਿਰੀ ਜ਼ਮੀਨ ਦੀਆਂ ਕੀਮਤਾਂ 'ਤੇ ਕਾਬੂ ਰੱਖਣ ਅਤੇ ਵੱਡੇ ਸ਼ਹਿਰਾਂ ਲਈ ਮਾਸਟਰ ਪਲਾਨ ਬਣਾਉਣ 'ਤੇ ਜ਼ੋਰ ਦਿਤਾ ਗਿਆ। ਇਸ ਵਿਚ ਸਪੱਸ਼ਟ ਕੀਤਾ ਗਿਆ ਕਿ ਮਾਸਟਰ ਪਲਾਨ ਤਿਆਰ ਕਰਨਾ ਰਾਜਾਂ ਅਤੇ ਸਥਾਨਕ ਸਰਕਾਰਾਂ ਤੇ ਵਿਭਾਗਾਂ ਦੀ ਜ਼ਿੰਮੇਵਾਰੀ ਹੈ। ਇਸ ਲੋੜ ਨੂੰ ਵੀ ਸਮਝਿਆ ਗਿਆ ਕਿ ਜਿਥੋਂ ਤਕ ਹੋ ਸਕੇ ਵੱਡੇ ਉਦਯੋਗ ਵੱਡੇ ਸ਼ਹਿਰਾਂ ਅਤੇ ਭੀੜ ਵਾਲੇ ਇਲਾਕਿਆਂ ਤੋਂ ਦੂਰ ਸਥਾਪਿਤ ਕੀਤੇ ਜਾਣ ਅਤੇ ਨਿਗਮ ਪ੍ਰਬੰਧਨ ਨੂੰ ਮਜ਼ਬੂਤ ਕੀਤਾ ਜਾਵੇ (http://planningcommission.gov.in/plans/planrel/fiveyr/index6.html) ਇਸ ਸਮੇਂ ਦੌਰਾਨ ਬਹੁਤੇ ਰਾਜਾਂ ਨੇ ਬਰਤਾਨਵੀ ਟਾਊਨ ਪਲਾਨਿੰਗ ਦੇ ਨਮੂਨੇ ਅਤੇ ਪ੍ਰਥਾਵਾਂ ਦੀ ਤਰਜ਼ 'ਤੇ ਸ਼ਹਿਰੀ ਵਿਕਾਸ ਦੇ ਕਾਨੂੰਨ ਲਾਗੂ ਕੀਤੇ ਗਏ। ਅਸਲ ਵਿਚ, ਤੀਜੀ ਪੰਜ ਸਾਲਾ ਯੋਜਨਾ ਨੂੰ ਦੇਸ਼ ਵਿਚ ਸ਼ਹਿਰੀ ਨੀਤੀਆਂ ਤਿਆਰ ਕਰਨ ਵਿਚ ਬੇਹੱਦ ਅਹਿਮ ਮੰਨਿਆ ਜਾ ਸਕਦਾ ਹੈ (ਸ਼ਾਅ 1996:226)। ਚੌਥੀ ਪੰਜ ਸਾਲਾ ਯੋਜਨਾ (1969-74) ਦੌਰਾਨ ਵੀ ਤੀਜੀ ਯੋਜਨਾ ਦੇ ਖੇਤਰ ਅਤੇ

ਸ਼ਹਿਰੀ ਵਿਕਾਸ ਦੇ ਉਪਰਾਲਿਆਂ 'ਤੇ ਜ਼ੋਰ ਦਿਤਾ ਜਾਂਦਾ ਰਿਹਾ ਅਤੇ 72 ਸ਼ਹਿਰੀ ਕੇਂਦਰਾਂ ਵਾਸਤੇ ਵਿਕਾਸ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਦਿੱਲੀ, ਗ੍ਰੇਟਰ ਮੁੰਬਈ ਅਤੇ ਕੋਲਕਾਤਾ ਵਰਗੇ ਮਹਾਂਨਗਰੀ ਖੇਤਰਾਂ ਵਿਚ ਖੇਤਰੀ ਅਧਿਐਨ ਸ਼ੁਰੂ ਕੀਤੇ ਗਏ (http://planningcommission.nic.in/plans/planrel/fiveyr/4th/4planch19.html)।

***ਕੇਂਦਰ ਸਰਕਾਰ ਵਲੋਂ ਪ੍ਰਾਪਤ ਵਿਸ਼ੇਸ਼ ਅਨੁਦਾਨ ਦੀ ਮਦਦ ਨਾਲ ਰਾਜਾਂ ਦੀਆਂ ਨਵੀਆਂ ਰਾਜਧਾਨੀਆਂ, ਜਿਵੇਂ ਚੰਡੀਗੜ੍ਹ, ਗਾਂਧੀਨਗਰ, ਭੋਪਾਲ ਅਤੇ ਭੁਬਨੇਸ਼ਵਰ ਦੇ ਵਿਕਾਸ ਨੂੰ ਗਤੀ ਪ੍ਰਦਾਨ ਕੀਤੀ ਗਈ। ਇਸ ਵਿਚ ਸ਼ਹਿਰੀ ਕਾਨੂੰਨਾਂ ਨੂੰ ਸ਼ਹਿਰੀ ਵਿਕਾਸ ਦੇ ਰਸਤੇ ਵਿਚ ਰੁਕਾਵਟ ਬਣਨ ਵਾਲੇ ਕਾਨੂੰਨਾਂ ਦੀ ਸਮੀਖਿਆ ਕਰਨ ਦੀ ਸਲਾਹ ਦਿਤੀ ਗਈ। ਸ਼ਹਿਰੀ ਜ਼ਮੀਨ (ਹੱਦਬੰਦੀ ਅਤੇ ਵਿਨਿਯਮ) ਐਕਟ 1976 ਪੰਜਵੀਂ ਪੰਜ ਸਾਲਾ ਯੋਜਨਾ ਦੌਰਾਨ ਪਾਸ ਕੀਤਾ ਗਿਆ। ਇਸ ਵਿਚ ਰਾਜ ਸਰਕਾਰਾਂ ਨੂੰ ਮਹਾਂਨਗਰੀ ਯੋਜਨਾਬੰਦੀ ਖੇਤਰ ਬਣਾਉਣ ਦੀ ਵੀ ਸਲਾਹ ਦਿਤੀ ਗਈ ਤਾਂ ਜੋ ਸ਼ਹਿਰੀ ਪ੍ਰਬੰਧਨ ਸੀਮਾ ਤੋਂ ਬਾਹਰਲੇ ਵਿਕਸਤ ਹੋ ਰਹੇ ਖੇਤਰਾਂ ਵੱਲ ਵੀ ਧਿਆਨ ਦਿਤਾ ਜਾ ਸਕੇ।***

ਇਸ ਸਮੇਂ ਦੌਰਾਨ ਵਾਪਰੇ ਇਕ ਅਹਿਮ ਘਟਨਾਕ੍ਰਮ ਵਿਚ, ਮਹਾਂਰਾਸ਼ਟਰ ਸਰਕਾਰ ਨੇ ਮੁੰਬਈ ਮਹਾਂਨਗਰ ਵਿਕਾਸ ਐਕਟ, 1974 ਵਿਚ ਪਾਸ ਕਰ ਦਿਤਾ ਅਤੇ ਇਸ ਅਨੁਸਾਰ 26 ਜਨਵਰੀ, 1975 ਨੂੰ ਮੁੰਬਈ ਮਹਾਂਨਗਰ ਖੇਤਰੀ ਵਿਕਾਸ ਅਥਾਰਿਟੀ ਦੀ ਸਥਾਪਨਾ ਕੀਤੀ ਗਈ। ਇਸੇ ਸਮੇਂ ਦੌਰਾਨ ਹੀ ਸ਼ਹਿਰੀ ਸਥਾਨਕ ਸਭਾਵਾਂ, ਹਾਊਸਿੰਗ ਬੋਰਡ ਅਤੇ ਦੂਜੀਆਂ ਸੰਸਥਾਵਾਂ ਦੇ ਪ੍ਰਾਜੈਕਟਾਂ ਲਈ ਫ਼ੰਡ ਜੁਟਾਉਣ ਵਾਸਤੇ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਕਾਰਪੋਰੇਸ਼ਨ (ਹੁਡਕੋ) ਦਾ ਗਠਨ ਕੀਤਾ ਗਿਆ। ਚੌਥੀ ਪੰਜ ਸਾਲਾ ਯੋਜਨਾ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਸੀ ਕਿ ਮਹਾਂਨਗਰਾਂ ਅਤੇ ਇਤਿਹਾਸਕ ਮਹੱਤਵ ਵਾਲੇ ਸ਼ਹਿਰਾਂ ਲਈ ਖ਼ਾਸ ਵਿੱਤੀ ਤਵੱਜੋ ਦਿਤੀ ਗਈ ਜੋ ਪੰਜਵੀਂ ਪੰਜ ਸਾਲਾ ਯੋਜਨਾ (1974–79) ਦੌਰਾਨ ਵੀ ਜਾਰੀ ਰਹੀ। ਇਸ ਤਹਿਤ ਕੋਲਕਾਤਾ, ਮੁੰਬਈ ਅਤੇ ਚੇਨੱਈ ਵਾਸਤੇ 'ਸੰਗਠਿਤ ਸ਼ਹਿਰੀ ਵਿਕਾਸ ਯੋਜਨਾ' ਮੁਤਾਬਕ ਰਕਮਾਂ ਦੀ ਵੰਡਾਈ ਕੀਤੀ ਗਈ ਜਿਸ ਨੂੰ ਕੁਝ ਹੋਰ ਇਤਿਹਾਸਕ ਮਹੱਤਵ ਵਾਲੇ ਸ਼ਹਿਰਾਂ ਲਈ ਵੀ ਮੰਨਿਆ ਗਿਆ। (http://planning commi ssion.nic.in/plans/planrel/fiveyr/welcome. html) ਪੰਜਵੀਂ ਪੰਜ ਸਾਲਾ ਯੋਜਨਾ ਤਕ ਵੱਡੇ ਸ਼ਹਿਰਾਂ ਦੀ ਪ੍ਰਤੱਖ ਤਰਫ਼ਦਾਰੀ ਕੀਤੀ ਗਈ, ਹਾਲਾਂਕਿ ਸ਼ਹਿਰੀ ਅਤੇ ਉਦਯੋਗਿਕ ਵਿਕੇਂਦਰੀਕਰਨ ਦੀ ਬਿਆਨਬਾਜ਼ੀ ਯੋਜਨਾ ਦਰ ਯੋਜਨਾ ਦੁਹਰਾਈ ਜਾਂਦੀ ਰਹੀ (ਸ਼ਾਅ 1996:227)।

ਛੇਵੀਂ ਪੰਜ ਸਾਲਾ ਯੋਜਨਾ ਵਿਚ ਛੋਟੇ ਅਤੇ ਦਰਮਿਆਨੇ ਆਕਾਰ (1 ਲੱਖ ਤੋਂ ਘੱਟ ਆਬਾਦੀ) ਵਾਲੇ ਕਸਬੇ ਵਿਕਸਤ ਕਰਨ ਦੀ ਲੋੜ 'ਤੇ ਜ਼ੋਰ ਦਿਤਾ ਗਿਆ। ਛੋਟੇ ਅਤੇ ਦਰਮਿਆਨੇ ਕਸਬਿਆਂ ਦੇ ਵਿਕਾਸ ਦੀ ਸੰਗਠਿਤ ਯੋਜਨਾ (ਆਈ ਐੱਸ ਡੀ ਐੱਮ ਟੀ) ਕੇਂਦਰ ਸਰਕਾਰ ਵਲੋਂ 1979 ਵਿਚ ਜਾਰੀ ਕੀਤੀ ਗਈ। ਆਈ ਐੱਸ ਡੀ ਐੱਮ ਟੀ ਯੋਜਨਾ ਲਈ 96 ਕਰੋੜ ਰੁਪਏ ਦੀ ਨਿਗੂਣੀ ਜਿਹੀ ਰਾਸ਼ੀ ਦਿਤੀ ਗਈ ਜਿਸ ਨਾਲ ਛੋਟੇ ਅਤੇ ਦਰਮਿਆਨੇ ਲਗਭਗ 200 ਕਸਬਿਆਂ ਨੂੰ ਫ਼ਾਇਦਾ ਪਹੁੰਚਾਉਣ ਦਾ ਟੀਚਾ ਮਿਥਿਆ ਗਿਆ (http://planning commission. gov. in/plans/planrel/fiveyr/index6. html)।

ਸੱਤਵੀਂ ਪੰਜ ਸਾਲਾ ਯੋਜਨਾ ਸਮੇਂ ਕੁਝ ਮਹੱਤਵਪੂਰਨ ਸੰਸਥਾਗਤ ਘਟਨਾਕ੍ਰਮ ਹੋਏ ਜਿਨ੍ਹਾਂ ਨੇ ਭਾਰਤ ਵਿਚ ਸ਼ਹਿਰੀ ਵਿਕਾਸ ਨੀਤੀ ਅਤੇ ਯੋਜਨਾਬੰਦੀ ਨੂੰ ਇਕ ਦਿਸ਼ਾ ਦਿਖਾਈ। ਸ਼ਹਿਰੀਕਰਨ ਬਾਰੇ ਬਣੇ ਰਾਸ਼ਟਰੀ ਆਯੋਗ ਨੇ ਅਗਸਤ 1988 ਵਿਚ ਆਪਣੀ ਰਿਪੋਰਟ ਪੇਸ਼ ਕੀਤੀ ਅਤੇ 65ਵੀਂ ਸੰਵਿਧਾਨਕ ਸੋਧ ਦੇ ਨਾਮ ਨਾਲ ਜਾਣਿਆ ਜਾਂਦਾ ਬਿਲ 1989 ਵਿਚ ਲੋਕ ਸਭਾ ਵਿਚ ਪੇਸ਼ ਕੀਤਾ ਗਿਆ ਜਿਸ ਵਿਚ ਆਯੋਗ ਦੀਆਂ ਸਿਫ਼ਾਰਸ਼ਾਂ ਨੂੰ ਸ਼ਾਮਿਲ ਕੀਤਾ ਗਿਆ ਸੀ। ਇਹ ਬਿਲ ਸਥਾਨਕ ਸਰਕਾਰੀ ਸਭਾਵਾਂ ਨੂੰ ਸੰਵਿਧਾਨਿਕ ਰੁਤਬਾ ਦੇਣ ਵੱਲ ਪਹਿਲੀ ਕੋਸ਼ਿਸ਼ ਸੀ ਜਿਸ ਦਾ ਉਦੇਸ਼ ਤਿੰਨ ਪੜਾਵੀ ਢਾਂਚਾ ਹੋਂਦ ਵਿਚ ਲਿਆਉਣਾ ਸੀ ਜਿਸ ਵਿਚ ਸਿਖਰ 'ਤੇ ਕੇਂਦਰ, ਵਿਚਕਾਰਲੇ ਪੱਧਰ 'ਤੇ ਰਾਜ ਸਰਕਾਰਾਂ ਅਤੇ ਹੇਠਾਂ ਸਥਾਨਕ ਸਭਾਵਾਂ ਸਨ। ਪਰ ਇਹ ਬਿਲ ਰਾਜ ਸਭਾ ਵਿਚ ਪਾਸ ਨਹੀਂ ਹੋ ਸਕਿਆ ਕਿਉਂਕਿ ਇਸ ਨੂੰ ਰਾਜਾਂ ਦੀ ਖ਼ੁਦਮੁਖਤਿਆਰੀ ਵਿਚ ਦਖ਼ਲ ਮੰਨਿਆ ਗਿਆ। ਇਸ ਬਿਲ ਨੂੰ ਸੰਵਿਧਾਨ ਦੀ 74ਵੀਂ ਸੋਧ ਦੇ ਰੂਪ ਵਿਚ, ਕੁਝ ਤਬਦੀਲੀਆਂ ਨਾਲ 1992 ਵਿਚ ਪੇਸ਼ ਕੀਤਾ ਗਿਆ ਜੋ ਸੰਸਦ ਦੇ ਦੋਹਾਂ ਸਦਨਾਂ ਵਲੋਂ ਪਾਸ ਹੋ ਕੇ ਮਾਰਚ 1993 ਵਿਚ ਕਾਨੂੰਨ ਦੇ ਰੂਪ ਵਿਚ ਲਾਗੂ ਹੋ ਗਿਆ।

ਅੱਠਵੀਂ ਯੋਜਨਾ ਦੌਰਾਨ ਵਿਸ਼ਾਲ ਸ਼ਹਿਰਾਂ ਦੀ ਯੋਜਨਾ 1993–94 ਵਿਚ ਸ਼ੁਰੂ ਕੀਤੀ ਗਈ ਜਿਸ ਵਿਚ ਪੰਜ ਮਹਾਂਨਗਰਾਂ, ਮੁੰਬਈ, ਕੋਲਕਾਤਾ, ਚੇਨੱਈ, ਬੰਗਲੌਰ ਅਤੇ ਹੈਦਰਾਬਾਦ ਆਉਂਦੇ ਸਨ। ਆਈ ਐੱਸ ਡੀ ਐੱਮ ਟੀ ਸਕੀਮ ਵੀ ਇਸ ਦੀਆਂ ਬੁਨਿਆਦੀ ਢਾਂਚੇ ਦੇ ਵਿਕਾਸ ਯੋਜਨਾਵਾਂ ਦੀਆਂ ਸਰਗਰਮੀਆਂ ਵਿਚ ਸੁਧਾਰ ਲਿਆਉਣ ਲਈ, ਤਾਲਮੇਲ ਦੀ ਜ਼ਰੂਰਤ ਹੈ ਤਾਂ ਕਿ ਵੱਡੇ ਸ਼ਹਿਰਾਂ ਤੋਂ ਛੋਟੇ ਸ਼ਹਿਰਾਂ ਵੱਲ ਪ੍ਰਵਾਸ ਵਧਾਉਣ ਲਈ ਰੁਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦੀ ਭੂਮਿਕਾ ਪੇਂਡੂ ਅੰਦਰੂਨੀ ਖੇਤਰਾਂ ਵਿਚ ਸੁਧਾਰ ਕਰਨ ਲਈ ਵਿਕਸਤ ਹੋ ਰਹੇ ਵਿਕਾਸ ਕੇਂਦਰਾਂ ਵਾਲਾ ਚਿਤਵਿਆ ਗਿਆ ਸੀ। ਵੱਡੇ ਸ਼ਹਿਰਾਂ ਦੇ ਮਾਸਟਰ ਪਲਾਨ ਵਾਂਗ ਹੀ ਇਹ ਸੁਝਾਅ ਦਿਤਾ ਗਿਆ ਕਿ ਖੇਤਰੀ ਯੋਜਨਾ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਲਈ ਵੀ ਕਾਰਗਰ ਹੋ ਸਕਦੀ ਹੈ। ਇਹ ਵੀ ਦੇਖਿਆ ਗਿਆ ਕਿ ਪੈਸੇ ਦੀ ਘਾਟ ਰੁਕਾਵਟ ਪੈਦਾ ਕਰਦੀ ਹੈ ਅਤੇ ਪੈਸੇ ਦੇ ਸਰੋਤਾਂ ਦੀ, ਬਜਟ ਅਤੇ ਸੰਸਥਾਗਤ ਪ੍ਰਾਵਧਾਨਾਂ ਤੋਂ ਇਲਾਵਾ, ਭਾਲ ਕੀਤੀ ਜਾਣੀ ਚਾਹੀਦੀ ਹੈ। ((http://planningcommission.nic.in/plans/planrel/fiveyr/8th/vol2/8v2ch13.htm)।

ਨੌਵੀਂ ਯੋਜਨਾ (1997–2002) ਵਿਚ ਇਹ ਮੁੱਦਾ ਸਾਹਮਣੇ ਆਇਆ ਕਿ ਸ਼ਹਿਰੀ ਵਿਕਾਸ ਯੋਜਨਾਵਾਂ ਦੀਆਂ ਵੱਖ-ਵੱਖ ਏਜੰਸੀਆਂ ਵਿਚਾਲੇ ਤਾਲਮੇਲ ਪੈਦਾ ਕਰਨ ਲਈ ਰਾਜ ਪੱਧਰੀ ਸ਼ਹਿਰੀਕਰਨ ਰਣਨੀਤੀ ਉਲੀਕੀ ਜਾਵੇ। ਭਾਵੇਂ ਕਿ ਅੱਠਵੀਂ ਯੋਜਨਾ ਦੀਆਂ ਜ਼ਿਆਦਾਤਰ ਯੋਜਨਾਵਾਂ ਨੌਵੀਂ ਯੋਜਨਾ ਵਿਚ ਜਾਰੀ ਰਹੀਆਂ, ਜ਼ਿਆਦਾ ਜ਼ੋਰ ਸ਼ਹਿਰੀ ਸਥਾਨਕ ਸਭਾਵਾਂ ਦੇ ਵਿਕੇਂਦਰੀਕਰਨ ਤੇ ਵਿੱਤੀ ਖ਼ੁਦਮੁਖਤਿਆਰੀ 'ਤੇ ਦਿਤਾ ਗਿਆ ਤਾਂ ਜੋ ਬਾਜ਼ਾਰ ਆਧਾਰਤ ਦਖ਼ਲ ਸਦਕਾ ਮੁਕਾਬਲੇਬਾਜ਼ੀ

ਅਤੇ ਨਿਪੁੰਨਤਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਪਹਿਲੀਆਂ ਯੋਜਨਾਵਾਂ ਜਿਵੇਂ ਐੱਨ ਆਰ ਆਈ, ਯੂ ਬੀ ਐੱਸ ਪੀ ਅਤੇ ਪੀ ਐੱਮ ਆਈ ਯੂ ਪੀ ਈ ਪੀ ਨੂੰ ਮਿਲਾ ਦਿਤਾ ਗਿਆ ਤਾਂ ਕਿ ਸਵਰਨ ਜਯੰਤੀ ਸ਼ਹਿਰੀ ਰੁਜ਼ਗਾਰ ਯੋਜਨਾ (ਐੱਸ ਜੇ ਐੱਸ ਆਰ ਵਾਈ) ਨਾਮ ਦੀ ਯੋਜਨਾ 1 ਦਸੰਬਰ 1997 ਤੋਂ ਸ਼ੁਰੂ ਕੀਤੀ ਜਾ ਸਕੇ; ਇਸ ਯੋਜਨਾ ਦੀਆਂ ਦੋ ਉਪ-ਯੋਜਨਾਵਾਂ ਹਨ (1) ਸ਼ਹਿਰੀ ਸਵੈ-ਰੁਜ਼ਗਾਰ ਯੋਜਨਾ ਅਤੇ (2) ਸ਼ਹਿਰੀ ਮਜ਼ਦੂਰੀ ਰੁਜ਼ਗਾਰ ਯੋਜਨਾ। ਮੌਜੂਦਾ ਐੱਨ ਆਰ ਵਾਈ ਅਤੇ ਪੀ ਐੱਮ ਆਈ ਯੂ ਵੀ ਈ ਪੀ ਯੋਜਨਾਵਾਂ ਦੇ ਸਵੈ-ਰੁਜ਼ਗਾਰ ਅਤੇ ਮਜ਼ਦੂਰੀ ਰੁਜ਼ਗਾਰ ਹਿੱਸਿਆਂ ਦਾ ਇਸ ਇਕਹਿਰੀ ਯੋਜਨਾ ਤਹਿਤ ਮੁੜ-ਗਠਨ ਕੀਤਾ ਗਿਆ ਹੈ। ਹੋਰ, ਐੱਨ ਆਰ ਵਾਈ ਅਤੇ ਪੀ ਐੱਮ ਆਈ ਯੂ ਵੀ ਈ ਪੀ ਦੀ ਆਸਰਾ ਸੁਧਾਰ ਵਾਲੇ ਹਿੱਸਿਆਂ ਨੂੰ ਇਕ ਕਰਕੇ ਰਾਸ਼ਟਰੀ ਝੁੱਗੀ-ਝੌਂਪੜੀ ਵਿਕਾਸ ਪ੍ਰੋਗਰਾਮ ਨਾਮ ਦੀ ਨਵੀਂ ਯੋਜਨਾ 1997 ਵਿਚ ਲਾਗੂ ਕੀਤੀ ਗਈ (http://planningcommission.nic.in/plans/planrel/fiveyr/9th/vol2/v2c2-2.htm)। ਪਰ ਇਹ ਯੋਜਨਾ 2005-06 ਦੇ ਵਿੱਤੀ ਸਾਲ ਤੋਂ ਬੰਦ ਕਰ ਦਿਤੀ ਗਈ ਹੈ। ਇਹ ਵਿਚਾਰ ਕਰਨਾ ਵੀ ਬਹੁਤ ਦੁਖਦਾਈ ਹੈ ਕਿ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਲਈ ਬਹੁਤ ਘੱਟ ਪੈਸਾ ਦਿਤਾ ਗਿਆ। ਮਿਸਾਲ ਦੇ ਤੌਰ ਤੇ, ਆਈ ਡੀ ਐੱਸ ਐੱਮ ਟੀ ਯੋਜਨਾ ਤਹਿਤ ਅੱਠਵੀਂ ਯੋਜਨਾ ਦੇ ਆਖ਼ਰ ਤਕ 904 ਸ਼ਹਿਰ ਅਤੇ ਕਸਬੇ ਆਉਂਦੇ ਸਨ ਅਤੇ ਇਸ ਵਾਸਤੇ ਕੇਂਦਰ ਵਲੋਂ ਜਾਰੀ ਕੀਤੀ ਗਈ ਸਹਾਇਤਾ ਰਾਸ਼ੀ ਸਿਰਫ਼ 283.96 ਕਰੋੜ ਰੁਪਏ ਸੀ। (http://planningcommission.nic.in/plans/planrel/fiveyr/9th/vol2/v2c2-2.htm)। 2001 ਦੀ ਮਰਦਮਸ਼ੁਮਾਰੀ ਮੁਤਾਬਕ 4500 ਅਜਿਹੇ ਸ਼ਹਿਰੀ ਕੇਂਦਰ ਸਨ ਜਿਨ੍ਹਾਂ ਨੂੰ ਛੋਟੇ ਅਤੇ ਦਰਮਿਆਨੇ ਸ਼ਹਿਰਾਂ (3 ਲੱਖ ਤੋਂ ਘੱਟ) ਵਾਲੀ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਜਾ ਸਕਦਾ ਸੀ। ਪਰ ਰਕਮ ਨਾ ਸਿਰਫ਼ ਬੇਹੱਦ ਘੱਟ ਸੀ ਸਗੋਂ ਇਸ ਸ਼੍ਰੇਣੀ ਵਿਚ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦੇ ਸਿਰਫ਼ ਪੰਜਵੇਂ ਹਿੱਸੇ ਨੂੰ ਸ਼ਾਮਿਲ ਕੀਤਾ ਗਿਆ। ਅਜਿਹੇ ਹਾਲਾਤ ਵਿਚ ਇਨ੍ਹਾਂ ਸ਼ਹਿਰਾਂ ਲਈ ਵਿਕਾਸ ਕੇਂਦਰ ਵਜੋਂ ਕੰਮ ਕਰਨਾ, ਸ਼ਹਿਰੀਕਰਨ ਨੂੰ ਉਤਸ਼ਾਹ ਦੇਣਾ ਅਤੇ ਦੇਸ਼ ਵਿਚ ਖੇਤਰੀ ਵਿਕਾਸ ਨੂੰ ਉਤਸ਼ਾਹਿਤ ਕਰਨਾ ਸੰਭਵ ਨਹੀਂ ਹੈ।

ਦਸਵੀਂ ਪੰਜ ਸਾਲਾ ਯੋਜਨਾ (2002-2007) ਵਿਚ ਇਸ ਨੂੰ ਸਵੀਕਾਰਿਆ ਗਿਆ ਕਿ ਸ਼ਹਿਰੀਕਰਨ ਨੇ 1980ਵਿਆਂ ਅਤੇ 1990ਵਿਆਂ ਵਿਚ ਆਰਥਿਕ ਉਦਾਰੀਕਰਨ ਦੇ ਚਲਦਿਆਂ ਆਰਥਿਕ ਵਿਕਾਸ ਨੂੰ ਗਤੀ ਦੇਣ ਵਿਚ ਅਹਿਮ ਭੂਮਿਕਾ ਨਿਭਾਈ। ਇਹ ਵੀ ਦੇਖਿਆ ਗਿਆ ਕਿ ਪੰਜ ਚੋਣਵੇਂ ਸ਼ਹਿਰਾਂ ਲਈ ਮੈਗਾ ਸਿਟੀ ਪ੍ਰਾਜੈਕਟ, ਛੋਟੇ ਅਤੇ ਦਰਮਿਆਨੇ ਸ਼ਹਿਰਾਂ ਲਈ ਸੰਗਠਿਤ ਵਿਕਾਸ ਯੋਜਨਾ (ਆਈ ਡੀ ਐੱਸ ਐੱਮ ਟੀ) ਅਤੇ ਗਤੀਸ਼ੀਲ ਸ਼ਹਿਰੀ ਪਾਣੀ ਪੂਰਤੀ ਯੋਜਨਾ ਵਿਚ ਸੀਮਤ ਸਫਲਤਾ ਹੀ ਹੱਥ ਲੱਗੀ ਹੈ। ਇਹ ਵੀ ਦੇਖਿਆ ਗਿਆ ਕਿ ਇਨ੍ਹਾਂ ਯੋਜਨਾਵਾਂ ਤਹਿਤ ਖੇਤਰ ਅਤੇ ਬੀਤੇ ਵਿਚ ਕੇਂਦਰੀ ਸਹਾਇਤਾ ਨਾ ਸਿਰਫ਼ ਅਸਾਵੀਆਂ ਸਗੋਂ ਨਾਕਾਫ਼ੀ ਰਹੀਆਂ। ਜਿਸ ਦਾ ਕਾਰਨ ਪ੍ਰਕਿਰਿਆ ਸੰਬੰਧੀ ਮੁੱਦੇ ਅਤੇ ਸੀਮਤ ਬਜਟ ਵੰਡ ਸੀ। ਬੁਨਿਆਦੀ ਢਾਂਚੇ ਦੇ ਵਿਕਾਸ ਲਈ ਮੌਜੂਦਾ ਸਕੀਮਾਂ ਜਿਵੇਂ ਕਿ ਆਈ ਡੀ ਐੱਸ ਐੱਮ ਟੀ ਅਤੇ ਮੈਗਾ-ਸਿਟੀ ਪ੍ਰਾਜੈਕਟ, ਕੇਂਦਰੀ ਸਹਾਇਤਾ ਦੀ ਅਣਹੋਂਦ ਕਰਕੇ, ਕਾਫ਼ੀ ਸਾਰੇ ਸ਼ਹਿਰ ਆਪਣੇ ਦਾਇਰੇ ਵਿਚ ਸ਼ਾਮਿਲ ਕਰਨ ਤੋਂ ਅਸਮਰਥ ਹਨ। ਦਸਵੀਂ ਯੋਜਨਾ ਵਿਚ ਇਹ ਵੀ ਦੇਖਿਆ ਗਿਆ ਕਿ ਐੱਨ ਐੱਸ ਡੀ ਪੀ ਦੀ ਕਾਰਗੁਜ਼ਾਰੀ ਵੀ ਤਸੱਲੀਬਖ਼ਸ਼ ਨਹੀਂ ਰਹੀ ਜਿਸ ਦਾ ਮੁੱਖ ਕਾਰਨ ਰਾਜ ਪੱਧਰ 'ਤੇ ਇਸ ਯੋਜਨਾ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਰਾਸ਼ੀ ਨਾ ਜਾਰੀ ਹੋਣਾ ਹੈ। 2001-02 ਵਿਚ ਵਾਲਮੀਕੀ-ਅੰਬੇਡਕਰ ਆਵਾਸ ਯੋਜਨਾ ਦਾ ਆਰੰਭ ਕੀਤਾ ਗਿਆ ਤਾਂ ਕਿ ਰੈਣ ਬਸੇਰੇ ਬਣਾਏ ਜਾਣ ਅਤੇ ਮੌਜੂਦਾ ਰੈਣ ਬਸੇਰਿਆਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਲਈ ਹੋਰ ਠੀਕ ਕੀਤਾ ਜਾ ਸਕੇ। ਸ਼ਹਿਰ ਦੇ ਆਕਾਰ 'ਤੇ ਆਧਾਰਤ ਹਰੇਕ ਇਕਾਈ ਲਈ 20 ਤੋਂ 30 ਹਜ਼ਾਰ ਦਰਮਿਆਨ ਸਬਸਿਡੀ ਵੀ ਮੁਹੱਈਆ ਕਰਵਾਈ ਗਈ। ਇਸ ਤੱਥ ਨੂੰ ਵੀ ਸਵੀਕਾਰ ਕੀਤਾ ਗਿਆ ਕਿ ਰਾਜ ਭਰ ਵਿਚ ਕੰਮ ਕਰ ਰਹੀਆ ਏਜੰਸੀਆਂ ਅਤੇ ਸਭਾਵਾਂ, ਜਿਵੇਂ ਕਿ ਵਿਕਾਸ ਪ੍ਰਾਧੀਕਰਨ, ਨੂੰ ਸ਼ਹਿਰੀ ਸਥਾਨਕ ਸਭਾਵਾਂ ਨਾਲ ਮਿਲਾ ਕੇ ਇਕ ਉਸਾਰੂ ਭੂਮਿਕਾ ਨਿਭਾਉਣ ਦੀ ਲੋੜ ਹੈ ਬਜਾਇ ਕਿ ਉਨ੍ਹਾਂ ਕੰਮਾਂ ਨੂੰ ਆਪਣੇ ਹੱਥ ਵਿਚ ਲੈਣਾ ਜੋ ਸ਼ਹਿਰੀ ਸਥਾਨਕ ਸਭਾਵਾਂ ਦੇ ਅਖ਼ਤਿਆਰ ਵਿਚ ਆਉਂਦੇ ਹਨ। ਕੁੱਲ ਮਿਲਾ ਕੇ, ਦਸਵੀਂ ਯੋਜਨਾ ਵਿਚ ਜ਼ੋਰ ਦਿਤਾ ਗਿਆ ਕਿ ਲੋਕਤੰਤਰਿਕ ਢਾਂਚੇ ਨੂੰ ਮਜ਼ਬੂਤ ਕੀਤੇ ਬਿਨਾਂ ਅਤੇ ਸ਼ਹਿਰੀ ਸਥਾਨਕ ਸਭਾਵਾਂ ਦੇ ਸੰਸਥਾਗਤ ਨਿਰਮਾਣ ਦੀ ਅਣਹੋਂਦ ਵਿਚ ਸ਼ਹਿਰੀ ਵਿਕਾਸ ਦਾ ਟੀਚਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ (http://planning commission.nic.in/plans/planrel/fiveyr/10th/volume2/v2_ch6_1.pdf)

ਗਿਆਰ੍ਹਵੀਂ ਪੰਜ ਸਾਲਾ ਯੋਜਨਾ (2007-12) ਸਮੇਂ ਸ਼ਹਿਰੀ ਨੀਤੀ ਅਤੇ ਯੋਜਨਾਵਾਂ ਵਿਚ ਕੁਝ ਨਵੇਂ ਪਰਿਵਰਤਨ ਕੀਤੇ ਗਏ। ਸ਼ਹਿਰੀ ਵਿਕਾਸ ਦੀਆਂ ਪ੍ਰਮੁੱਖ ਰਣਨੀਤੀਆਂ ਹੇਠ ਲਿਖੇ ਅਨੁਸਾਰ ਹਨ :

- ਸਮਰਥਾ ਨਿਰਮਾਣ ਅਤੇ ਬੇਹਤਰ ਵਿਤੀ ਪ੍ਰਬੰਧਨ ਦੁਆਰਾ ਸ਼ਹਿਰੀ ਸਥਾਨਕ ਸਭਾਵਾਂ ਨੂੰ ਮਜ਼ਬੂਤ ਕਰਨਾ।
- ਨਿਯਮਨ ਹਟਾ ਕੇ ਅਤੇ ਜ਼ਮੀਨ ਦਾ ਵਿਕਾਸ ਕਰਕੇ ਸ਼ਹਿਰਾਂ ਦੀ ਨਿਪੁੰਨਤਾ ਅਤੇ ਉਤਪਾਦਕਤਾ ਨੂੰ ਵਧਾਉਣਾ।
- ਸ਼ਹਿਰੀ ਬੁਨਿਆਦੀ ਢਾਂਚੇ ਦੇ ਮਾਮਲੇ ਵਿਚ ਜਨਤਕ ਖੇਤਰ ਦੀ ਇਜ਼ਾਰੇਦਾਰੀ ਖਤਮ ਕਰਨਾ ਅਤੇ ਜਨਤਕ ਖੇਤਰ ਦੇ ਨਿਵੇਸ਼ ਲਈ ਅਨੁਕੂਲ ਮਾਹੌਲ ਸਿਰਜਣਾ।
- ਖ਼ੁਦਮੁਖਤਿਆਰ ਨਿਯਮਕ ਢਾਂਚਾ ਬਣਾਉਣਾ ਤਾਂ ਕਿ ਜਨਤਕ ਅਤੇ ਨਿੱਜੀ ਖੇਤਰ ਦੇ ਕੰਮ 'ਤੇ ਨਜ਼ਰ ਰੱਖੀ ਜਾ ਸਕੇ।
- ਗਰੀਬੀ ਘੱਟ ਕਰਨਾ।
- ਤਕਨੀਕ ਅਤੇ ਖੋਜ ਦਾ ਵੱਧ ਤੋਂ ਵੱਧ ਇਸਤੇਮਾਲ ਕਰਨਾ।

ਸ਼ਹਿਰੀ ਵਿਕਾਸ ਰਣਨੀਤੀਆਂ ਦੇ ਪੁਨਰ ਜਾਗਰਣ ਲਈ ਕੇਂਦਰ ਸਰਕਾਰ ਵਲੋਂ ਦਸੰਬਰ 2005 ਵਿਚ ਜਵਾਹਰਲਾਲ ਨਹਿਰੂ ਅਰਬਨ ਰਿਨਿਊਲ ਮਿਸ਼ਨ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਜਿਸ ਦਾ ਮੁੱਖ ਉਦੇਸ਼ ਸ਼ੁਰੂਆਤ ਵਿਚ 63 ਸ਼ਹਿਰਾਂ ਵਿਚ ਸ਼ਹਿਰੀ ਬੁਨਿਆਦੀ ਢਾਂਚਾ ਅਤੇ ਸੇਵਾਵਾਂ ਦੇ ਸਮੁੱਚੇ ਵਿਕਾਸ ਲਈ ਧਿਆਨ ਕੇਂਦਰਰਿਤ ਕਰਨਾ ਸੀ। ਇਸ ਦਾ ਮੁੱਖ ਜ਼ੋਰ ਸ਼ਹਿਰੀ ਗਰੀਬ ਵਸੋਂ ਨੂੰ ਬੁਨਿਆਦੀ ਸਹੂਲਤਾਂ ਜਿਵੇਂ ਘਰ, ਪਾਣੀ, ਸਾਫ਼ ਸਫ਼ਾਈ, ਸੜਕਾਂ, ਸ਼ਹਿਰੀ ਆਵਾਜਾਈ, ਅੰਦਰਲੇ/ਪੁਰਾਣੇ ਸ਼ਹਿਰ ਦਾ ਵਿਕਾਸ ਕਰਵਾਉਣ 'ਤੇ ਸੀ। ਪਹਿਲੀਆਂ ਯੋਜਨਾਵਾਂ ਜਿਵੇਂ ਮੈਗਾ-ਸਿਟੀ, ਆਈ ਡੀ ਐੱਸ ਐੱਮ ਟੀ,

ਐੱਨ ਐੱਸ ਡੀ ਪੀ ਅਤੇ ਵੀ ਏ ਐੱਮ ਬੀ ਏ ਵਾਈ ਇਸ ਵਿਚ ਮਿਲਾ ਦਿਤੇ ਗਏ।

ਜੇ ਐੱਨ ਐੱਨ ਯੂ ਆਰ ਐੱਮ ਮੁੱਖ ਤੌਰ ਤੇ ਦੋ ਵੱਡੇ ਭਾਗਾਂ ਵਿਚ ਵੰਡਿਆ ਹੋਇਆ ਹੈ : (1) ਸ਼ਹਿਰੀ ਬੁਨਿਆਦੀ ਢਾਂਚਾ ਅਤੇ ਸਾਧਨ ਲਈ ਉੱਪ-ਮਿਸ਼ਨ (ਯੂ ਆਈ ਜੀ) (2) 63 ਮਿਸ਼ਨ ਤਹਿਤ ਆਉਂਦੇ ਸ਼ਹਿਰਾਂ ਦੇ ਗਰੀਬਾਂ ਨੂੰ ਮੁਢਲੀਆਂ ਸੇਵਾਵਾਂ ਮੁਹੱਈਆ ਕਰਵਾਉਣੀਆਂ। ਇਸ ਮਿਸ਼ਨ ਤੋਂ ਬਾਹਰ ਰਹਿ ਗਏ ਸ਼ਹਿਰ ਅਤੇ ਕਸਬੇ ਸ਼ਹਿਰੀ ਬੁਨਿਆਦੀ ਢਾਂਚਾ ਵਿਕਾਸ ਯੋਜਨਾ – ਛੋਟੇ ਅਤੇ ਦਰਮਿਆਨੇ ਦਰਜੇ ਦੇ ਸ਼ਹਿਰ (ਯੂ ਆਈ ਡੀ ਐੱਸ ਐੱਸ ਐੱਮ ਟੀ) ਯੋਜਨਾ ਤਹਿਤ ਆਉਂਦੇ ਹਨ। ਬੀ ਐੱਸ ਯੂ ਪੀ ਅਤੇ ਐੱਚ ਆਈ ਐੱਸ ਡੀ ਪੀ ਯੋਜਨਾ ਨੂੰ ਲਾਗੂ ਕਰਨ ਲਈ ਮਕਾਨ ਅਤੇ ਗਰੀਬੀ ਹਟਾਉਣ ਬਾਰੇ ਮੰਤਰਾਲਾ ਨੋਡਲ ਏਜੰਸੀ ਹੈ ਜੋ ਸ਼ਹਿਰੀ ਗਰੀਬਾਂ, ਖ਼ਾਸ ਕਰਕੇ ਝੁੱਗੀ-ਝੌਂਪੜੀ ਵਿਚ ਰਹਿਣ ਵਾਲਿਆਂ ਲਈ ਮਕਾਨ ਅਤੇ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਦੀਆਂ ਹਨ। ਇਸ ਯੋਜਨਾ ਤਹਿਤ ਦੂਜੀਆਂ ਬੁਨਿਆਦੀ ਸਹੂਲਤਾਂ ਜਿਵੇਂ ਸਾਫ਼-ਸਫ਼ਾਈ, ਪਾਣੀ, ਸੀਵਰੇਜ, ਠੋਸ ਕੂੜਾ-ਕਰਕਟ ਨੂੰ ਚੁੱਕਣਾ ਆਦਿ ਵੀ ਪ੍ਰਦਾਨ ਕੀਤੀਆ ਜਾਂਦੀਆਂ ਹਨ। ਦੂਜੇ ਪਾਸੇ, ਸ਼ਹਿਰੀ ਵਿਕਾਸ ਮੰਤਰਾਲਾ ਜੇ ਐੱਨ ਐੱਨ ਯੂ ਆਰ ਐੱਮ ਤਹਿਤ ਆਉਣ ਵਾਲੀਆਂ ਯੂ ਆਈ ਜੀ ਅਤੇ ਯੂ ਆਈ ਡੀ ਐੱਸ ਐੱਸ ਐੱਮ ਟੀ ਪ੍ਰੋਗਰਾਮਾਂ ਦੀ ਦੇਖਭਾਲ ਕਰਦਾ ਹੈ।

ਜੇ ਐੱਨ ਐੱਨ ਯੂ ਆਰ ਐੱਮ ਤਹਿਤ ਹਰੇਕ ਸ਼ਹਿਰ ਲਈ ਸ਼ਹਿਰੀ ਵਿਕਾਸ ਯੋਜਨਾ ਅਤੇ ਸ਼ਹਿਰ ਦੇ ਵਿਕਾਸ ਲਈ ਲੰਮੇ ਸਮੇਂ ਦੀ ਯੋਜਨਾ ਦੀ ਪਰਿਕਲਪਨਾ ਜ਼ਰੂਰੀ ਸੀ। ਇਸ ਮੁਤਾਬਕ ਸ਼ਹਿਰੀ ਸੁਧਾਰਾਂ ਦੇ ਰਾਹ ਵਿਚ ਰੋੜੇ ਅਟਕਾਉਣ ਵਾਲੀਆਂ ਅਨੇਕ ਸ਼ਰਤਾਂ ਜਿਵੇਂ ਜ਼ਮੀਨ ਹੱਦਬੰਦੀ ਐਕਟ 1976 ਨੂੰ ਖਤਮ ਕਰਨਾ, ਸ਼ਹਿਰੀ ਸਥਾਨਕ ਸਭਾਵਾਂ ਨੂੰ ਤਾਕਤ ਦੇਣੀ, ਸਮਰਥਾ ਦਾ ਵਿਕਾਸ ਅਤੇ ਨਿਗਮ ਦੇ ਲੇਖੇ-ਜੋਖੇ ਨੂੰ ਲਾਗੂ ਕੀਤਾ ਗਿਆ। ਇਸ ਤਹਿਤ ਪ੍ਰਾਜੈਕਟਾਂ ਦੇ ਵਿਕਾਸ ਅਤੇ ਵਿੱਤ ਮੁਹੱਈਆ ਕਰਵਾਉਣ ਲਈ ਜਨਤਕ-ਨਿੱਜੀ ਭਾਈਵਾਲੀ ਲਈ ਨਿੱਜੀ ਖੇਤਰ ਨੂੰ ਹੁਲਾਰਾ ਦੇਣ ਦਾ ਵੀ ਯਤਨ ਕੀਤਾ ਗਿਆ। ਗਿਆਰ੍ਹਵੀਂ ਯੋਜਨਾ ਵਿਚ ਐੱਸ ਜੇ ਐੱਸ ਆਰ ਵਾਈ ਤਹਿਤ ਰੁਜ਼ਗਾਰ ਪੈਦਾ ਕਰਨ ਅਤੇ ਗਰੀਬੀ ਹਟਾਉਣ 'ਤੇ ਦੁਬਾਰਾ ਜ਼ੋਰ ਦਿਤਾ ਗਿਆ ਜਿਸ ਵਿਚ ਵਿਸ਼ੇਸ਼ ਤਵੱਜੋਂ ਕਲਾ ਦੇ ਵਿਕਾਸ, ਸਵੈ-ਸਹਾਇਤਾ ਸਮੂਹਾਂ ਅਤੇ ਸਵੈ-ਰੁਜ਼ਗਾਰ ਲਈ ਲਘੂ-ਵਿੱਤ ਵਲ ਦਿਤੀ ਗਈ। ਕੇਰਲ ਦੇ 'ਕੁਦੁੰਬਸ੍ਰੀ' ਮਾਡਲ ਦੀ ਪਹੁੰਚ ਅਤੇ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਪ੍ਰਚਲਿਤ ਚੰਗੀਆ ਪ੍ਰਥਾਵਾਂ/ਰਵਾਇਤਾਂ ਨੂੰ ਵੀ ਐੱਸ ਜੇ ਐੱਸ ਆਰ ਵਾਈ ਤਹਿਤ ਮੁਨਾਸਬ ਤਰੀਕੇ ਨਾਲ ਲਾਗੂ ਕਰਨਾ ਸੁਝਾਇਆ ਗਿਆ (ਯੋਜਨਾ ਆਯੋਗ 2008)।

ਗਿਆਰ੍ਹਵੀਂ ਯੋਜਨਾ ਦੇ ਅੱਧੇ ਸਮੇਂ ਬਾਰੇ ਕੀਤੇ ਮੁੱਲੰਕਣ ਵਿਚ ਇਹ ਮੰਨਿਆ ਗਿਆ ਕਿ ਸ਼ਹਿਰੀ ਵਿਕਾਸ ਅਤੇ ਸ਼ਹਿਰੀ ਨਵੀਨੀਕਰਨ ਲਈ ਜੇ ਐੱਨ ਐੱਨ ਯੂ ਆਰ ਐੱਮ ਤਹਿਤ ਬੇਤਹਾਸ਼ਾ ਪੈਸਾ ਲੋੜੀਂਦਾ ਹੈ। ਜ਼ਰੂਰਤ ਦਾ ਪੈਸਾ 3-4 ਲੱਖ ਕਰੋੜ ਰੁਪਏ ਨਿਰਧਾਰਤ ਕੀਤਾ ਗਿਆ ਜਦ ਕਿ ਜੇ ਐੱਨ ਐੱਨ ਯੂ ਆਰ ਐੱਮ ਤਹਿਤ ਸੱਤ ਸਾਲਾਂ ਦੇ ਸਮੇਂ ਲਈ ਸਿਰਫ਼ 66000 ਹਜ਼ਾਰ ਕਰੋੜ ਰੁਪਿਆ ਦਿਤਾ ਗਿਆ, ਜੇ ਐੱਨ ਐੱਨ ਯੂ ਆਰ ਐੱਮ ਦੇ 2005-2012 ਦੇ ਸਮੇਂ ਲਈ। (http://planningcommission.nic.in/plans/mta/11th_mta/chapterwise/chap18_urban.pdf)

ਬਾਰ੍ਹਵੀਂ ਪੰਜ ਸਾਲਾ ਯੋਜਨਾ ਵਿਚ ਜੇ ਐੱਨ ਐੱਨ ਯੂ ਆਰ ਐੱਮ ਨੂੰ ਸੁਦ੍ਰਿੜ੍ਹ ਕਰਨ ਅਤੇ ਸ਼ਹਿਰੀ ਸੁਧਾਰਾਂ ਦੇ ਪਰਿਪੇਖ ਵਿਚ ਇਸ ਦੀ ਵੱਡੀ ਭੂਮਿਕਾ ਦੀ ਕਲਪਨਾ ਪ੍ਰਸਤਾਵਿਤ ਕੀਤੇ ਗਏ। ਬਾਰ੍ਹਵੀਂ ਯੋਜਨਾ ਸਮੇਂ ਜੇ ਐੱਨ ਐੱਨ ਯੂ ਆਰ ਐੱਮ ਦੇ ਹੇਠ ਲਿਖੇ ਮੁੱਖ ਭਾਗ ਹਨ :

1. ਸ਼ਹਿਰੀ ਬੁਨਿਆਦੀ ਢਾਂਚਾ ਅਤੇ ਸ਼ਾਸਨ
2. ਰਾਜੀਵ ਆਵਾਸ ਯੋਜਨਾ
3. ਰਾਜੀਵ ਆਵਾਸ ਯੋਜਨਾ ਤੋਂ ਬਾਹਰ ਰਹਿ ਗਏ ਸ਼ਹਿਰਾਂ ਵਿਚ ਝੁੱਗੀ-ਝੌਂਪੜੀਆਂ ਦੀ ਮੁੜ-ਸਥਾਪਨਾ
4. ਸਮਰੱਥਾ ਦਾ ਵਿਕਾਸ

ਇਹ ਦੇਖਿਆ ਗਿਆ ਕਿ ਯੋਜਨਾ ਦੇ ਲਾਗੂ ਕਰਨ ਵਿਚ ਅਨੇਕ ਰੁਕਾਵਟਾਂ ਵਿਚੋਂ ਸ਼ਹਿਰੀ ਯੋਜਨਾਬੰਦੀ ਨੂੰ ਮੁੱਖਧਾਰਾ ਵਿਚ ਲਿਆਉਣ ਦੀ ਅਸਫਲਤਾ, ਅਧੂਰੇ ਸੁਧਾਰ ਅਤੇ ਪ੍ਰਾਜੈਕਟ ਲਾਗੂ ਕਰਨ ਵਿਚ ਮੱਠਾਪਨ, ਪ੍ਰਮੁੱਖ ਹਨ। ਯੋਜਨਾਵਾਂ ਲਈ ਭੂਮੀ ਪ੍ਰਾਪਤ ਕਰਨ ਵਿਚ ਦੇਰੀ, ਅਤੇ ਵੱਖ-ਵੱਖ ਨਿਯਮਕ ਏਜੰਸੀਆਂ ਕੋਲੋਂ ਸਵੀਕ੍ਰਿਤੀ ਪ੍ਰਾਪਤ ਕਰਨ ਵਰਗੇ ਦੂਜੇ ਕਾਰਨ ਮੱਠੀ ਚਾਲ ਲਈ ਜ਼ਿੰਮੇਵਾਰ ਹਨ। ਇਹ ਦੇਖਿਆ ਗਿਆ ਕਿ ਬਹੁਤ ਸਾਰੇ ਸ਼ਹਿਰਾਂ ਵਿਚ ਸ਼ਹਿਰੀ ਯੋਜਨਾਬੰਦੀ ਹਾਲੇ ਸ਼ੁਰੂ ਹੀ ਨਹੀਂ ਹੋਈ, ਇਸ ਨੂੰ ਮਜ਼ਬੂਤ ਕਰਨ ਅਤੇ ਭਾਗੀਦਾਰੀ ਵਾਲੀ ਬਣਾਉਣ ਦੀ ਲੋੜ ਹੈ। ਸ਼ਹਿਰ ਦੇ ਚਾਰੇ ਪਾਸੇ ਅਤੇ ਸ਼ਹਿਰ ਦੀ ਹੱਦ ਤੋਂ ਬਾਹਰਲੇ ਖੇਤਰ ਯੋਜਨਾਬੰਦੀ ਤੋਂ ਬਾਹਰ ਰਹਿ ਜਾਂਦੇ ਹਨ ਜੋ ਸਿਰਫ਼ ਸ਼ਹਿਰੀ ਵਿਕਾਸ ਯੋਜਨਾਬੰਦੀ ਤਕ ਸਿਮਟ ਕੇ ਰਹਿ ਜਾਂਦੀ ਹੈ।

***ਰਾਜੀਵ ਆਵਾਸ ਯੋਜਨਾ 2 ਜੂਨ, 2011 ਨੂੰ ਆਰੰਭ ਕੀਤੀ ਗਈ ਜਿਸ ਦਾ ਮਕਸਦ ਮੋਹਰੀ ਪ੍ਰਾਜੈਕਟ ਤਹਿਤ ਦੋ ਸਾਲਾਂ ਦੇ ਸਮੇਂ ਲਈ ਭਾਰਤ ਨੂੰ ਝੁੱਗੀ-ਝੌਂਪੜੀ ਮੁਕਤ ਕਰਨਾ ਸੀ। ਕੇਂਦਰ ਸਰਕਾਰ ਵਲੋਂ ਆਖ਼ਰ ਨੂੰ 3 ਸਤੰਬਰ 2013 ਨੂੰ 2013-2022 ਦੇ ਸਮੇਂ ਲਈ ਰਾਜੀਵ ਆਵਾਸ ਯੋਜਨਾ ਨੂੰ ਹਰੀ ਝੰਡੀ ਦਿਤੀ ਗਈ। ਇਸ ਯੋਜਨਾ ਦਾ ਮੁੱਖ ਟੀਚਾ ਰਾਜ ਅਤੇ ਸਥਾਨਕ ਸਰਕਾਰਾਂ ਨੂੰ ਝੁੱਗੀ-ਝੌਂਪੜੀਆਂ ਵਿਚ ਸੁਧਾਰ ਅਤੇ ਉਨ੍ਹਾਂ ਦੇ ਬਾਸ਼ਿੰਦਿਆਂ ਨੂੰ ਮਾਲਕਾਨਾ ਹੱਕ ਦੇਣ, ਕਲਪਨਾ ਕੀਤੇ ਗਏ ਵਿਕਾਸ ਨੂੰ ਹਾਸਲ ਕਰਨਾ ਹੈ ਕਿਉਂਕਿ ਭਾਰਤ ਦਾ ਤੇਜ਼ੀ ਨਾਲ ਸ਼ਹਿਰੀਕਰਨ ਹੋ ਰਿਹਾ ਹੈ ਤਾਂ ਕਿ ਹੋਰ ਝੁੱਗੀ-ਝੌਂਪੜੀਆਂ ਹੋਂਦ ਵਿਚ ਨਾ ਆਉਣ। ਇਹ ਯੋਜਨਾ ਸ਼ਹਿਰ ਵਿਚਲੀਆਂ ਸਾਰੀਆਂ ਝੁੱਗੀ-ਝੌਂਪੜੀਆਂ 'ਤੇ ਲਾਗੂ ਹੁੰਦੀ ਸੀ। ਭਾਵੇਂ ਉਹ ਸੂਚੀਦਰਜ ਹੋਣ ਜਾਂ ਨਾ (ਇਸ ਵਿਚ ਪਛਾਣ ਕੀਤੀਆਂ ਅਤੇ ਮਾਨਤਾ ਪ੍ਰਾਪਤ ਸ਼ਾਮਿਲ ਨਹੀਂ)।***

ਭਾਵੇਂ ਕੇਂਦਰ ਸਰਕਾਰ ਜਾਂ ਇਸ ਦੇ ਉਪਕ੍ਰਮਾਂ, ਸੰਸਦ ਦੇ ਐਕਟ ਰਾਹੀਂ ਬਣੀਆਂ ਖੁਦਮੁਖਤਿਆਰ ਸੰਸਥਾਵਾਂ, ਰਾਜ ਸਰਕਾਰਾਂ ਜਾਂ ਇਸ ਦੇ ਉਪਕ੍ਰਮਾਂ, ਸ਼ਹਿਰੀ ਸਥਾਨਕ ਸਭਾਵਾਂ, ਕਿਸੇ ਨਿੱਜੀ ਏਜੰਸੀ ਜਾਂ ਨਿੱਜੀ ਖੇਤਰ ਦੀ ਜ਼ਮੀਨ 'ਤੇ ਬਣੀਆ ਹੋਣ। ਇਹ ਯੋਜਨਾ ਸ਼ਹਿਰ ਦੇ ਯੋਜਨਾ ਖੇਤਰ ਵਿਚ ਪੈਂਦੇ ਸ਼ਹਿਰੀ ਪਿੰਡਾਂ ਅਤੇ ਸ਼ਹਿਰੀ ਬੇਘਰਿਆਂ ਅਤੇ ਪਟੜੀ 'ਤੇ ਰਹਿਣ ਵਾਲਿਆਂ 'ਤੇ ਵੀ ਲਾਗੂ ਹੁੰਦੀ

ਹੈ (http://mhupa.gov.in/ray/ray_index.htm)। ਐੱਸ ਜੇ ਐੱਸ ਆਰ ਵਾਈ ਤਹਿਤ ਸ਼ਹਿਰੀ ਗਰੀਬੀ ਵਿਚ ਗਿਰਾਵਟ ਅਤੇ ਰੁਜ਼ਗਾਰ ਪੈਦਾ ਕਰਨ ਦੀਆਂ ਯੋਜਨਾਵਾਂ ਵਿਚ ਸੁਧਾਰ ਬਾਰ੍ਹਵੀਂ ਯੋਜਨਾ ਸਮੇਂ ਰਾਸ਼ਟਰੀ ਸ਼ਹਿਰੀ ਰੁਜ਼ਗਾਰ ਮਿਸ਼ਨ ਤਹਿਤ ਪ੍ਰਸਤਾਵਿਤ ਕੀਤਾ ਗਿਆ ਸੀ। ਇਸ ਦਾ ਮੁਢਲਾ ਜ਼ੋਰ ਰੁਜ਼ਗਾਰ ਪੈਦਾ ਕਰਨ ਵਾਲੇ ਖੇਤਰਾਂ ਵਿਚ ਸਮਰੱਥਾ ਅਤੇ ਕਲਾ ਦੇ ਵਿਕਾਸ ਵੱਲ ਹੋਵੇਗਾ ਤਾਂ ਕਿ ਸ਼ਹਿਰੀ ਗਰੀਬਾਂ ਨੂੰ ਫ਼ਾਇਦਾ ਪਹੁੰਚ ਸਕੇ।

ਮਾਹਰਾਂ ਵਲੋਂ ਇਹ ਵੀ ਦੇਖਿਆ ਗਿਆ ਕਿ ਸੰਵਿਧਾਨ ਦੀ 74ਵੀਂ ਸੋਧ ਨੂੰ ਅੱਧੇ ਅਧੂਰੇ ਮਨ ਨਾਲ ਲਾਗੂ ਕੀਤਾ ਗਿਆ ਹੈ ਕਿਉਂਕਿ ਸੰਵਿਧਾਨਕ ਪ੍ਰਾਵਧਾਨਾਂ ਮੁਤਾਬਕ ਰਾਜ ਸਰਕਾਰਾਂ ਵਲੋਂ ਸ਼ਹਿਰੀ ਸਥਾਨਕ ਸਭਾਵਾਂ ਨੂੰ ਪੂਰੀ ਤਰ੍ਹਾਂ ਸਸ਼ਕਤ ਨਹੀਂ ਕੀਤਾ ਗਿਆ। ਦੂਜੇ ਪਾਸੇ, ਵੱਖ-ਵੱਖ ਯੋਜਨਾਵਾਂ ਜ਼ਿਆਦਾ ਸਫਲ ਨਹੀਂ ਹੋਈਆਂ ਕਿਉਂਕਿ ਸ਼ਹਿਰੀ ਖੇਤਰ ਇਕਹਿਰੇ ਨਿਯੰਤ੍ਰਣ ਅਤੇ ਮਾਲਕੀ ਹੇਠ ਨਹੀਂ ਆਉਂਦੇ ਅਤੇ ਸਥਾਨਕ ਪੱਧਰ 'ਤੇ ਯੋਜਨਾਵਾਂ ਦੇ ਤਾਲਮੇਲ ਦੀ ਵੀ ਘਾਟ ਹੈ (ਐੱਚ ਪੀ ਈ ਸੀ 2011:23)।

## ਸ਼ਹਿਰੀ ਸ਼ਾਸਨ ਅਤੇ ਯੋਜਨਾਬੰਦੀ : ਅਗਲੇਰੇ ਕਦਮ

ਭਾਰਤ ਦੀ ਯੋਜਨਾਬੰਦੀ ਪ੍ਰਕਿਰਿਆ ਕੇਂਦਰੀਕ੍ਰਿਤ, ਉਤੋਂ ਹੇਠਾਂ ਤਕ ਅਤੇ ਖੇਤਰ ਆਧਾਰਤ ਹੈ। ਇਹ ਸਾਰਾ ਕੁੱਝ ਸ਼ਹਿਰੀ ਯੋਜਨਾਬੰਦੀ ਦੇ ਮਾਮਲੇ ਵਿਚ ਵੀ ਸੱਚ ਹੈ ਜਿਸ ਵਿਚ ਜ਼ਿਆਦਾ ਜ਼ੋਰ ਸ਼ਹਿਰੀ ਮਕਾਨ ਉਸਾਰੀ, ਪਾਣੀ ਦੀ ਪੂਰਤੀ, ਸਾਫ਼-ਸਫ਼ਾਈ, ਝੁੱਗੀ-ਝੌਂਪੜੀਆਂ ਦੀ ਹਾਲਾਤ ਵਿਚ ਸੁਧਾਰ, ਸ਼ਹਿਰੀ ਬੁਨਿਆਦੀ ਢਾਂਚਾ, ਮੈਗਾ-ਸਿਟੀ ਅਤੇ ਛੋਟੇ ਤੇ ਦਰਮਿਆਨੇ ਸ਼ਹਿਰਾਂ ਆਦਿ 'ਤੇ ਦਿਤਾ ਗਿਆ ਹੈ। ਭਾਵੇਂ ਕਿ ਸ਼ਹਿਰੀ ਵਿਕਾਸ ਰਾਜ ਨਾਲ ਸੰਬੰਧਿਤ ਵਿਸ਼ਾ ਹੈ, ਤਾਂ ਵੀ ਸੰਗਠਿਤ ਸ਼ਹਿਰੀ ਵਿਕਾਸ ਰਣਨੀਤੀ ਅਤੇ ਯੋਜਨਾਬੰਦੀ ਦੇ ਮਾਮਲੇ ਵਿਚ ਰਾਜ ਸਰਕਾਰਾਂ ਕੋਲ ਕਰਨ ਲਈ ਜ਼ਿਆਦਾ ਗੁੰਜਾਇਸ਼ ਨਹੀਂ ਹੈ। ਰਾਜ ਦੇ ਯੋਜਨਾ ਆਯੋਗ/ਬੋਰਡ ਪਹਿਲਾਂ ਹੀ ਰਾਜ ਸ਼ਹਿਰੀ ਵਿਕਾਸ ਯੋਜਨਾਵਾਂ ਪੇਸ਼ ਕਰ ਚੁੱਕੇ ਹਨ ਅਤੇ ਬਹੁਤੇ ਭਾਰਤ ਦੇ ਯੋਜਨਾ ਆਯੋਗ 'ਤੇ ਨਿਰਭਰ ਹਨ ਜਿਸ ਨੂੰ ਵਿਚਾਰਕਾਂ ਦੇ ਸਮੂਹ ਵੀ ਕਿਹਾ ਜਾਂਦਾ ਹੈ।

***ਦੂਜੇ ਪਾਸੇ, ਸ਼ਹਿਰੀ ਵਿਕਾਸ ਇਕ ਅਤਿ ਮਹੱਤਵਪੂਰਨ ਮੁੱਦਾ ਹੈ ਕਿਉਂਕਿ ਸ਼ਹਿਰੀ ਖੇਤਰ ਲਗਾਤਾਰ ਬੁਨਿਆਦੀ ਸਹੂਲਤਾਂ ਜਿਵੇਂ ਬਿਜਲੀ, ਪੀਣ ਵਾਲਾ ਪਾਣੀ, ਸਾਫ਼-ਸਫ਼ਾਈ ਅਤੇ ਰਸੋਈ ਗੈਸ ਦੀ ਉਪਲਬਧਤਾ ਦੇ ਦਬਾਅ ਵਿਚ ਰਹਿੰਦੇ ਹਨ। ਸੜਕਾਂ 'ਤੇ ਭੀੜ, ਆਵਾਜਾਈ, ਹਵਾ ਅਤੇ ਜਲ ਪ੍ਰਦੂਸ਼ਨ, ਕੂੜਾ-ਕਰਕਟ ਨੂੰ ਬਿਲੇ ਲਾਉਣਾ ਅਤੇ ਅਮਨ ਕਾਨੂੰਨ ਸ਼ਹਿਰੀ ਸ਼ਾਸਨ ਲਈ ਚਿੰਤਾ ਦੇ ਦੂਸਰੇ ਵਿਸ਼ੇ ਹਨ। ਸ਼ਹਿਰੀ ਯੋਜਨਾਬੰਦੀ ਸ਼ਹਿਰੀ ਸਥਾਨਕ ਸਭਾਵਾਂ ਵਲੋਂ ਕੀਤੀ ਜਾਣੀ ਚਾਹੀਦੀ ਹੈ ਜਿਸ ਵਿਚ ਨਗਰ ਨਿਗਮ ਅਤੇ ਨਗਰ ਪੰਚਾਇਤਾਂ ਵੀ ਸ਼ਾਮਿਲ ਹਨ ਜਿਨ੍ਹਾਂ ਨੂੰ ਆਮ ਤੌਰ ਤੇ ਸ਼ਹਿਰੀ ਸਥਾਨਕ ਸਭਾਵਾਂ ਆਖਿਆ ਜਾਂਦਾ ਹੈ। ਰਾਜ ਸਰਕਾਰਾਂ ਇਨ੍ਹਾਂ ਦੀ ਸਹਾਇਤਾ ਕਰਦੀਆਂ ਹਨ। ਸ਼ਹਿਰੀ ਸਥਾਨਕ ਸਭਾਵਾਂ ਨੂੰ ਕੰਮਾਂ, ਵਿੱਤੀ ਸਰੋਤ ਅਤੇ ਖ਼ੁਦਮੁਖਤਿਆਰੀ ਦੇ ਕੇ ਮਜ਼ਬੂਤੀ ਪ੍ਰਦਾਨ ਕਰਨੀ ਚਾਹੀਦੀ ਹੈ। ਸ਼ਹਿਰੀ ਸਥਾਨਕ ਸਭਾਵਾਂ ਦੀ ਪ੍ਰਸ਼ਾਸਨਿਕ, ਪ੍ਰਬੰਧਕੀ ਅਤੇ ਤਕਨੀਕੀ ਸਮਰਥਾ ਵੀ ਵਧਾਏ ਜਾਣ ਦੀ ਲੋੜ ਹੈ। ਇਹ ਸਪੱਸ਼ਟ ਤੌਰ ਤੇ ਮੰਨ ਲੈਣਾ ਚਾਹੀਦਾ ਹੈ ਕਿ ਸ਼ਹਿਰੀ ਯੋਜਨਾਬੰਦੀ ਨੂੰ ਸ਼ਹਿਰੀ ਸ਼ਾਸਨ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ।***

ਵਿਸ਼ਾਲ ਸ਼ਹਿਰੀ ਸਮੂਹਾਂ, ਜੋ ਅਨੇਕ ਨਿਗਮ ਸਭਾਵਾਂ ਤਕ ਫੈਲੇ ਹੋਏ ਹਨ ਅਤੇ ਪਿੰਡਾਂ ਦੀਆਂ ਜੂਹਾਂ ਤਕ ਪੁੱਜ ਚੁੱਕੇ ਹਨ, ਇਨ੍ਹਾਂ ਦੀ ਯੋਜਨਾਬੰਦੀ ਦੀ ਜ਼ਿੰਮੇਵਾਰੀ ਸੰਵਿਧਾਨ ਦੀ 74ਵੀਂ ਸੋਧ ਮੁਤਾਬਕ ਮਹਾਂਨਗਰੀ ਯੋਜਨਾ ਕਮੇਟੀਆਂ ਨੂੰ ਲੈਣੀ ਚਾਹੀਦੀ ਹੈ। ਭਾਰਤ ਦੇ ਬੁਹਤੇ ਸ਼ਹਿਰਾਂ ਵਿਚ ਪ੍ਰਭਾਵੀ ਸ਼ਹਿਰੀ ਯੋਜਨਾਬੰਦੀ ਦੀ ਗੰਭੀਰ ਕਮੀ ਹੈ। ਬਹੁਤ ਸਾਰੇ ਵੱਡੇ ਸ਼ਹਿਰਾਂ ਲਈ ਬਣਾਈਆਂ ਯੋਜਨਾਵਾਂ ਵੇਲਾ ਵਿਹਾ ਚੁੱਕੀਆਂ ਹਨ ਅਤੇ ਸ਼ਹਿਰੀ ਵਸਨੀਕਾਂ ਅਤੇ ਖ਼ਾਸ ਕਰਕੇ ਸ਼ਹਿਰੀ ਗਰੀਬਾਂ ਦੇ ਤੌਖਲਿਆਂ ਦਾ ਹੱਲ ਕਰਦੀਆਂ ਨਜ਼ਰ ਨਹੀਂ ਆਉਂਦੀਆਂ। ਜਿਥੇ ਯੋਜਨਾਵਾਂ ਵਿਚ ਸੁਧਾਰ ਕੀਤਾ ਜਾ ਰਿਹਾ ਹੈ ਜਾਂ ਨਵੀਆਂ ਬਣਾਈਆਂ ਜਾ ਰਹੀਆਂ ਹਨ, ਤਾਂ ਇਹ ਵੀ ਸਲਾਹਕਾਰਾਂ ਅਤੇ ਤਕਨੀਕੀ ਮਾਹਰਾਂ ਦੁਆਰਾ ਬਣਾਈਆ ਜਾ ਰਹੀਆਂ ਹਨ। ਸਹੀ ਅਰਥਾਂ ਵਿਚ ਯੋਜਨਾਬੰਦੀ ਵਿਚ ਸ਼ਹਿਰੀ ਵਸਨੀਕਾਂ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦੀਆਂ ਲੋੜਾਂ ਅਤੇ ਤੌਖਲਿਆਂ ਨੂੰ ਸਮਝਿਆ ਜਾ ਸਕੇ, ਇਹ ਭਾਗੀਦਾਰੀ ਵਾਲਾ ਅਤੇ ਵਿਕੇਂਦਰੀਕ੍ਰਿਤ ਹੋਣਾ ਚਾਹੀਦਾ ਹੈ। ਸੰਵਿਧਾਨ ਦੀ 74ਵੀਂ ਸੋਧ ਦੇ ਅਨੁਸਾਰ ਸ਼ਹਿਰੀ ਸਥਾਨਕ ਸਭਾਵਾਂ ਦੇ ਲੋਕਤੰਤਰੀਕਰਨ ਅਤੇ ਉਨ੍ਹਾਂ ਨੂੰ ਤਾਕਤ ਦੇਣ ਦੀ ਵੀ ਲੋੜ ਹੈ। ਸ਼ਹਿਰ ਦੇ ਮੇਅਰ ਨੂੰ ਸ਼ਕਤੀਆਂ ਅਤੇ ਕਾਰਜਾਂ ਦੇ ਮਾਮਲੇ ਵਿਚ ਜ਼ਿੰਮੇਵਾਰ ਬਣਾਇਆ ਜਾਣਾ ਚਾਹੀਦਾ ਹੈ। ਵਿਸ਼ਵ ਦੇ ਬਹੁਤ ਸਾਰੇ ਵੱਡੇ ਸ਼ਹਿਰਾਂ ਦੇ ਸ਼ਾਸਨ ਦੀ ਸਮੱਸਿਆ ਨੂੰ ਚੁਣੀ ਹੋਈ ਸਥਾਨਕ ਸਰਕਾਰ ਦੇ ਗਠਨ ਨਾਲ ਹੱਲ ਕੀਤਾ ਗਿਆ ਹੈ ਜਿਸ ਦਾ ਮੁੱਖੀ ਮੇਅਰ ਹੁੰਦਾ ਹੈ। ਮਿਸਾਲ ਦੇ ਤੌਰ ਤੇ, ਲੰਦਨ ਅਤੇ ਨਿਊਯਾਰਕ ਦੇ ਮੇਅਰ ਆਪਣੇ ਆਪਣੇ ਸ਼ਹਿਰਾਂ ਦੇ ਰਣਨੀਤੀ ਸ਼ਾਸਨ ਲਈ ਸਿੱਧੇ ਜਵਾਬਦੇਹ ਹਨ ਅਤੇ ਉਨ੍ਹਾਂ ਕੋਲ ਕਾਫ਼ੀ ਸੰਸਾਧਨ ਅਤੇ ਰਾਜਨੀਤਕ ਤਾਕਤਾਂ ਵੀ ਹਨ। ਜਦ ਕਿ ਸ਼ਹਿਰੀ ਸਭਾਵਾਂ ਕੋਲ ਤਾਕਤ ਅਤੇ ਸੰਸਾਧਨ ਨਹੀਂ ਹਨ, ਰਾਜ ਪੱਧਰੀ ਇਕਾਈਆਂ ਜਿਵੇਂ ਸ਼ਹਿਰੀ ਵਿਕਾਸ ਪ੍ਰਧੀਕਰਨ ਨੇ ਅਸਲ ਵਿਚ ਸ਼ਹਿਰ ਨੂੰ ਆਪਣੇ ਹੇਠ ਕਰ ਲਿਆ ਹੈ ਜਿਸ ਨਾਲ ਜ਼ਮੀਨ ਜਾਇਦਾਦ ਅਤੇ ਬੁਨਿਆਦੀ ਢਾਂਚੇ ਨੂੰ ਹੁਲਾਰਾ ਮਿਲਿਆ ਹੈ। ਦੂਜੇ ਪਾਸੇ, ਬੁਨਿਆਦੀ ਸਹੂਲਤਾਂ ਜਿਵੇਂ ਪਾਣੀ, ਸਾਫ਼-ਸਫ਼ਾਈ, ਸਿੱਖਿਆ, ਸਿਹਤ ਅਤੇ ਰੈਣ ਬਸੇਰੇ ਆਦਿ ਅਣਗੌਲੇ ਰਹਿ ਗਏ। ਕਿਉਂਕਿ ਸ਼ਹਿਰੀ ਵਿਕਾਸ ਰਾਜਾਂ ਨਾਲ ਸੰਬੰਧਿਤ ਮੁੱਦਾ ਹੈ, ਰਾਜ ਸਰਕਾਰਾਂ ਨੂੰ ਸ਼ਹਿਰਾਂ ਦੀ ਭੂਮਿਕਾ ਨੂੰ ਸਮਝਣਾ ਚਾਹੀਦਾ ਹੈ ਅਤੇ ਸ਼ਹਿਰੀ ਸੁਧਾਰਾਂ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ ਤਾਂ ਕਿ ਪ੍ਰਸ਼ਾਸਨਿਕ ਅਤੇ ਵਿੱਤੀ ਮਾਮਲਿਆਂ ਵਿਚ ਸਥਾਨਕ ਸਭਾਵਾਂ ਨੂੰ ਤਾਕਤ ਦਿਤੀ ਜਾ ਸਕੇ। ਸਾਨੂੰ ਸ਼ਹਿਰਾਂ ਦੀ ਮਨੁੱਖੀ ਵਿਕਾਸ ਦੇ ਮੋਹਰੀ ਵਜੋਂ ਪਰਿਕਲਪਨਾ ਕਰਨੀ ਚਾਹੀਦਾ ਹੈ ਨਾ ਕਿ ਕੁੱਝ ਇਕ ਹੱਥਾਂ ਵਿਚ ਪੂੰਜੀ ਦੇ ਜਮਾਵੜੇ ਨੂੰ।

*(ਲੇਖਕ ਪ੍ਰੋਫ਼ੈਸਰ ਅਤੇ ਮੁਖੀ, ਪਰਵਾਸ ਅਤੇ ਸ਼ਹਿਰੀ ਖੋਜ ਵਿਭਾਗ, ਇੰਟਰਨੈਸ਼ਨਲ ਇੰਸਟੀਚਿਊਟ ਫਾਰ ਪਾਪੂਲੇਸ਼ਨ ਸਾਇੰਸਜ਼, ਮੁੰਬਈ ਹੈ।)*

*e-mail :rbbhagat@iips.net*

# ਝੁੱਗੀ-ਝੌਂਪੜੀ ਮੁਕਤ ਭਾਰਤ ਲਈ ਇਕ ਪਰਿਪੇਖ

ਅਮਿਤਾਭ ਕੁੰਡੂ

ਰਾਜੀਵ ਆਵਾਸ ਯੋਜਨਾ ਤਹਿਤ ਸੰਕਲਪ ਕਰਨ ਅਤੇ ਸੰਚਾਲਨ ਕਰਨ ਵਿਚ ਬਹੁਤ ਵੱਡਾ ਖੱਪਾ ਹੈ, ਜੋ ਕੇਂਦਰ ਸਰਕਾਰ ਦਾ ਸ਼ਹਿਰੀ ਭਾਰਤ ਨੂੰ ਝੁੱਗੀ-ਝੌਂਪੜੀ ਮੁਕਤ ਕਰਨ ਦੀ ਦ੍ਰਿਸ਼ਟੀ ਵਾਲੀ ਇਕ ਪ੍ਰਮੁੱਖ ਯੋਜਨਾ ਹੈ। ਇਸ ਨੇ ਵੱਖ-ਵੱਖ ਵਰਗਾਂ ਵਿਚ ਵੱਖ-ਵੱਖ ਉਮੀਦਾਂ ਜਗਾ ਦਿਤੀਆਂ ਹਨ। ਗਰੀਬ ਅਤੇ ਬੇਘਰ, ਜੋ ਆਜ਼ਾਦੀ ਤੋਂ ਲੈ ਕੇ ਆਪਣਾ ਛੋਟਾ-ਮੋਟਾ ਆਸ਼ਿਆਨਾ ਹੋਣ ਦਾ ਸੁਪਨਾ ਪਾਲਦੇ ਆ ਰਹੇ ਹਨ, ਹੁਣ ਆਸ ਕਰਦੇ ਹਨ ਕਿ ਰਾਜੀਵ ਆਵਾਸ ਯੋਜਨਾ ਇਸ ਨੂੰ ਹਕੀਕਤ ਵਿਚ ਬਦਲ ਦੇਵੇਗੀ। ਜ਼ਮੀਨ ਜਾਇਦਾਦ ਦਾ ਕਾਰੋਬਾਰ ਕਰਨ ਵਾਲੀ ਇਕ ਧਿਰ ਹੈ, ਜੋ ਡੇਢ ਦਹਾਕਾ ਪਹਿਲਾਂ ਤੌਖਲੇ ਵਿਚ ਸੀ ਕਿ ਮਕਾਨਾਂ ਵਾਲਾ ਗੁਬਾਰਾ ਫਟ ਜਾਵੇਗਾ, ਇਸ ਯੋਜਨਾ ਤਹਿਤ ਇਸ ਖੇਤਰ ਵਿਚ ਵੱਡੀਆਂ ਛੋਟਾਂ ਅਤੇ ਪ੍ਰੋਤਸਾਹਨ ਆਉਂਦੇ ਵੇਖ ਰਹੇ ਸਨ। ਇਸ ਤਰ੍ਹਾਂ ਬੈਂਕਾਂ ਮਕਾਨ ਉਸਾਰੀ ਲਈ ਕਰਜ਼ੇ ਦਾ ਫ਼ਾਇਦਾ ਦੇ ਕੇ ਆਪਣੀ ਤਰੱਕੀ ਦੀਆਂ ਵੱਡੀਆਂ ਸੰਭਾਵਨਾਵਾਂ ਤਲਾਸ਼ ਰਹੇ ਸਨ।

*ਭਾਰਤ ਨੂੰ ਝੁੱਗੀ-ਝੌਂਪੜੀ ਮੁਕਤ ਦੇਖਣ ਦੀ ਦ੍ਰਿਸ਼ਟੀ 'ਤੇ ਸਭ ਤੋਂ ਜ਼ਿਆਦਾ ਮੋਹਿਤ ਸ਼ਹਿਰੀ ਮੱਧ ਵਰਗ ਅਤੇ ਵਿਸ਼ਿਸ਼ਟ ਵਰਗ ਸਨ। ਉਹ ਸੁਖ ਦਾ ਸਾਹ ਲੈ ਰਹੇ ਸਨ ਕਿ ਉਨ੍ਹਾਂ ਦੇ ਸ਼ਹਿਰਾਂ ਵਿਚੋਂ ਅਮਨ ਕਾਨੂੰਨ, ਗੰਦਗੀ ਅਤੇ ਸਾਫ਼-ਸਫ਼ਾਈ ਦੀਆਂ ਸਮੱਸਿਆਵਾਂ ਦਾ ਖਾਤਮਾ ਹੋ ਜਾਵੇਗਾ, ਜੋ ਆਮ ਤੌਰ ਤੇ ਝੁੱਗੀ-ਝੌਂਪੜੀ ਵਾਲਿਆਂ ਕਰਕੇ ਪੈਦਾ ਹੁੰਦੀਆਂ ਹਨ। ਉਨ੍ਹਾਂ ਦਾ ਇਸ ਨਾਲ ਕੋਈ ਸਰੋਕਾਰ ਨਹੀਂ ਸੀ ਕਿ ਅਜਿਹਾ ਉਨ੍ਹਾਂ ਨੂੰ ਉਥੋਂ ਜਬਰਦਸਤੀ ਹਟਾਉਣ ਜਾਂ ਫਿਰ ਉਨ੍ਹਾਂ ਦੀਆਂ ਝੁੱਗੀਆਂ ਦੀ ਹਾਲਤ ਸੁਧਾਰ ਕੇ ਹੋਵੇਗਾ।*

## ਰਾਜੀਵ ਆਵਾਸ ਯੋਜਨਾ ਦਾ ਢਾਂਚਾ ਅਤੇ ਸੰਚਾਲਨ

ਰਾਜੀਵ ਆਵਾਸ ਯੋਜਨਾ ਦੀ ਸਮੱਗਰੀ ਅਤੇ ਨਿਯਮਾਂ ਦਾ ਵਿਸ਼ਿਸ਼ਟ ਸ਼ਹਿਰੀਕਰਨ ਦੀ ਪੱਧਤੀ ਦੇ ਸੰਦਰਭ ਵਿਚ ਮੁੱਲੰਕਣ ਕਰਨ ਦੀ ਲੋੜ ਹੈ ਜੋ ਦੇਸ਼ ਵਿਚ ਪਿਛਲੇ ਘੱਟੋ-ਘੱਟ ਤਿੰਨ ਦਹਾਕਿਆਂ ਤੋਂ ਚੱਲ ਰਿਹਾ ਹੈ। ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਇਕ ਪ੍ਰਭਾਵੀ ਸੰਦਰਭ ਬਿੰਦੂ, ਅਸਲ ਵਿਚ ਰਾਜੀਵ ਆਵਾਸ ਯੋਜਨਾ ਦੇ ਸ਼ੁਰੂਆਤੀ ਬਿੰਦੂ ਵਜੋਂ ਕੰਮ ਕਰਦਾ ਹੈ। ਰਾਜੀਵ ਆਵਾਸ ਯੋਜਨਾ ਦਾ ਸੰਕਲਪੀਕਰਨ ਸ਼ਹਿਰਾਂ ਦਾ ਸਮਾਰਟ ਅਤੇ ਵਿਸ਼ਵ ਪੱਧਰ 'ਤੇ ਮੁਕਾਬਲੇ ਵਾਲੇ ਬਣਾਉਣ ਦੀ ਮੰਗ ਦੇ ਸੰਦਰਭ ਵਿਚ ਮੁੱਲੰਕਣ ਕੀਤੇ ਜਾਣ ਦੀ ਲੋੜ ਹੈ। ਖ਼ਾਸ ਕਰਕੇ, ਸ਼ਹਿਰਾਂ ਵਿਚ ਇਸ ਮਿਸ਼ਨ ਲਈ ਜ਼ਮੀਨ ਦੀ ਉਪਲਬਧਤਾ, ਝੁੱਗੀ-ਝੌਂਪੜੀਆਂ ਦੀ ਸੁਰੱਖਿਆ ਝੁੱਗੀ-ਝੌਂਪੜੀ ਵਾਲਿਆਂ ਦੀ ਯੋਗਤਾ ਅਤੇ ਗੁੰਜਾਇੰਸ਼ ਦੇ ਸੰਦਰਭ ਵਿਚ, ਰਾਜੀਵ ਆਵਾਸ ਯੋਜਨਾ ਦੇ ਢਾਂਚੇ ਦਾ ਮੁੱਲੰਕਣ ਕਰਨਾ ਅਹਿਮ ਹੋਵੇਗਾ (ਕੁੰਡੂ 2012)। ਇਨ੍ਹਾਂ ਚਾਰੇ ਮੁੱਦਿਆਂ ਦਾ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਵਾਲੇ ਸ਼ਹਿਰਾਂ ਦੇ ਭੂਗੋਲਿਕ ਵਿਕਾਸ ਅਤੇ ਉਸ ਵਿਚ ਗਰੀਬਾਂ ਦੇ ਹਿੱਸੇ 'ਤੇ ਸਿੱਧਾ ਅਸਰ ਹੋਵੇਗਾ ਜੋ ਸ਼ਹਿਰਾਂ ਦੇ ਆਰਥਿਕ ਸਮਾਵੇਸ਼ ਅਤੇ ਨਿਪੁੰਨਤਾ ਦਾ ਝਲਕਾਰਾ ਹੋਵੇਗਾ, ਜਿਸ ਬਾਰੇ ਹੇਠਾਂ ਚਰਚਾ ਕੀਤੀ ਜਾ ਰਹੀ ਹੈ।

## ਜ਼ਮੀਨ ਦੀ ਪ੍ਰਾਪਤੀ ਅਤੇ ਸੁਰੱਖਿਆ

ਰਾਜੀਵ ਆਵਾਸ ਯੋਜਨਾ ਵਿਚ ਸਭ ਤੋਂ ਗੰਭੀਰ ਮੁੱਦਾ ਲਾਗੂ ਕਰਨ ਵਾਲੀ ਏਜੰਸੀ ਨੂੰ ਮੁਫ਼ਤ ਜ਼ਮੀਨ ਮੁਹੱਈਆ ਕਰਵਾਉਣਾ ਹੈ। ਜੇ ਕੋਈ ਰਾਜ ਜਾਂ ਸ਼ਹਿਰ ਇਸ ਯੋਜਨਾ ਲਈ ਜ਼ਮੀਨ ਮੁਹੱਈਆ ਨਹੀਂ ਕਰਵਾ ਸਕਦਾ, ਉਸ ਨੂੰ ਕੇਂਦਰ ਸਰਕਾਰ ਕੋਲੋਂ ਪੈਸੇ ਮੰਗਣ ਦਾ ਅਧਿਕਾਰ ਨਹੀਂ। ਸੋ, ਮੁੱਦਾ ਇਹ ਹੈ ਕਿ ਕੋਈ ਸਥਾਨਕ ਸਭਾ ਬਿਨਾਂ ਲਾਗਤ ਦੇ ਜ਼ਮੀਨ ਪ੍ਰਾਪਤ ਕਰਕੇ ਕਿਵੇਂ ਮੁਹੱਈਆ ਕਰਵਾ ਸਕਦੀ ਹੈ। ਕੋਈ ਵੀ ਅੰਦਾਜ਼ਾ ਲਾ ਸਕਦਾ ਹੈ ਕਿ ਝੁੱਗੀ-ਝੌਂਪੜੀ ਵਾਲੇ, ਜੋ ਸ਼ਹਿਰੀ ਵਸੋਂ ਦਾ 18-20 ਪ੍ਰਤਿਸ਼ਤ ਹੁੰਦੇ ਹਨ, ਸਿਰਫ਼ 3-4 ਪ੍ਰਤਿਸ਼ਤ ਸ਼ਹਿਰੀ ਜ਼ਮੀਨ 'ਤੇ ਕਾਬਜ਼ ਹਨ ਅਤੇ ਇੰਨੀ ਕੁ ਜ਼ਮੀਨ ਹਾਸਲ ਕਰਨਾ ਕੋਈ ਮੁਸ਼ਕਿਲ ਕੰਮ ਨਹੀਂ। ਇਥੇ ਇਹ ਦੱਸਣਾ ਮਹੱਤਵਪੂਰਨ ਹੋਵੇਗਾ ਕਿ ਜ਼ਿਆਦਾਤਰ ਝੁੱਗੀਆਂ ਸ਼ਹਿਰ ਦੇ ਕੇਂਦਰੀ ਖੇਤਰਾਂ ਵਿਚ ਸਥਿਤ ਹਨ ਜਿਥੇ ਜ਼ਮੀਨ ਦੀਆਂ ਕੀਮਤਾਂ ਬਹੁਤ ਉੱਚੀਆਂ ਹਨ ਅਤੇ ਇਸ ਭੂ-ਭਾਗ ਨੂੰ ਹਥਿਆਉਣ ਨਹੀ ਤਕੜੇ ਨਿਹਿਤ ਸਵਾਰਥੀ ਤੱਤ ਤਿਆਰ ਬੈਠੇ ਹੁੰਦੇ ਹਨ।

ਇਸ ਨਾਲ ਸੰਬੰਧਿਤ ਸਵਾਲ ਜ਼ਮੀਨ ਦੀ ਸੁਰੱਖਿਆ ਦਾ ਹੈ। ਹੁਣ, ਰਾਜੀਵ ਆਵਾਸ ਯੋਜਨਾ ਦਾ ਦਿਸ਼ਾ ਨਿਰਦੇਸ਼ ਦਾਸਤਾਵੇਜ਼ ਕਹਿੰਦਾ ਹੈ ਕਿ 75 ਪ੍ਰਤਿਸ਼ਤ ਝੁੱਗੀਆਂ ਵਾਲੀ ਜ਼ਮੀਨ ਨੂੰ ਸੁਰੱਖਿਅਤ ਮੰਨਿਆ ਜਾਵੇ ਅਤੇ ਗ਼ੈਰ ਸੁਰੱਖਿਅਤ ਝੁੱਗੀ ਖੇਤਰਾਂ ਵਿਚ ਇਹ 25 ਪ੍ਰਤਿਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ - ਘਰਾਂ ਨੂੰ ਕਿਤੇ ਸਥਾਪਿਤ ਕਰਨਾ ਪਵੇਗਾ। ਜੇ ਅਸਲ ਵਿਚ 70 ਤੋਂ 75 ਪ੍ਰਤਿਸ਼ਤ ਝੁੱਗੀਆਂ ਵਾਲੀ ਜ਼ਮੀਨ ਨੂੰ ਸੁਰੱਖਿਅਤ ਮੰਨ ਲਿਆ ਜਾਵੇ ਤਾਂ ਦੂਜਿਆਂ ਵਾਸਤੇ ਜਗਹ ਲੱਭਣ ਵਿਚ ਕੋਈ ਮੁਸ਼ਕਿਲ ਨਹੀਂ ਹੋਣੀ ਚਾਹੀਦੀ ਕਿਉਂਕਿ ਉਹ ਸਥਾਨ ਵਿਕਾਸ ਝੁੱਗੀਆਂ ਵਿਚ ਸੁਧਾਰ ਕਰਨ ਦਾ ਪ੍ਰਮੁੱਖ ਤਰੀਕਾ ਹੋਵੇਗਾ। ਬਾਕੀ ਬਚਦੇ 25 ਪ੍ਰਤਿਸ਼ਤ ਝੁੱਗੀ ਵਾਸੀਆਂ ਲਈ ਜ਼ਮੀਨ ਲੱਭਣਾ ਔਖਾ ਨਹੀ ਹੋਵੇਗਾ ਕਿਉਂਕਿ

ਉਨ੍ਹਾਂ ਵਿਚੋਂ ਬਹੁਤਿਆਂ ਨੂੰ ਸੁਰੱਖਿਅਤ ਐਲਾਨੀ ਗਈ 75 ਪ੍ਰਤਿਸ਼ਤ ਝੁੱਗੀਆਂ ਵਾਲੀ ਜ਼ਮੀਨ 'ਤੇ ਵਸਾਇਆ ਜਾ ਸਕੇਗਾ।

ਅਸਲ ਵਿਚ, ਹਕੀਕਤ ਬਿਲਕੁਲ ਵੱਖਰੀ ਹੈ। ਸ਼ਹਿਰ ਜਾਂ ਰਾਜ ਪੱਧਰ 'ਤੇ, ਜਿਸ ਕਿਸੇ ਵੀ ਵਿਭਾਗ ਦੀ ਜ਼ਮੀਨ 'ਤੇ ਨਜਾਇਜ਼ ਕਬਜ਼ਾ ਹੋਇਆ ਹੋਵੇ, ਉਹ ਕਦੇ ਵੀ ਆਪਣੀ ਜ਼ਮੀਨ ਨੂੰ ਸੁਰੱਖਿਅਤ ਨਹੀਂ ਐਲਾਨਣ ਦੇਵੇਗਾ। ਉਹ ਝੁੱਗੀ ਵਾਲਿਆਂ ਕੋਲੋਂ ਜ਼ਮੀਨ ਵਾਪਸ ਲੈ ਕੇ ਆਪਣੀ ਵਰਤੋਂ ਲਈ ਜਾਂ ਮਾਲੀਆ ਪੈਦਾ ਕਰਨ ਲਈ ਵਰਤਣਾ ਚਾਹੁੰਣਗੇ। ਪ੍ਰਥਾ ਅਨੁਸਾਰ, ਜਦੋਂ ਕਿਸੇ ਸ਼ਹਿਰ ਦੇ ਮਾਸਟਰ ਪਾਲਾਨ ਵਿਚ ਕਿਸੇ ਜ਼ਮੀਨ ਦੀ ਵਰਤੋਂ ਦੀ ਵਿਆਖਿਆ ਨਾ ਕੀਤੀ ਗਈ ਹੋਵੇ ਉਸ ਜ਼ਮੀਨ ਦੇ ਟੁਕੜੇ ਦਾ ਕੋਈ ਮਾਲਕ ਨਾ ਹੋਵੇ, ਤਾਂ ਇਸ ਨੂੰ ਸੁਰੱਖਿਅਤ ਮੰਨਿਆ ਜਾਂਦਾ ਹੈ। ਬਹੁਤ ਸਾਰੇ ਸ਼ਹਿਰ, ਜੋ ਰਾਸ਼ਟਰੀ ਅਤੇ ਵਿਸ਼ਵ ਪੱਧਰ ਤੋਂ ਪੂੰਜੀ ਨੂੰ ਆਕਰਸ਼ਿਤ ਕਰਨਾ ਚਾਹੁੰਦੇ ਹਨ, ਉਹ ਸੁਰੱਖਿਆ ਦੇ ਮੁੱਦੇ ਨੂੰ ਮੁਨਾਫ਼ੇ ਦੀ ਦ੍ਰਿਸ਼ਟੀ ਤੋਂ ਵੇਖਦੇ ਹਨ। ਉਹ ਜ਼ਮੀਨ ਦੀ ਕੀਮਤ ਵੇਖ ਕੇ ਉਸ ਦੀ ਸੁਰੱਖਿਆ ਬਾਰੇ ਫ਼ੈਸਲਾ ਕਰਦੇ ਹਨ, ਅਤੇ ਸ਼ਹਿਰ ਵਿਚਲੀ ਜਾਂ ਇਸ ਦੀ ਬਾਹਰੀ ਸੀਮਾ ਤੋਂ ਸਿਰਫ਼ ਉਸੇ ਜ਼ਮੀਨ ਨੂੰ ਸੁਰੱਖਿਅਤ ਐਲਾਨਦੇ ਹਨ ਜੋ ਘੱਟ ਕੀਮਤ ਵਾਲੀ ਹੋਵੇ।

ਜ਼ਮੀਨ ਦੀ ਘਾਟ ਅਤੇ ਸੁਰੱਖਿਆ ਦੀਆਂ ਧਾਰਨਾਵਾਂ ਅਤੇ ਪਰਿਭਾਸ਼ਾ ਵਿਚ ਅੰਤਰ ਨੇ ਕਈ ਸ਼ਹਿਰਾਂ ਵਿਚ ਰਾਜੀਵ ਆਵਾਸ ਯੋਜਨਾ ਨੂੰ ਲਾਗੂ ਹੀ ਨਹੀਂ ਹੋਣ ਦਿਤਾ। ਇਹੀ ਹਾਲ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਦਾ ਸੀ। ਜ਼ਿਆਦਾਤਰ ਮਾਮਲਿਆਂ ਵਿਚ ਸਥਾਨਕ ਸੰਸਥਾਵਾਂ, ਜਿਨ੍ਹਾਂ ਵਿਚ ਨਗਰ ਵਾਸੀਆਂ ਦੀਆਂ ਸਭਾਵਾਂ ਵੀ ਸ਼ਾਮਿਲ ਸਨ, ਨੇ ਇਸ ਮਿਸ਼ਨ ਲਈ ਉਨ੍ਹਾਂ ਦੀਆਂ ਜ਼ਮੀਨਾਂ ਨਾ ਪ੍ਰਾਪਤ ਕਰਨ ਦਾ ਦਬਾਅ ਬਣਾਇਆ। ਇਸ ਦੇ ਲਈ ਉਨ੍ਹਾਂ ਨੇ ਸੁਰੱਖਿਆ ਦੀ ਮਦ ਦਾ ਹਵਾਲਾ ਦਿਤਾ। ਜ਼ਿਅਦਾਤਰ ਮਾਮਲਿਆਂ ਵਿਚ ਜ਼ਿਲ੍ਹਾ ਅਮਲ ਕਰਨ ਵਾਲਾ ਵਿਭਾਗ ਜਾਂ ਜ਼ਿਲ੍ਹਾ ਪੱਧਰ ਦੇ ਅਧਿਕਾਰੀ ਸੁਰੱਖਿਆ ਦੇ ਮੁੱਦੇ ਹੱਲ ਕਰਨ ਤੋਂ ਅਸਮਰਥ ਹੁੰਦੇ ਹਨ ਜਿਸ ਦਾ ਮੁੱਖ ਕਾਰਨ ਹੇਠਲੇ ਪੱਧਰ 'ਤੇ ਤਾਕਤਵਰ ਨਿਹਿਤ ਸਵਾਰਥ ਤੱਤਾਂ ਦੀ ਮੌਜੂਦਗੀ ਹੁੰਦੀ ਹੈ। ਰਾਸ਼ਟਰੀ ਸਲਾਹਕਾਰ ਸਮਿਤੀ ਵਲੋਂ ਸਲਾਹ ਦਿਤੀ ਗਈ ਕਿ ਸੁਰੱਖਿਆ ਸੰਬੰਧੀ ਮੁੱਦੇ ਸੁਲਝਾਉਣ ਲਈ ਜ਼ਿਲ੍ਹਾ ਅਧਿਕਾਰੀ ਜਾਂ ਕਲੈਕਟਰ ਮੁਖੀ ਹੋਣਾ ਚਾਹੀਦਾ ਹੈ। ਕਲੈਕਟਰ ਲਈ ਅਜਿਹਾ ਕਰਨਾ ਅਸੰਭਵ ਹੋਵੇਗਾ ਜਦੋਂ ਤਕ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਸਪੱਸ਼ਟ ਦਿਸ਼ਾ ਨਿਰਦੇਸ਼ ਪ੍ਰਾਪਤ ਨਾ ਹੋਣ ਜਿਸ ਵਿਚ ਸੁਰੱਖਿਆ ਦੇ ਮਾਪਦੰਡ ਅਤੇ ਵੇਰਵੇ ਦੀ ਸਪੱਸ਼ਟ ਵਿਆਖਿਆ ਕੀਤੀ ਹੋਵੇ। ਰਾਸ਼ਟਰੀ ਸੈਂਪਲ ਸਰਵੇ ਤੋਂ ਝੁੱਗੀਆਂ ਬਾਰੇ ਪ੍ਰਾਪਤ ਅੰਕੜਿਆਂ ਦੇ ਆਧਾਰ 'ਤੇ, ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਮੁਤਾਬਕ ਵਰਗ ਵੰਡ ਕੀਤੀ ਜਾ ਸਕਦੀ ਹੈ। ਰਾਸ਼ਟਰੀ ਸੈਂਪਲ ਸਰਵੇ ਦੇ ਆਉਣ ਵਾਲੇ ਸਰਵੇ ਵਿਚ ਕੁਝ ਝੁੱਗੀਆਂ ਦੀਆਂ ਕੁਝ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ ਤਾਂ ਜੋ ਜ਼ਿਆਦਾ ਬਾਰੀਕੀ ਨਾਲ ਇਨ੍ਹਾਂ ਦੀ ਪਛਾਣ ਕੀਤੀ ਜਾ ਸਕੇ। ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ, ਇਹ ਦਲੀਲ ਦੇਣੀ ਸੰਭਵ ਹੋਵੇਗੀ ਕਿ ਕੁੱਝ ਰਾਜਾਂ, ਮਿਸਾਲ ਲਈ ਮਹਾਂਰਾਸ਼ਟਰ, ਵਿਚ ਔਸਤਨ 70 ਪ੍ਰਤਿਸ਼ਤ ਤਕ ਝੁੱਗੀਆਂ ਸੁਰੱਖਿਅਤ ਹਨ। ਇਸ ਨਾਲ ਮਹਾਂਰਾਸ਼ਟਰ ਵਿਚਲੇ ਸ਼ਹਿਰਾਂ ਲਈ ਮਿੱਥੀ ਸੀਮਾ ਅਨੁਸਾਰ ਝੁੱਗੀਆਂ ਨੂੰ ਸੁਰੱਖਿਅਤ ਨਾ ਐਲਾਨਣਾ ਜ਼ਰੂਰੀ ਹੋ ਜਾਵੇਗਾ। ਇਹ ਅੰਕੜੇ ਸ਼ਹਿਰਾਂ ਲਈ 65 ਪ੍ਰਤਿਸ਼ਤ ਹੋ ਸਕਦੇ ਹਨ, ਪਰ ਦੂਜਿਆਂ ਲਈ 75 ਤੋਂ 80 ਪ੍ਰਤਿਸ਼ਤ ਦੇ ਵਿਚਕਾਰ ਹੋਣਗੇ। ਕਿਉਂਕਿ ਅਜਿਹੇ ਨਿਯਮਾਂ ਦਾ ਕੇਂਦਰੀ ਜਾਂ ਰਾਜ ਪੱਧਰ 'ਤੇ ਵੇਰਵਾ ਨਹੀਂ ਦਿਤਾ ਗਿਆ, ਸਥਾਨਕ ਪ੍ਰਸ਼ਾਸਨ 25 ਤੋਂ 30 ਪ੍ਰਤਿਸ਼ਤ ਝੁੱਗੀ ਖੇਤਰ ਨੂੰ ਸੁਰੱਖਿਅਤ ਐਲਾਨ ਕੇ ਆਪਣੀ ਜਾਨ ਛੁਡਾ ਜਾਂਦਾ ਹੈ। ਜਦੋਂ ਸਪੱਸ਼ਟ ਦਿਸ਼ਾ ਨਿਰਦੇਸ਼ ਰਾਹੀਂ ਕੇਂਦਰ ਅਤੇ ਰਾਜ ਸਰਕਾਰਾਂ ਸੁਰੱਖਿਆ ਦੀ ਇਕ ਸਪੱਸ਼ਟ ਪਰਿਭਾਸ਼ਾ ਦਾ ਐਲਾਨ ਨਹੀਂ ਕਰਦੀਆਂ, ਸਥਾਨਕ ਪੱਧਰ 'ਤੇ ਇਹ ਮਸਲਾ ਹੱਲ ਨਹੀਂ ਹੋਵੇਗਾ ਅਤੇ ਇਸ ਦੇ ਸਾਹਮਣੇ ਕਾਨੂੰਨੀ ਅੜਚਣਾ ਆਉਣਗੀਆਂ। ਪਰ, ਜਦੋਂ ਇਹ ਫ਼ੈਸਲਾ ਕਰ ਲਿਆ ਗਿਆ ਕਿ ਕਿਸੇ ਰਾਜ ਵਿਚ 75 ਪ੍ਰਤਿਸ਼ਤ ਝੁੱਗੀਆਂ ਸੁਰੱਖਿਅਤ ਹਨ ਤਾਂ ਸਥਾਨਕ ਪ੍ਰਸ਼ਾਸਨ ਦੁਆਰਾ ਪੈਸੇ ਕਮਾਉਣ ਲਈ ਜ਼ਿਆਦਾ ਜ਼ਮੀਨ ਹੜੱਪਣਾ ਮੁਸ਼ਕਿਲ ਹੋ ਜਾਵੇਗਾ। ਹੋਰ, ਇਹ ਸਾਫ਼ ਕਰ ਦੇਣਾ ਚਾਹੀਦਾ ਹੈ ਕਿ ਇਹ ਸੁਰੱਖਿਆ ਖੇਤਰ ਨਿੱਜੀ ਉਸਾਰੀ ਕਰਨ ਵਾਲਿਆਂ ਨੂੰ ਵਪਾਰ ਹਿਤ ਨਹੀਂ ਦਿਤੇ ਜਾ ਸਕਦੇ।

## ਅਧਿਕਾਰਤ ਘਰਾਂ ਦੀ ਪਛਾਣ

ਜ਼ਮੀਨ ਦੀ ਪ੍ਰਾਪਤੀ ਅਤੇ ਸੁਰੱਖਿਆ ਸੰਬੰਧੀ ਸਵਾਲ ਪੂਰਤੀ ਦੀਆਂ ਸਮੱਸਿਆਵਾਂ ਨਾਲ ਸੰਬੰਧ ਰੱਖਦੇ ਹਨ ਜਦ ਕਿ ਮੰਗ ਪੱਖ ਵਿਚ ਘਰਾਂ ਦੀ ਹੱਕਦਾਰੀ ਨਿਰਧਾਰਤ ਕਰਨਾ ਅਤੇ ਉਨ੍ਹਾਂ ਦੀ ਗੁੰਜਾਇਸ਼ ਦੇ ਮੁੱਦੇ ਹਨ। ਅਸਲ ਵਿਚ, ਰਾਜੀਵ ਆਵਾਸ ਯੋਜਨਾ ਨੂੰ ਸੰਚਾਲਤ ਕਰਨ ਵਿਚ ਸਸਤੇ ਘਰਾਂ ਦੀ ਪਾਤਰਤਾ ਵਿਵਾਦ ਦਾ ਇਕ ਪ੍ਰਮੁੱਖ ਮੁੱਦਾ ਹੈ। ਕਿਸੇ ਝੁੱਗੀ ਖੇਤਰ ਵਿਚ, ਕੋਈ ਕਿਵੇਂ ਫ਼ੈਸਲਾ ਕਰੇਗਾ ਕਿ ਕਿਸ ਨੂੰ ਜ਼ਮੀਨ ਦੇ ਮਾਲਕਾਨਾ ਹੱਕ ਅਤੇ ਮਕਾਨ ਦਿਤਾ ਜਾਵੇ। ਬਹੁਤ ਸਾਰੀਆਂ ਸਿਵਲ ਸੋਸਾਇਟੀ ਸਭਾਵਾਂ ਦਲੀਲ ਦਿੰਦੀਆਂ ਹਨ ਕਿ ਸਿਰਫ਼ ਝੁੱਗੀ ਖੇਤਰ ਵਿਚ ਰਹਿਣ ਨੂੰ ਯੋਗਤਾ ਮੰਨਣ ਦੇ ਸਿਧਾਂਤ ਨੂੰ ਖ਼ਤਮ ਕਰਨਾ ਚਾਹੀਦਾ ਹੈ। ਸਾਰੇ ਜਾਣਦੇ ਹਨ ਕਿ ਤਾਕਤਵਰ ਜ਼ਮੀਨ ਮਾਫੀਆ ਝੁੱਗੀ ਖੇਤਰਾਂ ਵਿਚ ਸਰਗਰਮ ਹੁੰਦਾ ਹੈ ਅਤੇ ਉਹ ਝੁੱਗੀਆਂ ਵਾਲੀ ਜ਼ਮੀਨ ਹਥਿਆਉਣ ਲਈ ਨਕਲੀ ਦਾਅਵੇਦਾਰ ਖੜ੍ਹੇ ਕਰ ਸਕਦਾ ਹੈ। ਇਸ ਲਈ, ਅਧਿਕਾਰਤ ਘਰਾਂ ਦੀ ਪਛਾਣ ਕਰਨ ਦਾ ਸਿਧਾਂਤ ਸਪੱਸ਼ਟ ਹੋਣਾ ਅਹਿਮ ਹੈ। ਜੇ ਇਹ ਕਿਸੇ ਸਰਕਾਰੀ ਵਿਭਾਗ ਨੂੰ ਸੌਂਪਿਆ ਜਾਵੇ ਤਾਂ ਉਹ ਜ਼ਰੂਰ ਹੀ ਹੱਕਦਾਰੀ ਸਥਾਪਤ ਕਰਨ ਲਈ ਵੋਟਰ ਕਾਰਡ, ਰਾਸ਼ਨ ਕਾਰਡ, ਆਧਾਰ ਕਾਰਡ ਆਦਿ ਨੂੰ ਜ਼ਰੂਰੀ ਦਸਤਾਵੇਜ਼ਾਂ ਵਜੋਂ ਮਾਨਤਾ ਦੇਵੇਗਾ ਜਿਸ ਨਾਲ ਇਸ ਮਿਸ਼ਨ ਦਾ ਮੁਢਲਾ ਮੰਤਵ ਹੀ ਖਤਮ ਹੋ ਜਾਵੇਗਾ ਕਿਉਂਕਿ ਬਹੁਤ ਸਾਰੇ ਝੁੱਗੀ ਵਸਨੀਕ ਦਹਾਕਿਆਂ ਬੱਧੀ ਉਥੇ ਰਹਿਣ ਦੇ ਬਾਵਜੂਦ ਇਹ ਦਸਤਾਵੇਜ਼ ਹਾਸਲ ਕਰਨ ਵਿਚ ਨਾਕਾਮ ਰਹੇ ਹਨ।

ਇਸ ਸੰਦਰਭ ਵਿਚ ਸੋਸਾਇਟੀ ਫਾਰ ਪ੍ਰੋਮਸ਼ਨ ਆਫ਼ ਏਰੀਆ ਰਿਸੋਰਸਜ਼ ਸੈਂਟਰਜ਼ ਵਲੋਂ 1990ਵਿਆਂ ਦੇ ਅਖੀਰ ਵਿਚ ਸ਼ਲਾਘਾਯੋਗ ਕੰਮ ਕੀਤਾ ਗਿਆ ਸੀ। ਇਸ ਲਈ ਉਸ ਵਲੋਂ ਮਹਾਂਰਾਸ਼ਟਰ ਸਰਕਾਰ ਅਤੇ ਮੁੰਬਈ ਨਗਰ ਨਿਗਮ ਨਾਲ ਸਹਿਯੋਗ ਕੀਤਾ ਗਿਆ। ਉਨ੍ਹਾਂ ਨੇ ਸਾਂਝੇ ਤੌਰ ਤੇ 16-17 ਦਸਤਾਵੇਜ਼ਾਂ ਦੀ ਇਕ ਸੂਚੀ ਤਿਆਰ ਕੀਤੀ ਜਿਸ ਵਿਚ ਕਿਸੇ ਪਤੇ 'ਤੇ ਪ੍ਰਾਪਤ ਹੋਇਆ ਪੱਤਰ, ਜ਼ਮੀਨ ਤਬਦੀਲੀ ਦੇ ਕਾਗਜ਼ਾਤ, ਡਾਕਟਰੀ ਬਿੱਲ ਜਿਨ੍ਹਾਂ 'ਤੇ ਪਤਾ ਲਿਖਿਆ ਹੋਵੇ ਆਦਿ ਨੂੰ ਇਕ ਯੋਗ ਸਬੂਤ ਵਜੋਂ ਵਿਚਾਰਨ ਦੀ

ਗੱਲ ਕੀਤੀ ਗਈ ਸੀ। ਇਨ੍ਹਾਂ ਵਿਚੋਂ ਕਿਸੇ ਦੇ ਵੀ ਨਾ ਹੋਣ 'ਤੇ, ਜੇ 20 ਘਰਾਂ ਦੇ ਵਿਅਕਤੀ ਇਕ ਸਮੂਹਿਕ ਮੁਲਾਕਾਤ ਵਿਚ ਇਹ ਪ੍ਰਮਾਣਿਤ ਕਰ ਦੇਣ ਕਿ ਫਲਾਣਾ ਵਿਅਕਤੀ ਇਕ ਖ਼ਾਸ ਸਮੇਂ ਤੋਂ ਇਸ ਜਗਹ 'ਤੇ ਨਿਵਾਸ ਕਰ ਰਿਹਾ ਹੈ ਤਾਂ ਉਸ ਨੂੰ ਵੀ ਸਬੂਤ ਦੇ ਤੌਰ ਤੇ ਮੰਨ ਲਿਆ ਜਾਵੇਗਾ। ਇਹ ਸਾਰਾ ਕੁਝ ਇਕ ਸਰਵੇਖਣ ਰਾਹੀਂ ਕੀਤਾ ਗਿਆ ਜਿਸ ਵਿਚ ਨਿਗਮ ਸਭਾ, ਰਾਜ ਸਰਕਾਰ ਦੇ ਅਧਿਕਾਰੀ, ਸਿਵਲ ਸੋਸਾਇਟੀ ਸਭਾਵਾਂ ਅਤੇ ਸਮੁਦਾਇਆਂ ਨੇ ਭਾਗ ਲਿਆ। ਚੌਹਾਂ ਵਿਭਾਗਾਂ ਦੇ ਪ੍ਰਤਿਨਿਧੀਆਂ ਵਲੋਂ, ਜ਼ਮੀਨ ਦੇ ਹੱਕ ਮੁਨਾਸਬ ਘਰਾਂ ਨੂੰ ਦੇਣ ਦੇ ਪ੍ਰਮਾਣ ਪੱਤਰ 'ਤੇ ਹਸਤਾਖਰ ਕੀਤੇ ਗਏ।

***ਇਸ ਸਰਵੇਖਣ ਦੇ ਸੰਚਾਲਨ ਲਈ ਸ਼ਹਿਰ ਵਿਚ ਝੁੱਗੀ-ਝੌਂਪੜੀ ਨਿਵਾਸੀ ਦੀ ਆਮਦ ਦੀ ਇਕ ਤਾਰੀਖ ਨਿਰਧਾਰਤ ਕਰਨੀ ਪਵੇਗੀ, ਭਾਵੇਂ ਕਿ ਇਸ ਨੂੰ ਇਕ ਵਾਰੀ ਹੀ ਸੀਮਤ ਨਾ ਕੀਤਾ ਜਾਵੇ। ਅਜਿਹੇ ਸਰਵੇਖਣ ਦੀ ਪ੍ਰਕਿਰਿਆ ਰਸਮੀ ਪਰ ਭਾਗੀਦਾਰੀ ਵਾਲੀ ਹੋਣੀ ਚਾਹੀਦੀ ਹੈ ਜਿਸ ਵਿਚ ਦਸਤਾਵੇਜ਼ਾਂ ਦੀ ਜ਼ਰੂਰਤ ਅਤੇ ਪ੍ਰਕਿਰਆਵਾਂ ਬਾਰੇ ਥੋੜ੍ਹੀ ਬਹੁਤ ਲਚਕ ਹੋਵੇ। ਸਭ ਤੋਂ ਜ਼ਿਆਦਾ ਮਹੱਤਵਪੂਰਨ ਸੰਬੰਧਿਤ ਰਾਜ ਅਤੇ ਸਥਾਨਕ ਸਰਕਾਰਾਂ ਦੇ ਸੰਬੰਧਿਤ ਵਿਭਾਗਾਂ ਦੀ ਸ਼ਮੂਲੀਅਤ ਨਾਲ ਇਨ੍ਹਾਂ ਸਰਵੇਖਣਾਂ ਨੂੰ ਕਾਨੂੰਨੀ ਥਾਪੜਾ ਵੀ ਦਿਤਾ ਜਾਣਾ ਚਾਹੀਦਾ ਹੈ। ਸਥਾਨਕ ਭਾਈਚਾਰਿਆਂ ਦੀ ਸ਼ਮੂਲੀਅਤ ਵੀ ਉਨੀ ਹੀ ਅਹਿਮ ਹੋਵੇਗੀ।***

ਬਦਕਿਸਮਤੀ ਨੂੰ, ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ/ਰਾਜੀਵ ਆਵਾਸ ਯੋਜਨਾ ਤਹਿਤ ਝੁੱਗੀ-ਝੌਂਪੜੀਆਂ ਬਾਰੇ ਸਰਵੇਖਣ ਕਰਨ ਲਈ ਬੇਤਹਾਸ਼ਾ ਪੈਸਾ ਖਰਚਿਆ ਗਿਆ ਹੈ। ਸਰਵੇਖਣ ਲਈ ਸਵਾਲਾਂ ਦੀ ਸੂਚੀ ਤਿਆਰ ਕਰਨ ਲਈ ਅਤੇ ਮੰਨਣਯੋਗ ਦਸਤਾਵੇਜ਼ਾਂ ਦੀ ਸੂਚੀ ਤਿਆਰ ਕਰਨ ਲਈ ਅਨੇਕ ਬੈਠਕਾਂ ਕੀਤੀਆਂ ਗਈਆਂ। ਮਾੜੀ ਕਿਸਮਤ ਨੂੰ, ਅਨੇਕ ਸ਼ਹਿਰਾਂ ਵਿਚ ਰਾਜਨੀਤਕ ਅਤੇ ਪ੍ਰਸ਼ਾਸਨਿਕ ਕਾਰਨਾਂ ਕਰਕੇ ਸਰਵੇਖਣ ਕੀਤੇ ਗਏ, ਜਿਸ ਲਈ ਦਸਤਾਵੇਜ਼ਾਂ ਅਤੇ ਪ੍ਰਕਿਰਿਆਵਾਂ ਦੀ ਕੋਈ ਸੂਚੀ ਤਿਆਰ ਨਹੀਂ ਕੀਤੀ ਗਈ।

## ਮਕਾਨਾਂ ਦੀ ਗੁੰਜਾਇਸ਼

ਇਕ ਪਾਤਰਤਾ ਸਿਧਾਂਤ ਅਪਣਾਉਣ ਦੇ ਸੰਦਰਭ ਵਿਚ ਮਿਸ਼ਨ ਦੀ ਬੈਂਕ ਦੀ ਯੋਗਤਾ ਇਕ ਅਹਿਮ ਚਿੰਤਾ ਵਾਲੀ ਗੱਲ ਰਹੀ ਹੈ। ਦੀਪਕ ਪਾਰੇਖ ਸਮਿਤੀ (ਕਮੇਟੀ ਫਾਰ ਅਫੌਰਡੇਬਲ ਹਾਊਸਿੰਗ, ਮਕਾਨ ਉਸਾਰੀ ਅਤੇ ਸ਼ਹਿਰੀ ਗਰੀਬੀ ਹਟਾਉਣ, 2004) ਵਲੋਂ ਗੁੰਜਾਇਸ਼ ਜਾਂ ਪਹੁੰਚ ਵਾਲੇ ਮਕਾਨਾਂ ਨੂੰ ਬਹੁਤ ਹੀ ਖੁੱਲ੍ਹੇ ਰੂਪ ਵਿਚ ਪਰਿਭਾਸ਼ਿਤ ਕੀਤਾ ਗਿਆ। ਇਸ ਵਲੋਂ ਫ਼ੈਸਲਾ ਕੀਤਾ ਗਿਆ ਕਿ ਕਰਜ਼ਾ ਚੁਕਾਉਣ ਲਈ ਘਰ ਵਾਲਿਆਂ ਨੂੰ ਮਹੀਨੇਵਾਰ ਕਿਸ਼ਤ ਦੇਣੀ ਹੋਵੇਗੀ ਜੋ ਵਰਤਮਾਨ ਕੀਮਤਾਂ ਦੇ ਆਧਾਰ 'ਤੇ, 3000 ਰੁਪਏ ਹੋਵੇਗੀ। ਜੇ ਅਸੀਂ ਬਦਨਾਮ ਹੋ ਚੁੱਕੀ 32 ਰੁਪਏ ਰੋਜ਼ਾਨਾ ਦੀ ਗਰੀਬੀ ਰੇਖਾ ਨੂੰ ਮੰਨ ਲਈਏ ਅਤੇ ਉਸ ਨੂੰ ਖਪਤਕਾਰ ਕੀਮਤ-ਸੂਚਕਾਂਕ ਨਾਲ ਮਿਲਾ ਦੇਈਏ ਤਾਂ ਇਕ ਔਸਤ ਆਕਾਰ ਦੇ ਪਰਿਵਾਰ ਦੀ ਗਰੀਬੀ ਰੇਖਾ ਮੁਤਾਬਿਕ, ਮਾਸਿਕ ਆਮਦਨ 6500 ਰੁਪਏ ਦੇ ਲਗਭਗ ਬੈਠਦੀ ਹੈ, ਜੇ ਅਸੀਂ ਦਿੱਲੀ ਲਈ ਨਿਸਚਤ ਕੀਮਤ-ਸੂਚਕਾਂਕ ਦੀ ਵਰਤੋਂ ਕਰੀਏ, ਛੋਟੇ ਸ਼ਹਿਰਾਂ ਲਈ ਇਹ ਅੰਕੜਾ 5800 ਤੋਂ 6000 ਰੁਪਏ ਵਿਚਕਾਰ ਹੋਵੇਗਾ। ਇਹ ਕੋਈ ਬਹੁਤ ਵਧੀਆ ਆਮਦਨ ਨਹੀਂ ਪਰ 20 ਪ੍ਰਤਿਸ਼ਤ ਸ਼ਹਿਰੀ ਘਰ ਅੱਜ ਵੀ ਇਨ੍ਹਾਂ ਭੈੜੇ ਹਾਲਾਤ ਵਿਚ ਜੀਅ ਰਹੇ ਹਨ। ਇਹ ਉਹ ਪਰਿਵਾਰ ਹਨ ਜਿਨ੍ਹਾਂ ਵੱਲ ਇਸ ਮਿਸ਼ਨ ਤਹਿਤ ਫੌਰੀ ਧਿਆਨ ਦਿਤਾ ਜਾਣਾ ਜ਼ਰੂਰੀ ਹੈ ਨਾ ਕਿ ਉਹ ਜਿਨ੍ਹਾਂ ਵਿਚ 3000 ਰੁਪਏ ਤਕ ਪ੍ਰਤਿ ਮਹੀਨਾ ਕਰਜ਼ਾ ਮੋੜਨ ਦੀ ਸਮਰਥਾ ਹੈ।

ਪਿਛਾਂਹ ਨੂੰ ਹਿਸਾਬ ਕੀਤਿਆਂ ਇਹ ਸਪੱਸ਼ਟ ਹੈ ਕਿ ਅਸਲ ਵਿਚ ਗਰੀਬ ਪਰਿਵਾਰ ਇਹ ਮਹੀਨੇਵਾਰ ਕਿਸ਼ਤ ਨਹੀਂ ਮੋੜ ਸਕਦੇ, ਜੋ ਸ਼ਹਿਰ ਦੀ ਹੇਠਲੀ ਵਸੋਂ ਦਾ 30 ਪ੍ਰਤਿਸ਼ਤ ਹਨ। ਨੈਸ਼ਨਲ ਸੈਂਪਲ ਸਰਵੇ ਦੇ 2009-10 ਦੇ ਖਪਤ-ਖਰਚ ਦੇ ਅੰਕੜਿਆਂ ਨੂੰ ਆਧਾਰ ਮੰਨ ਕੇ, ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਸ਼ਹਿਰੀ ਪਰਿਵਾਰਾਂ ਦੇ ਹੇਠਲੇ 30 ਪ੍ਰਤਿਸ਼ਤ ਪਰਿਵਾਰਾਂ ਦੀ ਮਹੀਨੇਵਾਰ ਕਰਜ਼ਾ ਮੋੜਨ ਦੀ ਸਮਰੱਥਾ 850 ਰੁਪਏ ਤੋਂ ਜ਼ਿਆਦਾ ਨਹੀਂ ਹੋ ਸਕਦੀ, ਜੋ ਉਨ੍ਹਾਂ ਦੇ ਗ਼ੈਰ ਖਾਧ ਪਦਾਰਥਾਂ ਦੇ ਕੁੱਲ ਖਰਚ ਦੇ ਲਗਭਗ ਬਰਾਬਰ ਹੈ। ਵਰਤਮਾਨ ਕੀਮਤਾਂ 'ਤੇ, ਇਹ ਅੰਕੜਾ ਸੋਧ ਕੇ 1000 ਰੁਪਏ ਕੀਤਾ ਜਾਵੇਗਾ। ਇਹ ਸਪੱਸ਼ਟ ਹੈ ਕਿ 2800-3000 ਰੁਪਏ ਦੀ ਮਾਸਿਕ ਅਦਾਇਗੀ ਕਰਨ ਲਈ ਲੋੜਾਂ ਦੀ ਸੂਚੀ ਵਿਚ ਕਟੌਤੀ ਕਰਨੀ ਪਵੇਗੀ। ਬੇਸ਼ੱਕ, 1000 ਰੁਪਏ ਦੀ ਮਾਸਿਕ ਕਿਸ਼ਤ ਨਾਲ ਵੱਡੇ ਸ਼ਹਿਰਾਂ ਵਿਚ ਢੰਗ ਦਾ ਘਰ ਨਹੀਂ ਮਿਲੇਗਾ, ਤਾਂ ਵੀ ਜੇ ਜ਼ਮੀਨ ਦੀ ਕੀਮਤ ਦਾ ਭਾਰ ਜਨਤਕ ਅਧਿਕਾਰੀਆਂ ਵਲੋਂ ਚੁੱਕਿਆ ਜਾਵੇ। ਜੇ ਮਿਸ਼ਨ ਵਿਚ ਬੈਂਕਾਂ ਦੀ ਯੋਗਤਾ ਵਿਚ ਫ਼ਿਕਰ ਹੈ ਤਾਂ, ਰਾਜੀਵ ਆਵਾਸ ਯੋਜਨਾ ਤਹਿਤ ਲਿਆਂਦੇ ਜਾਣ ਵਾਲੇ ਝੁੱਗੀ ਵਾਲੇ ਘਰਾਂ ਦੇ ਆਕਾਰ ਨੂੰ ਵੀ 120 ਵਰਗ ਫੁੱਟ ਤਕ ਸੀਮਤ ਕਰਨਾ ਹੋਵੇਗਾ। 180 ਵਰਗ ਫੁੱਟ ਦਾ ਮੰਨਣਯੋਗ ਰਕਬਾ ਦੇਣ ਲਈ ਵਿਆਜ ਅਤੇ ਨਗਦ ਦੀ ਵਾਧੂ ਸਬਸਿਡ ਦੇਣੀ ਪਵੇਗੀ।

## ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀ-ਕਰਨ ਮਿਸ਼ਨ ਵਾਲੇ ਸ਼ਹਿਰਾਂ ਵਿਚ ਵਿਸ਼ਿਸ਼ਟ ਸ਼ਹਿਰੀਕਰਨ

65 ਵੱਡੇ ਸ਼ਹਿਰਾਂ 'ਤੇ ਵਿਚਾਰ ਕਰਦਿਆਂ ਜਿਥੇ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਲਾਗੂ ਕੀਤਾ ਗਿਆ ਸੀ, ਅਸੀਂ ਨੋਟ ਕਰਾਂਗੇ ਕਿ (1) ਜਨਸੰਖਿਆ ਦੀ ਵਿਕਾਸ ਦਰ ਵਿਚ ਮੱਠਾਪਨ ਆਇਆ ਅਤੇ ਜ਼ਿਆਦਾ ਮਹੱਤਵਪੂਰਨ (2) ਸ਼ਹਿਰੀ ਖੇਤਰਾਂ ਵਿਚ ਝੁੱਗੀ ਵਾਲੀ ਵਸੋਂ ਦਾ ਹਿੱਸਾ ਨਾਟਕੀ ਢੰਗ ਨਾਲ ਘਟਿਆ ਹੈ, ਜਿਵੇਂ ਕਿ 2011 ਦੀ ਮਰਦਮਸ਼ੁਮਾਰੀ ਅਤੇ ਨੈਸ਼ਨਲ ਸੈਂਪਲ ਸਰਵੇ ਦੇ 69ਵੇਂ ਗੇੜ ਦੇ ਸਰਵੇਖਣ ਦੇ ਅੰਕੜਿਆਂ ਤੋਂ ਨਜ਼ਰ ਆ ਰਿਹਾ ਹੈ। ਝੁੱਗੀ-ਝੌਂਪੜੀ ਜਨਸੰਖਿਆ ਦੀ ਗਿਣਤੀ ਵਿਚ ਗਿਰਾਵਟ ਨੂੰ ਸ਼ਹਿਰਾਂ ਦੀ ਵਧੀ ਹੋਈ ਸਾਫ਼-ਸਫ਼ਾਈ ਦੀ ਰੋਸ਼ਨੀ ਵਿਚ ਵੇਖਣਾ ਚਾਹੀਦਾ ਹੈ, ਜਿਸ ਵਿਚ ਝੁੱਗੀ-ਝੌਂਪੜੀਆਂ ਖਾਲੀ ਕਰਵਾਉਣ ਅਤੇ ਇਨ੍ਹਾਂ ਨੂੰ ਸ਼ਹਿਰ ਦੀ ਬਾਹਰੀ ਸੀਮਾ ਵੱਲ ਖਦੇੜਨਾ ਸ਼ਾਮਿਲ ਹੈ। ਮਾੜੀ ਹਾਲਤ ਵਾਲੀਆਂ ਝੁੱਗੀਆਂ, ਜਿਥੇ ਬੁਨਿਆਦੀ ਸਹੂਲਤਾਂ ਵੀ ਨਹੀਂ ਹਨ, ਨੂੰ ਤੋੜਨ ਨਾਲ, ਠੀਕ ਹੀ ਝੁੱਗੀਆਂ ਵਿਚ ਰਹਿਣ ਵਾਲਿਆ ਦੇ ਰਹਿਣ-ਸਹਿਣ ਵਿਚ ਸੁਧਾਰ ਨਜ਼ਰ ਆਵੇਗਾ ਜਿਸ ਨਾਲ ਬੁਨਿਆਦੀ ਸਹੂਲਤਾਂ ਤਕ ਪਹੁੰਚ ਰੱਖਣ ਵਾਲੇ ਵਿਅਕਤੀਆਂ ਦੀ ਪ੍ਰਤਿਸ਼ਤ ਵਿਚ ਵਾਧਾ ਹੋਵੇਗਾ। ਨਾਲ ਹੀ ਦੂਜੀ ਜਗਹ ਸਥਾਪਤ ਕਰਨ ਅਤੇ

ਸ਼ਹਿਰ ਤੋਂ ਬਾਹਰ ਕੱਢਣ ਨਾਲ ਝੁੱਗੀ ਬਸਤੀਆਂ ਵਿਚ ਬੁਨਿਆਦੀ ਸਹੂਲਤਾਂ ਤਕ ਜ਼ਿਆਦਾ ਪਹੁੰਚ ਸੰਭਵ ਹੋ ਸਕੇਗੀ।

***ਸਾਰੇ ਭੂਗੋਲਿਕ ਸੂਚਕਾਂ ਤੋਂ, ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਸਾਰੇ 65 ਮਿਸ਼ਨ ਸ਼ਹਿਰਾਂ ਲਈ ਵਿਸ਼ਿਸ਼ਟ ਸਾਬਤ ਹੋਇਆ ਹੈ। ਇਥੇ ਜਨਸੰਖਿਆ ਵਿਕਾਸ ਦਰ ਦੇ ਨਾਲ-ਨਾਲ ਗਰੀਬੀ ਵਿਚ ਵੀ ਪ੍ਰਤੱਖ ਗਿਰਾਵਟ ਆਈ ਹੈ। ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਸ਼ਹਿਰਾਂ ਦੇ ਭੂਗੋਲਿਕ ਵਿਕਾਸ ਵਿਚ ਤੇਜ਼ੀ ਨਾਲ ਹੋਈ ਗਿਰਾਵਟ ਦਾ ਕਾਰਨ ਪ੍ਰਜਨਣ ਸਮਰੱਥਾ ਦੇ ਰੁਝਾਨ ਵਿਚ ਗਿਰਾਵਟ ਜਾਂ ਮੌਤ ਦੀ ਦਰ ਨੂੰ ਨਹੀਂ ਠਹਿਰਾਇਆ ਜਾ ਸਕਦਾ। ਇਸ ਵਿਆਖਿਆ ਦਾ ਕੁਝ ਹਿੱਸਾ ਇਨ੍ਹਾਂ ਸ਼ਹਿਰਾਂ ਵਿਚ ਪਰਵਾਸੀਆਂ ਨੂੰ ਜਜ਼ਬ ਕਰਨ ਦੀ ਦਰ ਵਿਚ ਗਿਰਾਵਟ ਵਿਚ ਪਿਆ ਹੈ। ਹੋਰ, ਨੈਸ਼ਨਲ ਸੈਂਪਲ ਸਰਵੇ ਤੋਂ ਕਾਫੀ ਭਰੋਸੇ ਯੋਗ ਸਬੂਤ ਮਿਲਦੇ ਹਨ ਕਿ ਇਕ ਮਿਲੀਅਨ ਤੋਂ ਵੱਧ ਆਬਾਦੀ ਵਾਲੇ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਸ਼ਹਿਰਾਂ ਵਿਚ ਗਰੀਬਾਂ ਦੀ ਪ੍ਰਤਿਸ਼ਤ ਕਾਫ਼ੀ ਘੱਟ ਹੋਈ ਹੈ।***

### ਰਾਜੀਵ ਆਵਾਸ ਯੋਜਨਾ ਦੇ ਸੰਚਾਲਨ ਦਾ ਪਰਿਪੇਖ

ਯੋਜਨਾਕਾਰ ਅਤੇ ਪ੍ਰਸ਼ਾਸਨ ਦਰਮਿਆਨ ਇਕ ਧਾਰਨਾ ਬਣਦੀ ਜਾ ਰਹੀ ਹੈ ਕਿ ਵੱਡੇ ਸ਼ਹਿਰਾਂ ਦੇ ਮੁਕਾਬਲੇ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਵਿਚ ਜ਼ਿਆਦਾ ਗੰਭੀਰ ਢਾਂਚਾਗਤ ਕਮੀਆਂ ਹਨ, ਬੁਨਿਆਦੀ ਸਹੂਲਤਾਂ ਤੋਂ ਵਿਰਵੀ ਜਨਸੰਖਿਆ ਵਿਚ ਵਾਧਾ ਵੀ ਜ਼ਿਆਦਾ ਹੋ ਰਿਹਾ ਹੈ। ਇਹ ਸਮਾਂ ਕੁਝ ਨੀਤੀ ਤਿਆਰ ਕਰਨ ਵਾਲਿਆਂ ਨੂੰ ਮਜਬੂਰ ਕਰੇਗਾ ਕਿ ਇਨ੍ਹਾਂ ਸ਼ਹਿਰਾਂ ਵਿਚ ਬਿਜਲੀ, ਪਾਣੀ ਅਤੇ ਸਾਫ਼-ਸਫ਼ਾਈ ਦੀਆਂ ਕਮੀਆਂ ਨੂੰ ਹੱਲ ਕੀਤਾ ਜਾਵੇ। ਵੱਡੇ ਸ਼ਹਿਰਾਂ ਦੇ ਮਾਮਲੇ ਵਿਚ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਅਤੇ ਰਾਜੀਵ ਆਵਾਸ ਯੋਜਨਾ ਦੀ ਸੇਧ ਬਦਲਣ ਦੀ ਜ਼ਰੂਰਤ ਹੈ। ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਵਰਗਾ ਹੀ ਇਕ ਮਿਸ਼ਨ ਸ਼ੁਰੂ ਕੀਤੇ ਜਾਣ ਦੀ ਫੌਰੀ ਲੋੜ ਹੈ ਜਿਸ ਨਾਲ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਵਿਚ ਬੁਨਿਆਦੀ ਸੇਵਾਵਾਂ ਦੇਣ ਨੂੰ ਮਜ਼ਬੂਤ ਕੀਤਾ ਜਾ ਸਕੇ। 2011 ਦੀ ਮਰਦਮਸ਼ੁਮਾਰੀ ਵਿਚ 2800 ਨਵੇਂ ਸ਼ਹਿਰਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਸ਼ਹਿਰਾਂ ਵਿਚ ਗ਼ੈਰ-ਖੇਤੀ ਸਰਗਰਮੀਆਂ ਦਾ ਵਿਕਾਸ ਅਤੇ ਆਰਥਿਕਤਾ ਵਿਚ ਵਿਭਿੰਨਤਾ ਦੀਆਂ ਸੰਭਾਵਨਾਵਾਂ ਵੇਖੀਆਂ ਗਈਆਂ ਸਨ। ਜਦੋਂ ਤਕ ਇਨ੍ਹਾਂ ਇਨ੍ਹਾਂ ਸ਼ਹਿਰਾਂ ਵਿਚ ਕਿਸੇ ਤਰ੍ਹਾਂ ਦੀ ਢਾਂਚਾਗਤ ਸਹਾਇਤਾ ਪ੍ਰਦਾਨ ਨਹੀਂ ਕੀਤੀ ਜਾਂਦੀ, ਉਹ ਦੂਜੇ ਸ਼ਹਿਰਾਂ ਦਾ ਮੁਕਾਬਲਾ ਕਰਨ ਅਤੇ ਵਿਕਾਸ ਦੇ ਕੇਂਦਰ ਵਜੋਂ ਉੱਭਰਨ ਦੇ ਕਾਬਲ ਨਹੀਂ ਹੋ ਸਕਣਗੇ। ਹੋ ਸਕਦਾ ਹੈ ਆਉਣ ਵਾਲੇ ਸਾਲਾਂ ਵਿਚ ਉਹ ਸ਼ਹਿਰਾਂ ਦੇ ਦ੍ਰਿਸ਼ ਤੋਂ ਵੀ ਲੋਪ ਹੋ ਜਾਣ। ਵਿਕਾਸ ਦੀਆਂ ਸੰਭਾਵਨਾਵਾਂ ਪ੍ਰਦਰਸ਼ਿਤ ਕਰਨ ਵਾਲੇ ਅਤੇ ਦਰਮਿਆਨੇ ਸ਼ਹਿਰਾਂ ਨੂੰ ਢਾਂਚਾਗਤ ਸਹਾਇਤਾ ਮੁਹੱਈਆ ਕਰਵਾਉਣਾ ਰਣਨੀਤੀ ਦਾ ਇਕ ਅਹਿਮ ਅੰਗ ਹੋਣਾ ਚਾਹੀਦਾ ਹੈ ਤਾਂ ਜੋ ਦੇਸ਼ ਵਿਚ ਸੰਤੁਲਿਤ ਵਿਕਾਸ ਯਕੀਨੀ ਬਣਾਇਆ ਜਾ ਸਕੇ।

ਇਹ ਵੇਖਦਿਆਂ ਕਿ ਰਾਜੀਵ ਆਵਾਸ ਯੋਜਨਾ ਤਹਿਤ ਸੰਕਲਪੀਕਰਨ ਅਤੇ ਸੰਚਾਲਨ ਵੱਖ-ਵੱਖ ਦਿਸ਼ਾਵਾਂ ਵਿਚ ਜਾ ਰਹੇ ਹਨ, ਸ਼ਹਿਰੀ ਅਤੇ ਰਾਸ਼ਟਰੀ ਪੱਧਰ 'ਤੇ ਯੋਜਨਾਕਾਰਾਂ ਦਰਮਿਆਨ ਰਾਬਤੇ ਦੀ ਇਕ ਗੰਭੀਰ ਕਮੀ ਵਿਖਾਈ ਦੇ ਰਹੀ ਹੈ। ਸਥਾਨਕ ਪੱਧਰ 'ਤੇ ਜ਼ਮੀਨ ਦੇ ਮਾਲਕ ਵਿਭਾਗਾਂ ਵਲੋਂ ਉਸ ਸਥਾਨ ਸੁਧਾਰ ਨੂੰ ਮੁੱਢੋਂ ਹੀ ਰੱਦ ਕਰ ਦਿਤਾ ਗਿਆ ਹੈ। ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਜ਼ਮੀਨ ਦੇ ਮਾਲਕ ਵਿਭਾਗਾਂ ਵਲੋਂ ਝੁੱਗੀ-ਝੌਂਪੜੀ ਵਾਲੀ ਜ਼ਮੀਨ ਨੂੰ ਇਕ ਜਾਂ ਦੂਸਰਾ ਬਹਾਨਾ ਬਣਾ ਕੇ ਗ਼ੈਰ ਸੁਰੱਖਿਅਤ ਕਰਾਰ ਦੇ ਦਿਤਾ ਗਿਆ ਹੈ। ਦੂਜੇ ਪਾਸੇ, ਝੁੱਗੀ ਨਿਵਾਸੀ ਕਿਸੇ ਵੀ ਦੂਜੀ ਥਾਂ ਜਾ ਕੇ ਖ਼ੁਸ਼ ਨਹੀਂ। ਇਸ ਵਿਚ ਉਨ੍ਹਾਂ ਦਾ ਆਪਣਾ ਸਵਾਰਥ ਵੀ ਹੈ। ਇਨ੍ਹਾਂ ਅਸਲ ਹਕੀਕਤਾਂ ਨੂੰ ਧਿਆਨ ਵਿਚ ਰੱਖਦਿਆਂ ਭਾਰਤ ਨੂੰ ਝੁੱਗੀ-ਝੌਂਪੜੀ ਮੁਕਤ ਕਰਨ ਦਾ ਰਾਸ਼ਟਰੀ ਸੁਪਨਾ ਹਾਸਲ ਕਰਨਾ ਅਸੰਭਵ ਹੋ ਗਿਆ ਹੈ। ਅਤੇ ਹਾਲੇ ਵੀ, ਇਹ ਜਾਣਿਆ-ਪਛਾਣਿਆ ਸੱਚ ਹੈ ਕਿ 60 ਤੋਂ 70 ਪ੍ਰਤਿਸ਼ਤ ਜ਼ਮੀਨ ਨੂੰ ਸੁਰੱਖਿਅਤ ਐਲਾਨਿਆ ਜਾ ਸਕਦਾ ਹੈ, ਤੋਂ 3 ਮੰਜ਼ਲੀਆਂ, ਚੰਗੇ ਡਿਜ਼ਾਈਨ ਵਾਲੀਆਂ ਇਮਾਰਤਾਂ ਉਸਾਰ ਕੇ ਵਰਤਮਾਨ ਨਾਲੋਂ 2 ਤੋਂ 3 ਗੁਣਾ ਵਸੋਂ ਨੂੰ ਉਥੇ ਵਸਾਇਆ ਜਾ ਸਕਦਾ ਹੈ। ਇਹ ਮਿਸ਼ਨ ਭਾਗੀਦਾਰੀ ਵਾਲੇ ਢਾਂਚੇ ਅਧੀਨ ਸੰਚਾਲਿਤ ਕੀਤਾ ਜਾਣਾ ਚਾਹੀਦਾ ਹੈ। ਉਸਾਰੇ ਜਾਣ ਵਾਲੇ ਝੁੱਗੀ ਵਾਸੀਆਂ ਦੀ ਸ਼ਮੂਲੀਅਤ ਨਾਲ, ਉਨ੍ਹਾਂ ਦੀਆਂ ਲੋੜਾਂ ਅਤੇ ਗੁੰਜਾਇਸ਼ ਮੁਤਾਬਕ ਉਸਾਰੇ ਜਾਣੇ ਚਾਹੀਦੇ ਹਨ ਜਿਸ ਲਈ ਸਰਕਾਰੀ ਸਬਸਿਡੀਆਂ ਵੀ ਜ਼ਰੂਰੀ ਹਨ। ਭਾਵੇਂ ਕਿ ਨਿੱਜੀ ਉਸਾਰੀ ਕਰਤਾਵਾਂ ਦੀ ਭੂਮਿਕਾ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ, ਖ਼ਾਸ ਕਰਕੇ ਵੱਡੇ ਸ਼ਹਿਰਾਂ ਵਿਚ, ਜਿਥੇ ਜ਼ਮੀਨ ਦੀ ਕਮੀ ਹੈ। ਪਰ ਇਨ੍ਹਾਂ ਨੂੰ ਗਰੀਬਾਂ ਦੇ ਨਾਮ 'ਤੇ ਬਹੁ-ਮੰਜ਼ਿਲਾ ਇਮਾਰਤਾਂ ਉਸਾਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ ਜਿਸ ਨੂੰ ਉਹ ਬਾਜ਼ਾਰ ਵਿਚ ਵੇਚ ਸਕਣ। ਰਾਜੀਵ ਆਵਾਸ ਯੋਜਨਾ ਦੇ ਦੋ ਪ੍ਰਮੁੱਖ ਅੰਗ ਹਨ – ਪਹਿਲਾ ਮਕਾਨ ਅਤੇ ਦੂਜਾ ਬੁਨਿਆਦੀ ਢਾਂਚਾ ਅਤੇ ਬੁਨਿਆਦੀ ਸਹੂਲਤਾਂ। ਬਦਕਿਸਮਤੀ ਨੂੰ, ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਅਧੀਨ ਇਨ੍ਹਾਂ ਦੋਨਾਂ ਵਿਚਾਲੇ ਸੰਤੁਲਨ ਨਹੀਂ ਰੱਖਿਆ ਗਿਆ ਅਤੇ ਗਰੀਬਾਂ ਲਈ ਬੁਨਿਆਦੀ ਸਹੂਲਤਾਂ ਦੀ ਯੋਜਨਾ (ਬੀ ਐੱਸ ਯੂ ਪੀ) ਬਦਲ ਕੇ ਬਹੁ-ਮੰਜ਼ਿਲੀ ਘਰਾਂ ਦੀ ਯੋਜਨਾ ਵੱਲ ਚਲਾ ਗਿਆ। ਸਮਝ ਆ ਸਕਦੀ ਹੈ ਕਿ ਇਹ ਜ਼ਿਆਦਾਤਰ ਘਰ ਗਰੀਬਾਂ ਦੀ ਪਹੁੰਚ ਤੋਂ ਬਾਹਰ ਹਨ ਅਤੇ ਜ਼ਿਆਦਾ ਮਹੱਤਵਪੂਰਨ, ਸਰੋਤਾਂ ਦੀ ਕਮੀ ਕਾਰਨ ਇਹ ਯੋਜਨਾਵਾਂ ਸਾਰੇ ਸ਼ਹਿਰ ਵਿਚ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ ।

ਸਾਡਾ ਮੰਨਣਾ ਹੈ ਕਿ ਝੁੱਗੀ ਵਾਲਿਆਂ ਨੂੰ ਘਰ ਦੇਣ ਦੀ ਗੰਭੀਰ ਕੋਸ਼ਿਸ਼ ਕਰਨੀ ਚਾਹੀਦੀ ਹੈ, ਮਿਸ਼ਨ ਲਈ ਮੁਫਤ ਜ਼ਮੀਨ ਦੇਣੀ ਚਾਹੀਦੀ ਹੈ, ਘਰਾਂ ਦੀ ਕੀਮਤ 'ਤੇ 50 ਪ੍ਰਤਿਸ਼ਤ ਸਬਸਿਡੀ ਦੇਣੀ ਚਾਹੀਦੀ ਹੈ ਅਤੇ ਸਭ ਤੋਂ ਵੱਧ ਉਸਾਰੇ ਹੋਏ ਰਕਬੇ ਦਾ ਆਕਾਰ 180 ਅਤੇ 200 ਵਰਗ ਫੁੱਟ ਦੇ ਵਿਚਕਾਰ ਨਿਰਧਾਰਤ ਕਰਨਾ ਚਾਹੀਦਾ ਹੈ ਤਾਂ ਜੋ ਪਰਿਵਾਰਾਂ ਲਈ ਕਰਜ਼ਾ ਵਾਪਸੀ ਗੁੰਜਾਇਸ਼ ਵਿਚ ਹੋ ਸਕੇ।

*(ਲੇਖਕ ਜਰਮਨੀ ਵਿਚਲੀ ਯੂਨੀਵਰਸਿਟੀ ਆਫ਼ ਵੂਏਰਜ਼ਬਰਗ ਵਿਖੇ ਅਰਥਚਾਰੇ ਦਾ ਪ੍ਰੋਫ਼ੈਸਰ ਹੈ।)*

*e-mail :akundu.jnu@gmail.com*

# ਭਾਰਤੀ ਸ਼ਹਿਰਾਂ ਵਿਚ ਪੇਂਡੂਆਂ ਨੂੰ ਮੁਖ਼ਾਤਬ ਹੋਣਾ

ਨਰੇਂਦਰ ਪਾਨੀ

ਭਾਰਤ ਵਿਚ ਨੀਤੀ ਸੰਬੰਧੀ ਗੱਲਬਾਤ ਸ਼ਹਿਰਾਂ ਅਤੇ ਪਿੰਡਾਂ ਵਿਚਾਲੇ ਇਕ ਤਿੱਖੀ ਲਕੀਰ ਖਿੱਚਦੀ ਦਿਖਾਈ ਦੇ ਰਹੀ ਹੈ। ਸੱਤਰਵਿਆਂ ਵਿਚ ਭਾਰਤੀ ਨੀਤੀ ਨਿਰਮਾਤਾਵਾਂ 'ਤੇ ਸ਼ਹਿਰ ਪੱਖੀ ਹੋਣ ਦੇ ਇਲਜ਼ਾਮ ਲਗਦੇ ਰਹੇ (ਲਿਪਟਲ, 1977), ਬਿਲਕੁਲ ਉਵੇਂ ਜਿਵੇਂ ਹਾਲੀਆ ਕੰਮਾਂ ਨੂੰ ਪਿੰਡਾਂ ਵੱਲ ਜ਼ਿਆਦਾ ਵਜ਼ਨ ਦਿੰਦੇ ਆਖਿਆ ਗਿਆ ਹੈ (ਸਿਵਾਰਾਮਾਕ੍ਰਿਸ਼ਨਨ, 2011)। ਪਰ, ਜੇ ਅਸੀਂ ਵਿਸ਼ਵੀਕਰਨ ਤੋਂ ਪ੍ਰੇਰਿਤ ਸਰਹੱਦਾਂ ਬਾਰੇ ਗੱਲਬਾਤ ਨੂੰ ਧਿਆਨ ਵਿਚ ਲਿਆਈਏ ਤਾਂ ਇਹ ਵੇਖਣਾ ਮੁਸ਼ਕਿਲ ਨਹੀਂ ਹੋਵੇਗਾ, ਅਜਿਹੀ ਕਠੋਰ ਹੱਦਬੰਦੀ ਨੂੰ ਪੂਰੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਸਾਸਕੀਆ ਸੈਸ਼ਨ ਵਿਚਾਰ ਪੇਸ਼ ਕਰਦੇ ਹਨ ਕਿ ਸਰਹੱਦਾਂ ਨੂੰ ਦੋ ਪ੍ਰਕਾਰ ਵੰਡਿਆ ਜਾ ਸਕਦਾ ਹੈ। "ਪਹਿਲਾ, ਕਿ ਸਰਹੱਦ ਉਤਪਾਦ, ਵਿਅਕਤੀ ਅਤੇ ਇਕ ਯੰਤਰ ਵਿਚ ਜੜੀ ਹੋਈ ਹੈ : ਇਕ ਗਤੀਸ਼ੀਲ ਪ੍ਰਤਿਨਿਧੀ ਸਰਹੱਦ ਦੇ ਅਹਿਮ ਪੱਖਾਂ ਨੂੰ ਆਤਮਸਾਤ ਕਰਦਾ ਹੈ। ਦੂਜਾ ਹੈ, ਕਿ ਸਰਹੱਦ ਦੇ ਵਿਭਿੰਨ ਸਥਾਨ ਹੋ ਸਕਦੇ ਹਨ, ਭਾਵੇਂ ਸੰਗਠਨ ਦੇ ਅੰਦਰ ਜਾਂ ਅੰਤਰਰਾਸ਼ਟਰੀ ਖੇਤਰ ਵਿਚ।" (ਸੈਸਨ 2006, ਪੰਨਾ 416)। ਸਰਹੱਦ ਦੀਆਂ ਇਹ ਦੋਵੇਂ ਕਿਸਮਾਂ ਸ਼ਹਿਰਾਂ ਅਤੇ ਪਿੰਡਾਂ ਵਿਚ ਮੌਜੂਦ ਹਨ ਜਿਹਾ ਕਿ ਤੇਜ਼ੀ ਨਾਲ ਵਿਕਸਤ ਹੋ ਰਹੇ ਭਾਰਤੀ ਸ਼ਹਿਰਾਂ ਤੋਂ ਵੇਖਿਆ ਜਾ ਸਕਦਾ ਹੈ। ਪਿੰਡਾਂ ਨਾਲ ਮਜ਼ਬੂਤ ਸੰਬੰਧ ਰੱਖਣ ਵਾਲੇ ਜਿਹੜੇ ਲੋਕ ਸ਼ਹਿਰਾਂ ਵਿਚ ਰੁਜ਼ਗਾਰ ਦੀ ਭਾਲ ਕਰਦੇ ਹਨ, ਅਕਸਰ ਆਪਣੇ ਨਾਲ ਪਿੰਡਾਂ ਦੇ ਤੱਤ ਲੈ ਕੇ ਆਉਂਦੇ ਹਨ। ਸ਼ਹਿਰਾਂ ਅਤੇ ਪਿੰਡਾਂ ਵਿਚਾਲੇ ਸਰਹੱਦ ਦੀਆਂ ਇਕ ਤੋਂ ਵੱਧ ਥਾਵਾਂ ਬਣ ਜਾਂਦੀਆਂ ਹਨ ਜਦੋਂ ਭਾਰਤੀ ਸ਼ਹਿਰਾਂ ਦਾ ਵਿਆਪਕ ਵਿਕਾਸ ਹੁੰਦਾ ਹੈ, ਜਿਵੇਂ-ਜਿਵੇਂ ਸ਼ਹਿਰ ਵਿਕਸਤ ਹੁੰਦੇ ਜਾਂਦੇ ਹਨ, ਪਿੰਡਾਂ ਨੂੰ ਆਪਣੇ ਵਿਚ ਜਜ਼ਬ ਕਰਦੇ ਜਾਂਦੇ ਹਨ। ਸ਼ਹਿਰੀ ਕੇਂਦਰਾਂ ਵਿਚ ਜਜ਼ਬ ਹੋਣ ਦੇ ਦਹਾਕਿਆਂ ਬਾਅਦ ਤਕ ਵੀ ਮੂਲ ਪੇਂਡੂ ਖੇਤਰ ਆਪਣਾ ਪੇਂਡੂ ਖ਼ਾਸਾ ਬਰਕਰਾਰ ਰੱਖ ਸਕਦੇ ਹਨ। ਪੇਂਡੂਪਨ ਫਿਰ ਭਾਰਤੀ ਸ਼ਹਿਰਾਂ ਵਿਚ ਗਹਿਰੀ ਤਰ੍ਹਾਂ ਰਚਮਿਚ ਜਾਂਦਾ ਹੈ, ਇਥੋਂ ਤਕ ਕਿ ਸ਼ਹਿਰਾਂ ਵਿਚ ਪਿੰਡ ਦੀ ਭੂਮਿਕਾ ਦੀ ਸਪੱਸ਼ਟਤਾ ਤੋਂ ਬਿਨਾਂ ਅਸੀਂ ਉਨ੍ਹਾਂ ਨੂੰ ਸਮਝ ਹੀ ਨਹੀਂ ਸਕਦੇ।

*ਭਾਰਤੀ ਸ਼ਹਿਰਾਂ ਵਿਚ ਪਿੰਡਾਂ ਦੇ ਪ੍ਰਭਾਵ ਵਿਚ ਦੋ ਵੱਖ-ਵੱਖ ਹੱਦਾਂ ਦੀ ਗੱਲਬਾਤ ਸ਼ਾਮਿਲ ਹੁੰਦੀ ਹੈ। ਇਕ ਬਿਲਕੁਲ ਸਥਾਈ, ਜੋ ਸਮੋਏ ਹੋਏ ਪਿੰਡ ਅਤੇ ਸ਼ਹਿਰ ਵਿਚਾਲੇ ਅਤੇ ਇਸ ਦੇ ਆਲੇ-ਦੁਆਲੇ ਦੇ ਵਿਕਾਸ ਅਤੇ ਇਸ ਦੇ ਅੰਦਰ ਵੀ ਅਤੇ ਦੂਜੀ ਹੱਦ ਕੁਝ ਦੂਰ ਪਿੰਡਾਂ ਅਤੇ ਸ਼ਹਿਰਾਂ ਵਿਚਾਲੇ, ਇਕ ਅਜਿਹੀ ਹੱਦ ਜੋ ਸ਼ਹਿਰ ਵਿਚ ਦਾਖ਼ਲ ਹੋਣ ਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੁਆਰਾ ਲਿਆਂਦੇ ਜਾ ਰਹੇ ਉਤਪਾਦਾਂ ਵਿਚ ਭਰੀ ਹੁੰਦੀ ਹੈ। ਇਸ ਗੱਲਬਾਤ ਦੀ ਸੰਖੇਪ ਜਿਹੀ ਜਾਂਚ ਪੜਤਾਲ ਵੀ, ਜਿਵੇਂ ਕਿ ਇਸ ਪਰਚੇ ਵਿਚ ਕੀਤੀ ਗਈ ਹੈ, ਇਹ ਸਪੱਸ਼ਟ ਕਰ ਦਿੰਦੀ ਹੈ ਕਿ ਸ਼ਹਿਰੀ ਹਾਲਾਤ ਤੇ ਪਿੰਡਾਂ ਵਿਚ ਘਟਣ ਵਾਲੀਆਂ ਘਟਨਾਵਾਂ ਦਾ ਅਸਰ ਪੈਂਦਾ ਹੈ। ਇਕ ਪ੍ਰਭਾਵੀ ਸ਼ਹਿਰੀ ਨੀਤੀ ਪਿੰਡਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ। ਸੰਖੇਪ ਵਿਚ, ਇਸ ਪਰਚੇ ਵਿਚ ਇਕੱਲੇ ਭਾਰਤੀ ਸ਼ਹਿਰ, ਬੰਗਲੌਰ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।*

## ਸ਼ਹਿਰਾਂ ਅੰਦਰਲੇ ਪਿੰਡ

ਇਹ ਆਸ ਕਰਨੀ ਕੁਥਾਂ ਹੋਵੇਗੀ ਕਿ ਪਿੰਡਾਂ ਦੇ ਸ਼ਹਿਰਾਂ ਵਿਚ ਸਮਾ ਜਾਣ ਦੀ ਗਤੀਸ਼ੀਲਤਾ ਸਾਰੇ ਭਾਰਤ ਵਿਚ ਇਕੋ ਜਿਹੀ ਹੋਵੇਗੀ। ਸ਼ਹਿਰਾਂ ਅਤੇ ਜਜ਼ਬ ਹੋਣ ਵਾਲੇ ਪਿੰਡਾਂ ਵਿਚ ਵੀ, ਇਕ ਬਿਲਕੁਲ ਵੱਖਰੇ ਭਵਿੱਖ ਲਈ ਜਾਣਕਾਰੀ ਤਕਨੀਕੀ ਪਾਰਕ ਵਿਕਸਤ ਕਰਨ ਅਤੇ ਨਿਰਮਾਣ ਇਕਾਈਆਂ ਸਥਾਪਤ ਕਰਨ ਸੰਬੰਧੀ, ਮਤਭੇਦ ਹੋ ਸਕਦੇ ਹਨ। ਪਰ ਅਜਿਹੀ ਪ੍ਰਕਿਰਿਆ ਦੀ ਇਕ ਉਦਾਹਰਣ 'ਤੇ ਨੇੜਿਉਂ ਝਾਤ ਮਾਰਨਾ ਲਾਹੇਵੰਦ ਹੋਵੇਗਾ ਤਾਂ ਜੋ ਸਾਨੂੰ ਅੰਦਰੂਨੀ ਹਾਲਾਤ ਬਾਰੇ ਚਾਨਣ ਹੋ ਸਕੇ ਜਿਨ੍ਹਾਂ ਨੂੰ ਅਨੁਭਵ ਦੇ ਆਧਾਰ 'ਤੇ ਦੂਸਰੇ ਹਾਲਾਤ ਅਤੇ ਸ਼ਹਿਰਾਂ ਵਿਚ ਪਰਖਿਆ ਜਾ ਸਕਦਾ ਹੈ। ਬੰਗਲੌਰ ਦੇ ਪਿੰਡਾਂ ਦੀ ਕੱਪੜਾ ਨਿਰਯਾਤ ਉਦਯੋਗ ਦੇ ਸੰਦਰਭ ਵਿਚ ਸ਼ਹਿਰ ਵਿਚ ਸ਼ਮੂਲੀਅਤ ਇਨ੍ਹਾਂ ਪੱਖਾਂ ਦੀ ਇਕ ਉਦਾਹਰਣ ਪੇਸ਼ ਕਰਦੀ ਹੈ। ਔਰਤਾਂ ਦੀ ਬਹੁਤਾਤ ਵਾਲੇ ਕੱਪੜਾ ਕਾਮਿਆਂ ਦੀ ਬੰਗਲੌਰ ਵਿਚ ਇਕ ਵਿਸ਼ੇਸ਼ ਖ਼ਾਸੀਅਤ ਹੈ ਉਨ੍ਹਾਂ ਦੇ ਕੰਮ ਕਰਨ ਦੇ ਹਾਲਾਤ ਅਤੇ ਰਹਿਣ ਦੇ ਹਾਲਾਤ ਵਿਚ ਬਹੁਤ ਵੱਡਾ ਫ਼ਰਕ। ਬੰਗਲੌਰ ਦੇ ਕੱਪੜਾ ਨਿਰਯਾਤ ਉਦਯੋਗ ਵਿਚ ਕੰਮ ਕਰਨ ਵਾਲੀਆਂ ਔਰਤਾਂ ਦੇ ਘਰਾਂ ਦੇ ਹਾਲਾਤ ਕਾਰਖ਼ਾਨੇ ਅੰਦਰਲੇ ਹਾਲਾਤ ਅਤੇ ਬੰਗਲੌਰ ਦੀ ਵਿਸ਼ਵ ਪੱਧਰ 'ਤੇ ਛਬੀ ਵਿਚ ਵੱਡੇ ਫ਼ਰਕ ਵੱਲ ਇਸ਼ਾਰਾ ਕਰਦੇ ਹਨ। 2009 ਵਿਚ ਨੈਸ਼ਨਲ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼, ਬੰਗਲੌਰ (ਐੱਨ ਆਈ ਏ ਐੱਸ) ਵਲੋਂ ਕਰਵਾਏ ਸਰਵੇਖਣ ਵਿਚ ਇਨ੍ਹਾਂ ਔਰਤਾਂ ਵਲੋਂ ਸਾਹਮਣਾ ਕੀਤੇ ਜਾਣ ਵਾਲੇ ਹਾਲਾਤ ਬਾਰੇ ਨਿਰੀਖਣ ਕੀਤਾ ਗਿਆ। ਤਾਲਿਕਾ-1 ਵਿਚ ਔਰਤ ਕਾਮਿਆਂ ਅਤੇ ਉਨ੍ਹਾਂ ਦੇ ਘਰਾਂ ਦੇ ਹਾਲਾਤ ਬਿਆਨ ਕੀਤੇ ਗਏ ਹਨ। ਔਰਤ ਕਾਮਿਆਂ ਵਲੋਂ ਕੀਤੀ ਕਮਾਈ ਨਾਲ ਉਹ ਗਰੀਬੀ ਰੇਖਾ ਤੋਂ ਉੱਤੇ ਆਂਕੀਆਂ ਜਾਂਦੀਆਂ ਹਨ, ਪਰ ਸਿਰਫ਼ ਇਹ ਹੀ ਕਾਫ਼ੀ ਨਹੀਂ ਹੈ। ਬਹੁਤੀਆਂ ਔਰਤ ਮਜ਼ਦੂਰਾਂ ਦੇ ਪਰਿਵਾਰਾਂ ਕੋਲ ਆਪਣਾ

ਮਕਾਨ ਨਹੀਂ ਹੈ ਅਤੇ ਉਹ ਸਿਰਫ਼ ਕਿਰਾਏ ਦੇ ਮਕਾਨ ਵਿਚ ਹੀ ਰਹਿੰਦੀਆਂ ਹਨ। ਉਦਯੋਗਾਂ ਵਿਚ ਵਧੇਰੇ ਘਸਾਈ-ਰੁਲਾਈ ਦਰ ਕਾਰਨ ਮਜ਼ਦੂਰ ਬਾਰ-ਬਾਰ ਉਦਯੋਗ ਬਦਲਦੇ ਹਨ। ਬੰਗਲੌਰ ਵਿਚ ਜਨਤਕ ਆਵਾਜਾਈ ਦੀਆਂ ਮਹਿੰਗੀਆਂ ਦਰਾਂ ਨੇ ਕਾਮਿਆਂ ਨੂੰ ਪੈਦਲ ਚਲ ਕੇ ਕਾਰਖ਼ਾਨਿਆਂ ਤਕ ਪਹੁੰਚਣ ਲਈ ਮਜਬੂਰ ਕਰ ਦਿਤਾ ਹੈ। ਇਸ ਦਾ ਮਤਲਬ ਜਦੋਂ ਉਹ ਨੌਕਰੀ ਬਦਲਦੇ ਹਨ ਤਾਂ ਨਤੀਜੇ ਵਜੋਂ ਉਨ੍ਹਾਂ ਨੂੰ ਘਰ ਵੀ ਬਦਲਣੇ ਪੈਂਦੇ ਹਨ ਤਾਂ ਜੋ ਉਹ ਕੰਮ ਵਾਲੇ ਸਥਾਨ 'ਤੇ ਪੈਦਲ ਪੁੱਜ ਸਕਣ। ਕਾਮੇ ਜਿਹੜੇ ਘਰ ਕਿਰਾਏ 'ਤੇ ਲੈ ਸਕਦੇ ਹਨ, ਉਹ ਵੀ ਘਟੀਆ ਚਾਦਰਾਂ ਦੀਆਂ ਛੱਤਾਂ ਵਾਲੇ ਹੁੰਦੇ ਹਨ। ਇਨ੍ਹਾਂ ਸਸਤੇ ਘਰਾਂ ਵਿਚ ਆਮ ਤੌਰ ਤੇ ਪਾਣੀ ਦਾ ਨਲਕਾ ਨਹੀਂ ਹੁੰਦਾ ਅਤੇ ਸ਼ੌਚਾਲਾ ਵੀ ਦੂਸਰੇ ਘਰਾਂ ਨਾਲ ਸਾਂਝਾ ਹੁੰਦਾ ਹੈ। ਇਹ ਬਿਨਾਂ ਕਿਸੇ ਸਹੂਲਤ ਦੇ ਚਾਦਰਾਂ ਦੀ ਛੱਤ ਵਾਲੇ ਘਰ ਵਿਚ ਤੂੜੇ ਪਏ ਹੁੰਦੇ ਹਨ। ਇਨ੍ਹਾਂ ਘਰਾਂ ਦੇ ਪੰਜ ਵਿਚੋਂ 4 ਹਿੱਸਿਆਂ ਵਿਚ ਔਸਤਨ ਇਕ ਕਮਰੇ ਵਿਚ ਦੋ ਤੋਂ ਜ਼ਿਆਦਾ ਵਿਅਕਤੀ ਨਿਵਾਸ ਕਰਦੇ ਹਨ ਅਤੇ 31 ਪ੍ਰਤਿਸ਼ਤ ਘਰਾਂ ਵਿਚ ਤਿੰਨ ਤੋਂ ਵੱਧ ਵਿਅਕਤੀ ਰਹਿੰਦੇ ਹਨ।

ਅਜਿਹੇ ਘੱਟ ਕੀਮਤ ਵਾਲੇ ਘਰਾਂ ਦੀ, ਸ਼ਹਿਰਾਂ ਦੇ ਲਗਾਤਾਰ ਵਧਦੇ ਜ਼ਮੀਨ ਜਾਇਦਾਦ ਦੇ ਕਾਰੋਬਾਰ ਦਰਮਿਆਨ ਮੌਜੂਦਗੀ ਬੰਗਲੌਰ ਦੀ ਪਿੰਡਾਂ ਨੂੰ ਸ਼ਹਿਰਾਂ ਵਿਚ ਸ਼ਾਮਿਲ ਕਰਨਾ ਅਰਾਜਕਤਾ ਦਾ ਨਤੀਜਾ ਹੈ। ਜਿਵੇਂ ਕਿ 1970 ਅਤੇ 1980 ਦੇ ਭੂਮੀ ਅਧਿਗ੍ਰਹਿਣ ਦੇ ਅਧਿਕਾਰਿਤ ਮੁੱਲੰਕਣ ਵਿਚ ਦੇਖਿਆ ਗਿਆ ਸੀ, ਇਸ ਪ੍ਰਕਿਰਿਆ ਨੂੰ ਦੋ ਕਾਨੂੰਨਾਂ ਨਾਲ ਉਤਸ਼ਾਹ ਮਿਲਿਆ – ਕਰਨਾਟਕ ਇੰਸਟ੍ਰੀਅਲ ਏਰੀਆਜ਼ ਡਿਵੈਲਪਮੈਂਟ ਐਕਟ, 1966 ਅਤੇ ਬੰਗਲੌਰ ਡਿਵੈਲਪਮੈਂਟ ਅਥਾਰਿਟੀ ਐਕਟ, 1976 ਜਿਨ੍ਹਾਂ ਕਾਰਨ ਭੂਮੀ ਅਧਿਗ੍ਰਹਿਣ ਕਰਨ ਵਾਲੀਆਂ ਸੰਸਥਾਵਾਂ ਹੋਂਦ ਵਿਚ ਆਈਆਂ (ਰਵਿੰਦਰਾ, 1989)। ਕਰਨਾਟਕ ਓਦਯੋਗਿਕ ਖੇਤਰ ਵਿਕਾਸ ਬੋਰਡ ਦੇ ਬਣਨ ਨਾਲ ਖੇਤੀਬਾੜੀ ਵਾਲੀ ਭੂਮੀ ਨੂੰ ਅਧਿਗ੍ਰਹਿਣ ਕਰਕੇ ਨਿੱਜੀ ਉਦਯੋਗਾਂ ਨੂੰ ਸੌਂਪਣਾ ਸੌਖਾ ਹੋ ਗਿਆ। ਬੰਗਲੌਰ ਵਿਕਾਸ ਪ੍ਰਾਧਿਕਰਨ ਨੇ ਰਿਹਾਇਸ਼ੀ ਕਾਲੋਨੀਆਂ ਬਣਾਉਣ ਲਈ ਜ਼ਮੀਨ ਪ੍ਰਾਪਤ ਕੀਤੀ ਜਿਸ ਨੂੰ ਭਾਅ ਨਾਲੋਂ ਕਿਤੇ ਜ਼ਿਆਦਾ 'ਤੇ ਦੁਬਾਰਾ ਵੇਚ ਦਿਤਾ ਗਿਆ। ਬਾਅਦ ਵਾਲੇ ਸੌਦਿਆਂ ਵਿਚ ਇਸ ਜ਼ਮੀਨ ਨੂੰ ਕਿਤੇ ਵੱਧ ਭਾਅ 'ਤੇ ਵੀ ਵੇਚਿਆ ਗਿਆ। ਖੇਤੀਬਾੜੀ ਵਾਲੀ ਜ਼ਮੀਨ ਪ੍ਰਾਪਤ ਕਰਨ ਨਾਲ ਬੰਗਲੌਰ ਸ਼ਹਿਰ ਵਿਚ ਸ਼ਾਮਿਲ ਕੀਤੇ ਗਏ ਪਿੰਡਾਂ ਦਾ ਆਰਥਿਕ ਮੁਹਾਂਦਰਾ ਬਦਲ ਗਿਆ। ਖੇਤੀਬਾੜੀ ਧੰਦੇ ਨੂੰ ਵੱਡਾ ਝਟਕਾ ਲੱਗਾ।

ਸਪੱਸ਼ਟਤਾ ਨਾਲ ਸਵੀਕਾਰ ਕਰਨਾ ਅਹਿਮ ਹੋਵੇਗਾ ਕਿ ਇਨ੍ਹਾਂ ਪਿੰਡਾਂ ਵਿਚ ਹਰੇਕ ਦੇ ਸਾਹਮਣੇ ਇਹ ਚੁਨੌਤੀਆਂ ਨਹੀਂ ਸਨ। ਬੇਜ਼ਮੀਨਿਆਂ ਦੇ ਹਾਲਾਤ ਜ਼ਮੀਨ ਮਾਲਕਾਂ ਨਾਲੋਂ ਬਿਲਕੁਲ ਵੱਖਰੇ ਸਨ। ਬੇਜ਼ਮੀਨਿਆਂ ਦੇ ਕਿੱਤੇ ਵਿਚ ਤਬਦੀਲੀ ਦਾ ਮਤਲਬ ਸੀ ਖੇਤੀ ਆਧਾਰਤ ਮਜ਼ਦੂਰੀ ਤੋਂ ਸ਼ਹਿਰਾਂ ਦੇ ਵੱਖ-ਵੱਖ ਕੰਮਾਂ ਲਈ ਚਾਲੇ ਪਾਉਣੇ। ਅਤੇ ਉਨ੍ਹਾਂ ਕੋਲ ਜ਼ਮੀਨ ਮਾਲਕਾਂ ਨੂੰ ਹਰਜਾਨੇ ਦਾ ਮਿਲਣ ਵਾਲਾ ਫ਼ਾਇਦਾ ਵੀ ਨਹੀਂ ਸੀ। ਜਿਵੇਂ ਕਿ ਗੋਲਡਮੈਨ ਦਲੀਲ ਦਿੰਦੇ ਹਨ, "ਪੇਂਡੂ ਜ਼ਿੰਦਗੀ ਨੂੰ ਜ਼ਮੀਨ ਵਾਲੇ ਅਤੇ ਬੇਜ਼ਮੀਨੇ ਮਾਲਕਾਂ ਵਿਚ ਵੰਡਣਾ, ਜਿਸ ਵਿਚ ਪਹਿਲੇ ਨੂੰ ਜ਼ਮੀਨ ਛੱਡੇ ਸ਼ਹਿਰੀ ਪ੍ਰਾਜੈਕਟਾਂ ਲਈ ਅਧਿਗ੍ਰਹਿਣ ਕਰਨ ਬਦਲੇ ਮੁਆਵਜ਼ਾ ਮਿਲਦਾ ਹੈ, ਪਿੰਡਾਂ ਦੀਆਂ ਸਮਾਜਿਕ, ਸਭਿਆਚਾਰਕ ਜਟਿਲਤਾਵਾਂ ਅਤੇ ਰੋਜ਼ੀ-ਰੋਟੀ ਦੀਆਂ ਰਣਨੀਤੀਆਂ ਨੂੰ ਹੋਰ ਕਮਜ਼ੋਰ ਕਰਨ ਵੱਲ ਤੋਰ ਦਿੰਦਾ ਹੈ (ਗੋਲਡਮੈਨ, 2011, ਪੰਨਾ 568)। ਬੰਗਲੌਰ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਕਿਸਾਨਾਂ ਦੀ ਖੇਤੀ ਦੀ ਕਿਸਮ ਨੂੰ ਦੇਖਦਿਆਂ ਹੋਇਆਂ, ਬੇਜ਼ਮੀਨੇ ਖ਼ਾਸ ਤੌਰ ਤੇ ਵੱਡਾ ਸਮੂਹ ਨਹੀਂ ਸਨ (ਪਾਨੀ, 1983)। ਖੇਤਰ ਦੀ ਕਿਸਾਨੀ ਖੇਤੀ ਦੀ ਮੁੱਖ ਵਿਸ਼ੇਸ਼ਤਾ ਛੋਟੇ ਕਿਸਾਨਾਂ ਦੀ ਵੱਡੀ ਗਿਣਤੀ ਸੀ ਜਿਨ੍ਹਾਂ ਵਿਚ ਕੁਝ ਧਨਾਡ ਕਿਸਾਨ ਵੀ ਸਨ। ਕਿਸਾਨਾਂ ਦੇ ਪ੍ਰਭੁਤਵ ਨੂੰ ਦੇਖਦਿਆਂ ਹੋਇਆਂ ਜਿਹੜੇ ਜ਼ਮੀਨ ਮਾਲਕਾਂ ਨੂੰ ਮੁਆਵਜ਼ਾ ਦਿਤਾ ਗਿਆ, ਉਹ ਵੱਡੀ ਗਿਣਤੀ ਵਿਚ ਸਨ, ਭਾਵੇਂ ਕਿ ਸ਼ਾਮਿਲ ਕੀਤੇ ਗਏ ਪਿੰਡਾਂ ਦੇ ਬਹੁਤੇ ਘਰ ਇਸ ਵਿਚ ਸ਼ਾਮਿਲ ਨਹੀਂ ਸਨ। ਇਸ ਕਰਕੇ, ਬੰਗਲੌਰ ਲਾਗਲੇ ਸ਼ਾਮਿਲ ਕੀਤੇ ਗਏ ਬਹੁਤੇ ਪਿੰਡਾਂ ਸਾਹਮਣੇ ਅਚਾਨਕ ਖੇਤੀ ਵਾਲੀ ਜ਼ਮੀਨ ਖੁੱਸਣ ਅਤੇ ਗ਼ੈਰ-ਖੇਤੀਬਾੜੀ ਵਾਲੇ ਧੰਦਿਆਂ ਨੂੰ ਲੱਭਣ ਦੀ ਚੁਨੌਤੀ ਸੀ।

ਬਹੁਤੇ ਮਾਮਲਿਆਂ ਵਿਚ ਜਿਨ੍ਹਾਂ ਕੋਲ ਖੇਤੀ ਵਾਹੀ ਵਾਲੀਆਂ ਜ਼ਮੀਨਾਂ ਸਨ, ਉਹ ਆਪਣੇ ਸੀਮਤ ਜਿਹੇ ਮੁਆਵਜ਼ੇ ਨੂੰ ਉੱਭਰ ਰਹੇ ਸ਼ਹਿਰੀ ਅਰਥਚਾਰੇ ਵਿਚ ਨਿਵੇਸ਼ ਕਰਨ ਲਈ ਹੱਥ-ਪੈਰ ਮਾਰਨ ਲੱਗੇ ਜਿਸ ਵਿਚ ਕਿਸੇ ਵਾਹਨ ਦਾ ਚਾਲਕ ਬਣਨਾ ਅਤੇ ਰਵਾਇਤੀ ਡੇਅਰੀ ਧੰਦੇ ਨੂੰ ਹੋਰ ਫੈਲਾਉਣਾ ਸ਼ਾਮਿਲ ਸੀ। ਪਿੰਡ ਵਿਚ ਬਚੀ ਗ਼ੈਰ-ਖੇਤੀਬਾੜੀ ਵਾਲੀ ਜ਼ਮੀਨ ਵੀ ਮਹੱਤਵਪੂਰਨ ਬਣ ਗਈ, ਭਾਵੇਂ ਸੀਮਤ ਮਾਤਰਾ ਵਿਚ ਹੀ ਸਹੀ। ਇਸ ਜ਼ਮੀਨ ਲਈ ਖ਼ਾਸ ਤੌਰ ਤੇ ਪਿੰਡਾਂ ਲਈ ਬਣਾਏ ਨਿਯਮ ਹੀ ਲਾਗੂ ਹੁੰਦੇ ਸਨ ਨਾ ਕਿ ਆਲੇ ਦੁਆਲੇ ਦੇ ਸ਼ਹਿਰਾਂ ਵਾਲੇ। ਇਨ੍ਹਾਂ ਨਿਯਮਾਂ ਤਹਿਤ ਇਸ ਜ਼ਮੀਨ ਦੇ ਮਾਲਕ ਸਸਤੇ ਅਤੇ ਭੀੜੇ ਘਰ ਬਣਾ ਸਕਦੇ ਸਨ ਜੋ ਗਰੀਬਾਂ ਦੀਆਂ ਲੋੜਾਂ ਪੂਰੀਆਂ ਕਰਦੇ ਸਨ ਅਤੇ ਇਹ ਪ੍ਰਕਿਰਿਆ ਹਮੇਸ਼ਾ ਕਾਨੂੰਨ ਦੇ ਦਾਇਰੇ ਵਿਚ ਨਹੀਂ ਸੀ। ਜਿਵੇਂ ਕਿ ਲਕਸ਼ਮੀ ਸ੍ਰੀਨਿਵਾਸ ਨੇ 1991 ਵਿਚ ਨੋਟ ਕੀਤਾ, "ਬੰਗਲੌਰ ਸ਼ਹਿਰ ਦੀ ਅੱਧੀ ਤੋਂ ਵੱਧ ਜ਼ਮੀਨ ਨਿਗਮ ਦੇ ਕਰ ਦੇ ਦਾਇਰੇ ਤੋਂ ਬਾਹਰ ਹੈ (ਸ੍ਰੀਨਿਵਾਸ, 1991, ਪੰਨਾ 2484)।"

ਪਿੰਡਾਂ ਦੇ, ਬੰਗਲੌਰ ਸ਼ਹਿਰ ਦਾ ਹਿੱਸਾ ਬਣਨ ਵਾਲੀ ਜਟਿਲ ਬਦਲਾਅ ਦੀ ਪ੍ਰਕਿਰਿਆ ਵਿਚ, ਪੇਂਡੂ ਪ੍ਰਭਾਵ ਨੂੰ ਨਜ਼ਰਅੰਦਾਜ਼ ਕਰਨਾ

| ਤਾਲਿਕਾ-1 | |
|---|---|
| ਬੰਗਲੌਰ ਕੱਪੜਾ ਨਿਰਯਾਤ ਉਦਯੋਗ ਵਿਚ ਕੰਮ ਕਰਨ ਵਾਲੀਆਂ ਔਰਤਾਂ ਦੇ ਘਰਾਂ ਦਾ ਰੇਖਾ-ਚਿੱਤਰ | |
| ਕਿਰਾਏ ਵਾਲੇ ਘਰਾਂ ਦਾ ਅਨੁਪਾਤ | 87.5 |
| ਚਾਦਰਾਂ ਜਾਂ ਦੂਸਰੇ ਘਟੀਆ ਸਮੱਗਰੀ ਦੀਆਂ ਛੱਤਾਂ ਵਾਲੇ ਘਰਾਂ ਦਾ ਅਨੁਪਾਤ | 64.8 |
| ਕੰਮ ਦੇ ਸਥਾਨ ਤੋਂ ਦੋ ਕਿਲੋਮੀਟਰ ਦੇ ਘੇਰੇ ਅੰਦਰ ਆਉਂਦੇ ਘਰਾਂ ਦਾ ਅਨੁਪਾਤ | 78.2 |
| ਹਰ ਕਮਰੇ ਵਿਚ ਦੋ ਜਾਂ ਦੋ ਤੋਂ ਵੱਧ ਵਿਅਕਤੀ ਰਹਿਣ ਵਾਲੇ ਘਰਾਂ ਦਾ ਅਨੁਪਾਤ (ਰਸੋਈ ਸਮੇਤ) | 81.5 |
| ਹਰ ਕਮਰੇ ਵਿਚ 3 ਜਾਂ 3 ਤੋਂ ਵੱਧ ਵਿਅਕਤੀ ਰਹਿਣ ਵਾਲੇ ਘਰਾਂ ਦਾ ਅਨੁਪਾਤ (ਰਸੋਈ ਸਮੇਤ) | 31.4 |
| ਸ਼ੌਚਾਲਾ ਤੋਂ ਬਗੈਰ ਘਰਾਂ ਦਾ ਅਨੁਪਾਤ | 76.1 |
| ਪਾਣੀ ਦੇ ਸਰੋਤ ਤੋਂ ਬਗੈਰ ਵਾਲੇ ਘਰਾਂ ਦਾ ਅਨੁਪਾਤ | 73.0 |

ਸਰੋਤ : ਐੱਨ ਆਈ ਏ ਐੱਸ ਦਾ 2009 ਵਿਚ ਕੱਪੜਾ ਕਾਮਿਆਂ ਬਾਰੇ ਕੀਤਾ ਸਰਵੇਖਣ

ਮੁਸ਼ਕਿਲ ਹੈ ਜੋ ਇਸ ਬਦਲਾਅ ਤੋਂ ਬਾਅਦ ਵੀ ਮੌਜੂਦ ਰਹਿੰਦਾ ਹੈ। ਪਿੰਡਾਂ ਵਿਚ ਪੁਰਾਣੇ ਜ਼ਮੀਨ ਮਾਲਕਾਂ ਦੇ ਸਮੂਹ ਹਨ ਜਿਨ੍ਹਾਂ ਕੋਲ ਜ਼ਮੀਨ ਹੈ ਅਤੇ ਨਿੱਜੀ ਧਿਰਾਂ ਤੋਂ ਫ਼ਾਇਦਾ ਉਠਾਉਣ ਦਾ ਪ੍ਰਭਾਵ ਹੈ। ਇਸੇ ਸਮੂਹ ਕੋਲ ਗਰੀਬਾਂ ਲਈ ਘਟੀਆ ਕਿਸਮ ਦੇ ਘਰ ਨਿਰਮਾਣ ਕਰਨ ਦਾ ਵੀ ਫ਼ਾਇਦਾ ਹੈ। ਇਜਾਜ਼ਤ ਲੈਣ ਦੀ ਲੋੜ, ਜਾਂ ਜਦੋਂ ਅਜਿਹੀ ਇਜਾਜ਼ਤ ਦੀ ਲੋੜ ਨਾ ਹੋਵੇ ਤਾਂ ਅਧਿਕਾਰੀਆਂ ਵਲੋਂ ਮੂੰਹ ਫੇਰ ਲੈਣਾ, ਇਸ ਨਾਲ ਇਨ੍ਹਾਂ ਸਮੂਹਾਂ ਅਤੇ ਉੱਭਰ ਰਹੀ ਰਾਜਨੀਤਕ ਜਮਾਤ ਵਿਚਾਲੇ ਇਕ ਗਹਿਰਾ ਸੰਬੰਧ ਸਥਾਪਿਤ ਹੋ ਜਾਂਦਾ ਹੈ।

ਸ਼ਹਿਰ ਤੋਂ ਬਾਹਰ ਵਾਲੇ ਪਿੰਡ – ਉਹ ਸਟੀਕ ਤਰੀਕਾ, ਜਿਸ ਵਿਚ ਉਤਪਾਦ ਅਤੇ ਲੋਕ ਮੁਕਾਬਲਤਨ ਦੂਰ ਦੇ ਪਿੰਡਾਂ ਅਤੇ ਸ਼ਹਿਰਾਂ ਦੀ ਹੱਦਬੰਦੀ ਬਾਰੇ ਗੱਲਬਾਤ ਕਰਦੇ ਹਨ, ਇਸ ਦੇ ਕਈ ਰੂਪ ਹੋ ਸਕਦੇ ਹਨ। ਕਦੇ-ਕਦਾਈਂ ਔਰਤ ਕਾਮਿਆਂ ਦੇ ਪਰਿਵਾਰ, ਪਤੀ ਦੀ ਪਿੰਡ ਵਿਚ ਮੌਜੂਦ ਜ਼ਮੀਨ ਦੇ ਹਿੱਸੇ ਦੇ ਅਨਾਜ ਦੀ ਪ੍ਰਾਪਤੀ ਕਰਦੇ ਹਨ। ਜੋ ਪਹਿਰਾਵਾ ਔਰਤਾਂ ਪਹਿਨਦੀਆਂ ਹਨ, ਉਹ ਵੀ ਉਨ੍ਹਾਂ ਦੀ ਪਿੰਡਾਂ ਅਤੇ ਸ਼ਹਿਰਾਂ ਦੀ ਪਛਾਣ ਦੇ ਤਾਲਮੇਲ ਦਾ ਸੂਚਕ ਹੈ, ਭਾਵੇਂ ਕਿ ਉਨ੍ਹਾਂ ਦੇ ਕੁਝ ਸ਼ਹਿਰੀ ਵਸਤਰ – ਖ਼ਾਸ ਕਰਕੇ ਰਾਤ ਨੂੰ ਪਹਿਨਣ ਵਾਲਾ ਚੋਗਾ ਜਿਸ ਨੂੰ ਸ਼ਹਿਰ ਵਿਚ ਕਈ ਵਾਰ ਦਿਨ ਵਿਚ ਲੰਮੇ ਸਮੇਂ ਲਈ ਪਹਿਨਦੀਆਂ ਹਨ – ਇਹ ਪਿੰਡਾਂ ਵਿਚ ਹਮੇਸ਼ਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਪਿੰਡਾਂ ਤੇ ਸ਼ਹਿਰਾਂ ਦਾ ਪ੍ਰਭਾਵ ਅਤੇ ਸ਼ਹਿਰਾਂ ਤੇ ਪਿੰਡਾਂ ਦੇ ਪ੍ਰਭਾਵ ਦੀ ਮਾਤਰਾ ਨੂੰ, ਨਿੱਜੀ ਵਿਅਕਤੀ ਦੇ ਮਾਧਿਅਮ ਰਾਹੀਂ, ਇਸ ਸੰਵਾਦ 'ਤੇ ਨਿਰਭਰ ਕਰਦਾ ਹੈ। ਇਹ ਦਲੀਲ ਦਿਤੀ ਗਈ ਹੈ ਕਿ ਸ਼ਹਿਰੀ ਘਰ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਪ੍ਰਵਾਸ ਦੀ ਸ਼ੁਰੂਆਤੀ ਆਧਾਰ ਦੀ ਭੂਮਿਕਾ ਨਿਭਾਅ ਸਕਦੇ ਹਨ। ਇਨ੍ਹਾਂ ਘਰਾਂ ਵਿਚ ਅਕਸਰ ਉਹ ਵਿਅਕਤੀ ਰਹਿੰਦੇ ਹਨ ਜੋ ਸ਼ਹਿਰਾਂ ਵਿਚ ਆਪਣੇ ਪੈਰ ਜਮਾਉਣਾ ਚਾਹੁੰਦੇ ਹਨ। ਇਨ੍ਹਾਂ ਘਰਾਂ ਵਾਸਤੇ 'ਸਮੂਹਕ ਘਰ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜੋ ਉਨ੍ਹਾਂ ਘਰਾਂ ਵੱਲ ਇਸ਼ਾਰਾ ਕਰਦਾ ਹੈ ਜਿਥੇ ਅਜਿਹੇ ਵਿਅਕਤੀ ਰਹਿ ਰਹੇ ਹਨ ਜੋ ਮੂਲ ਪਰਿਵਾਰ ਦਾ ਭਾਗ ਨਹੀਂ ਸਨ (ਪਾਨੀ, 2010)। ਅਤੇ ਬੰਗਲੌਰ ਦੇ ਕੱਪੜਾ ਉਦਯੋਗ ਵਿਚ ਲੱਗੀਆਂ ਔਰਤਾਂ ਦੇ 40 ਪ੍ਰਤਿਸ਼ਤ ਘਰ ਇਸ ਨਿਯਮ 'ਤੇ ਪੂਰੇ ਉੱਤਰਦੇ ਹਨ। ਇਨ੍ਹਾਂ ਸਮੂਹਿਕ ਘਰਾਂ ਵਿਚ ਪਤੀ-ਪਤਨੀ ਦੇ ਸਿਰਫ਼ ਨੇੜਲੇ ਰਿਸ਼ਤੇਦਾਰ ਹੀ ਸ਼ਾਮਿਲ ਨਹੀਂ ਹਨ ਜਿਵੇਂ ਕਿ ਉਨ੍ਹਾਂ ਦੇ ਪਿਤਾ, ਮਾਤਾ, ਭਰਾ ਅਤੇ ਭੈਣਾਂ ਸਗੋਂ ਦੂਰ ਦੇ ਰਿਸ਼ਤੇਦਾਰ ਅਤੇ ਪਿੰਡ ਦੇ ਵਿਅਕਤੀ ਵੀ ਸ਼ਾਮਿਲ ਹਨ।

ਭਾਵੇਂ ਕਿ ਸਮੂਹਿਕ ਘਰ ਪੇਂਡੂ ਅਤੇ ਸ਼ਹਿਰੀ ਸੰਬੰਧਾਂ ਵੱਲ ਇਸ਼ਾਰਾ ਨਹੀਂ ਕਰਦੇ, ਇਸ ਸੰਬੰਧ ਦੀ ਤੀਬਰਤਾ ਨੂੰ ਪ੍ਰਵਾਸ ਦੇ ਰਸਤੇ ਤੋਂ ਪਰੇ ਜਾਣ ਵਾਲੇ ਸੰਬੰਧਾਂ ਦੀ ਰੋਸ਼ਨੀ ਵਿਚ ਵੇਖਿਆ ਜਾ ਸਕਦਾ ਹੈ। ਪਿੰਡਾਂ ਅਤੇ ਸ਼ਹਿਰਾਂ ਵਿਚ ਜ਼ਿਆਦਾ ਨਜ਼ਦੀਕੀ ਸੰਬੰਧ ਉਨ੍ਹਾਂ ਮਾਮਲਿਆਂ ਵਿਚ ਬਣਦਾ ਹੈ ਜਿਥੇ ਸ਼ਹਿਰ ਵਿਚ ਕੰਮ ਕਰ ਰਹੀਆਂ ਮਾਵਾਂ ਆਪਣੇ ਬੱਚਿਆਂ ਨੂੰ ਪਿੰਡਾਂ ਵਿਚ ਛੱਡ ਦਿੰਦੀਆਂ ਹਨ। 2009 ਦੇ ਐੱਨ ਆਈ ਏ ਐੱਸ ਸਰਵੇਖਣ ਵਿਚ ਇਹ ਖੁਲਾਸਾ ਹੋਇਆ ਕਿ ਪੰਜਵੇਂ ਹਿੱਸੇ ਤੋਂ ਵੱਧ ਅਸਰ ਵਿਚ 22.5 ਪ੍ਰਤਿਸ਼ਤ ਬੰਗਲੌਰ ਦੇ ਕੱਪੜਾ ਉਦਯੋਗ ਵਿਚ ਕੰਮ ਕਰ ਰਹੀਆਂ ਔਰਤਾਂ ਦੇ 15 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚੇ ਆਪਣੀਆਂ ਮਾਵਾਂ ਨਾਲ ਨਹੀਂ ਰਹਿੰਦੇ ਜਿਨ੍ਹਾਂ ਦਾ ਧਿਆਨ ਰੱਖਣ ਲਈ ਪਿੰਡਾਂ ਵਿਚ ਛੱਡ ਦਿਤਾ ਜਾਂਦਾ ਹੈ। ਅਜਿਹੇ ਮਾਮਲਿਆਂ ਵਿਚ ਔਰਤ ਮਜ਼ਦੂਰਾਂ ਵਲੋਂ ਅਕਸਰ ਸ਼ਹਿਰਾਂ ਅਤੇ ਪਿੰਡਾਂ ਵਿਚਾਲੇ ਸਰਹੱਦ ਬਾਰੇ ਗੱਲਬਾਤ ਕੀਤੀ ਗਈ। ਅਸਲ ਵਿਚ, ਮਾਂ ਤੋਂ ਦੂਰ ਰਹਿ ਰਹੇ ਬੱਚੇ ਨੂੰ ਅਸੀਂ ਸ਼ਹਿਰੀ ਅਤੇ ਪਿੰਡ ਦੇ ਕਾਮੇ ਦੇ ਸੰਬੰਧਾਂ ਦੀ ਗਹਿਰਾਈ ਅਤੇ ਤੀਬਰਤਾ ਦੇ ਪ੍ਰਤਿਨਿਧ ਵਜੋਂ ਇਸਤੇਮਾਲ ਕਰ ਸਕਦੇ ਹਾਂ।

| ਤਾਲਿਕਾ-2 | | |
|---|---|---|
| ਬੰਗਲੌਰ ਦੇ ਕੱਪੜਾ ਨਿਰਯਾਤ ਉਦਯੋਗ ਵਿਚ ਕੰਮ ਕਰ ਰਹੀਆਂ ਔਰਤਾਂ ਦੇ ਬੱਚਿਆਂ ਦੇ ਨਿਵਾਸ ਸਥਾਨ ਵਿਚ ਭਿੰਨਤਾ ਦਾ ਮੁੱਲੰਕਣ | | |
| ਤੱਤ | ਐੱਫ ਅਨੁਪਾਤ | 5 ਪ੍ਰਤਿਸ਼ਤ ਦੀ ਦਰ ਨਾਲ ਮਹੱਤਵ |
| ਮਾਂ ਦੀ ਸਿੱਖਿਆ | 0.78605 | ਨਹੀਂ |
| ਮਾਂ ਦੀ ਆਮਦਨ | 2.77847 | ਨਹੀਂ |
| ਛੱਤ ਦੀ ਕਿਸਮ | 0.75084 | ਨਹੀਂ |
| ਪਾਣੀ | 0.94756 | ਨਹੀਂ |
| ਬੱਚੇ ਦੀ ਉਮਰ | 9.90545 | ਹਾਂ |
| ਮਾਂ ਦੀ ਉਮਰ | 5.44606 | ਹਾਂ |
| ਮਾਂ ਦੇ ਬੰਗਲੌਰ ਵਿਚ ਰਹਿਣ ਦੇ ਸਾਲ | 23.84444 | ਹਾਂ |
| ਕੰਮ ਦੇ ਸਥਾਨ ਤੋਂ ਫ਼ਾਸਲਾ | 4.14329 | ਹਾਂ |
| ਗੁਸਲਖ਼ਾਨਾ | 8.66739 | ਹਾਂ |
| ਧਰਮ | 8.50309 | ਹਾਂ |
| ਜਾਤੀ ਸਮੂਹ | 5.01136 | ਹਾਂ |
| ਮਾਂ ਬੋਲੀ | 6.72962 | ਹਾਂ |

*ਸਰੋਤ : ਐੱਨ ਆਈ ਏ ਐੱਸ ਦਾ ਕੱਪੜਾ ਮਜ਼ਦੂਰਾਂ ਬਾਰੇ 2009 ਦਾ ਸਰਵੇਖਣ*

ਔਰਤਾਂ ਵਲੋਂ ਆਪਣੇ ਬੱਚਿਆਂ ਨੂੰ ਪਿੰਡਾਂ ਵਿਚ ਛੱਡਣ ਦੀ ਧਾਰਨਾ ਨੂੰ ਸਮਝਣ ਲਈ ਜਿਹੜੇ ਤੱਤ ਇਸ 'ਤੇ ਪ੍ਰਭਾਵ ਪਾਉਂਦੇ ਨਜ਼ਰ ਨਹੀਂ ਆਉਂਦੇ ਉਹ ਵੀ ਉਨੇ ਹੀ ਭੇਤ ਖੋਲ੍ਹਣ ਵਾਲੇ ਹੋ ਸਕਦੇ ਹਨ। ਇਸ ਤੱਤ ਦਾ ਮਹੱਤਵ ਜਾਣਨ ਲਈ ਅਸੀਂ ਉਸ ਤੱਤ ਦੇ ਆਧਾਰ 'ਤੇ ਬੱਚਿਆਂ ਜਾਂ ਉਨ੍ਹਾਂ ਦੀਆਂ ਮਾਵਾਂ ਦੇ ਸਮੂਹ ਬਣਾਏ ਅਤੇ ਵਖਰੇਵੇਂ ਦੇ ਮੁੱਲੰਕਣ ਦਾ ਇਸਤੇਮਾਲ ਕੀਤਾ ਤਾਂ ਜੋ ਉਸ ਤੱਤ ਦੇ ਮਹੱਤਵ ਦਾ ਅੰਦਾਜ਼ਾ ਲਗਾਇਆ ਜਾ ਸਕੇ। ਤਾਲਿਕਾ-2 ਸਾਨੂੰ ਅਨੇਕ ਤੱਤਾਂ ਬਾਰੇ ਦਸੱਦੀ ਹੈ ਜਿਹੜੇ ਇਸ ਤੱਤ ਨੂੰ ਪ੍ਰਭਾਵਿਤ ਕਰ ਸਕਦੇ ਹਨ, ਜਿਵੇਂ ਕਿ ਮਜ਼ਦੂਰ ਦਾ ਸ਼ਹਿਰ ਵਿਚ ਆਰਥਿਕ ਅਤੇ ਸਿੱਖਿਆ ਦਾ ਰੁਤਬਾ, ਇਹ ਪ੍ਰਮੁੱਖ ਤੱਤ ਨਹੀਂ ਹਨ ਜੋ ਬੱਚਿਆਂ ਨੂੰ ਪਿੰਡਾਂ ਵਿਚ ਛੱਡਣ ਦੇ ਫ਼ੈਸਲੇ ਦਾ ਨਿਰਧਾਰਣ ਕਰਦੇ ਹਨ। ਸਿੱਖਿਆ ਅਤੇ ਮਾਵਾਂ ਦੀ ਆਮਦਨ ਦਾ ਪੱਧਰ ਬੱਚਿਆਂ ਨੂੰ ਪਿੰਡਾਂ ਵਿਚ ਛੱਡਣ ਦੇ ਅੰਕੜਿਆਂ 'ਤੇ ਆਧਾਰਤ ਮਹੱਤਵਪੂਰਨ ਕਾਰਨ ਨਹੀਂ ਸਨ।

ਇਸ ਸਭ ਕੁਝ ਤੋਂ ਸਭ ਤੋਂ ਫ਼ੈਸਲਾਕੁੰਨ ਪ੍ਰਭਾਵ ਬੱਚੇ ਅਤੇ ਮਾਂ ਦੀ ਉਮਰ ਦਾ ਸੀ। ਪੰਜ ਸਾਲ ਜਾਂ ਇਸ ਤੋਂ ਘੱਟ ਉਮਰ ਦੇ 35 ਪ੍ਰਤਿਸ਼ਤ ਬੱਚੇ ਆਪਣੀ ਮਾਂ ਨਾਲ ਨਹੀਂ ਰਹਿੰਦੇ। ਇਹ ਅਨੁਪਾਤ 11 ਤੋਂ 15 ਸਾਲ ਦੇ ਉਮਰ ਸਮੂਹ ਵਿਚ ਘਟ ਕੇ 14 ਪ੍ਰਤਿਸ਼ਤ ਰਹਿ ਗਿਆ। ਮਾਵਾਂ ਦੇ ਮਾਮਲੇ ਵਿਚ ਵੀ 20 ਸਾਲ ਜਾਂ ਇਸ ਤੋਂ ਘੱਟ ਉਮਰ ਦੇ 40 ਪ੍ਰਤਿਸ਼ਤ ਬੱਚੇ ਆਪਣੀਆਂ ਮਾਵਾਂ ਤੋਂ ਦੂਰ ਰਹਿ ਰਹੇ ਸਨ। ਇਹ ਅਨੁਪਾਤ ਵੱਧ ਉਮਰ ਵਾਲੀਆਂ ਮਾਵਾਂ ਦੇ ਮਾਮਲੇ ਵਿਚ ਅਨੁਪਾਤਕ ਤੌਰ ਤੇ ਘਟ ਗਿਆ ਜਿਸ ਤਹਿਤ 40 ਸਾਲ ਤੋਂ ਵੱਧ ਉਮਰ ਦੀਆਂ ਸਿਰਫ਼ 4 ਪ੍ਰਤਿਸ਼ਤ ਮਾਵਾਂ ਆਉਂਦੀਆਂ ਸਨ। ਇਹ ਪੱਧਤੀ

***ਬਾਕੀ ਸਫ਼ਾ 16 ਉੱਤੇ***

# ਸਮਾਰਟ ਸ਼ਹਿਰਾਂ ਦੀ ਯੋਜਨਾਬੰਦੀ : ਸ਼ੁਰੂ ਕਿਥੋਂ ਕਰੀਏ?

✍ ਐੱਸ ਚੰਦਰਸ਼ੇਖਰ, ਨਿਹਾਰਿਕਾ ਵੈਂਕਟੇਸ਼

ਨਵੀਂ ਸਰਕਾਰ ਦੇ ਵਿਕਾਸ ਦੇ ਮਾਡਲ ਵਿਚ ਇਕ ਅੰਗ ਸਮਾਰਟ ਸ਼ਹਿਰਾਂ ਦੇ ਨਿਰਮਾਣ ਦਾ ਵਿਚਾਰ ਹੈ। 10 ਜੁਲਾਈ, 2014 ਨੂੰ ਪੇਸ਼ ਕੀਤੇ ਬਜਟ ਵਿਚ ਕੇਂਦਰੀ ਵਿੱਤ ਮੰਤਰੀ ਨੇ 100 ਸਮਾਰਟ ਸ਼ਹਿਰਾਂ ਦੇ ਨਿਰਮਾਣ ਲਈ ਬਜਟ ਵਿਚ 7060 ਕਰੋੜ ਰੁਪਏ ਰਾਖਵੇਂ ਕੀਤੇ। ਮੰਤਰੀ ਨੇ ਵੱਡੇ ਸ਼ਹਿਰਾਂ ਦੇ ਉਪਗ੍ਰਹਿ ਸ਼ਹਿਰਾਂ ਵਜੋਂ 100 ਸਮਾਰਟ ਸ਼ਹਿਰ ਬਣਾਉਣ ਲਈ 'ਵਿਕਾਸ ਦੀ ਦ੍ਰਿਸ਼ਟੀ' ਦੀ ਗੱਲ ਕੀਤੀ ਅਤੇ ਮੌਜੂਦਾ ਦਰਮਿਆਨੇ ਆਕਾਰ ਦੇ ਸ਼ਹਿਰਾਂ ਦੇ ਆਧੁਨਿਕੀਕਰਨ ਦੀ ਵੀ ਗੱਲ ਕੀਤੀ।

ਚੰਗਾ ਹੁੰਦਾ ਜੇ ਬਜਟ ਵਿਚ ਕੁੱਲ ਅਨੁਮਾਨਤ ਲਾਗਤ ਅਤੇ ਸਮਾਂ ਸੀਮਾ ਦੀ ਵੀ ਗੱਲ ਕੀਤੀ ਹੁੰਦੀ ਤਾਂ ਜੋ ਮੁੱਲਾਂਕਣ ਕੀਤਾ ਜਾ ਸਕਦਾ ਕਿ ਲੋੜੀਂਦੇ ਸਾਧਨ ਵੰਡੇ ਗਏ ਹਨ ਜਾਂ ਨਹੀਂ? ਇਸ ਕਮੀ ਦਾ ਕਾਰਨ ਇਕ ਸ਼ਹਿਰ ਨੂੰ ਸਮਾਰਟ ਬਣਾਉਣ ਲਈ ਲੋੜੀਂਦੇ ਨਿਵੇਸ਼ ਦੀ ਅਸਪੱਸ਼ਟਤਾ ਹੋ ਸਕਦਾ ਹੈ।

ਕਹਾਣੀ ਨੂੰ ਹੋਰ ਅੱਗੇ ਤੋਰਨ ਤੋਂ ਪਹਿਲਾਂ, ਇਹ ਨੋਟ ਕਰਨਾ ਚਾਹੀਦਾ ਹੈ ਕਿ ਦੁਨੀਆਂ ਭਰ ਵਿਚ ਸਮਾਰਟ ਸ਼ਹਿਰਾਂ ਬਾਰੇ ਚੱਲ ਰਹੀ ਕਾਨਾਫੂਸੀ ਦੇ ਬਾਵਜੂਦ, ਸਮਾਰਟ ਸ਼ਹਿਰ ਦੀ ਕੋਈ ਸਪੱਸ਼ਟ ਪਰਿਭਾਸ਼ਾ ਨਹੀਂ ਮਿਲਦੀ। ਸੱਚੀ ਗੱਲ ਤਾਂ ਇਹ ਹੈ ਕਿ ਬਹੁਤ ਸਾਰੀਆਂ ਆਪਸ ਵਿਚ ਜੁੜੀਆਂ ਧਾਰਨਾਵਾਂ ਨੂੰ ਸ਼ਹਿਰ ਦੇ ਸੰਦਰਭ ਵਿਚ ਪ੍ਰਚਲਿਤ ਕਰ ਦਿਤਾ ਗਿਆ ਹੈ। ਇਨ੍ਹਾਂ ਵਿਚ ਸ਼ਾਮਿਲ ਹਨ : ਸਿਰਜਣਾਤਮਕ, ਸੰਚਾਰ, ਡਿਜ਼ੀਟਲ, ਈ-ਸ਼ਾਸਤ, ਉੱਦਮੀ, ਹੁਸ਼ਿਆਰ ਜਾਣਕਾਰੀ ਆਦਿ। ਇਹ ਧਾਰਨਾਵਾਂ ਜ਼ਰੂਰੀ ਨਹੀਂ ਕਿ ਆਪਸ ਵਿਚ ਵਿਸ਼ੇਸ਼ ਹੋਣ ਜਦ ਕਿ ਸੂਚਨਾ ਅਤੇ ਸੰਚਾਰ ਤਕਨੀਕ (ਆਈ ਸੀ ਟੀ) ਦੀ ਸ਼ਕਤੀ ਨੂੰ ਵਰਤੋਂ ਵਿਚ ਲਿਆਉਣਾ ਇਨ੍ਹਾਂ ਸਾਰੀਆਂ ਧਾਰਨਾਵਾਂ ਦੇ ਅਨੁਕੂਲ ਹੈ। ਸੂਚਨਾ ਤੇ ਸੰਚਾਰ ਤਕਨੀਕ ਦੀ ਧਾਰਨਾ ਨੂੰ ਵਿਕਾਸ ਲਈ ਵਰਤੋਂ ਵਿਚ ਲਿਆਉਣਾ 'ਦਹਿਸਦੀ ਵਿਕਾਸ ਟੀਚੇ' ਵਿਚ ਵੀ ਸਪੱਸ਼ਟ ਕੀਤਾ ਗਿਆ ਹੈ। ਅਸਲ ਵਿਚ, ਅੱਠਵੇਂ 'ਦਹਿਸਦੀ ਵਿਕਾਸ ਟੀਚੇ' ਵਿਚ ਤਰੱਕੀ ਦੀ ਪੈੜ ਨੱਪਣ ਲਈ ਰੱਖੇ ਟੀਚਿਆਂ ਵਿਚੋਂ ਇਕ ਨਿੱਜੀ ਖੇਤਰ ਨਾਲ ਸਹਿਯੋਗ ਕਰਨ ਅਤੇ ਨਵੀਆਂ ਤਕਨੀਕਾਂ, ਖ਼ਾਸ ਕਰਕੇ ਸੂਚਨਾ ਅਤੇ ਸੰਚਾਰ ਤਕਨੀਕਾਂ ਦੇ ਫ਼ਾਇਦਿਆਂ ਨੂੰ ਉਪਲਬਧ ਕਰਵਾਉਣਾ ਹੈ। ਭਾਰਤ ਸਰਕਾਰ ਦੇ ਮੁੱਲਾਂਕਣ ਅਨੁਸਾਰ ਇਸ ਟੀਚੇ ਨੂੰ ਹਾਸਲ ਕਰਨ ਲਈ ਸਹੀ ਰਸਤੇ 'ਤੇ ਹੈ।

***ਲੋਕਾਂ ਲਈ ਸਮਾਰਟ ਸ਼ਹਿਰਾਂ ਦਾ ਕੀ ਮਤਲਬ ਹੈ, ਇਹ ਬੇਸ਼ੱਕ ਚਰਚਾ ਦਾ ਵਿਸ਼ਾ ਹੈ। ਪਰ ਗੁਜਰਾਤ ਇੰਟਰ-ਨੈਸ਼ਨਲ ਫਿਨ-ਟੈਕ ਸ਼ਹਿਰ ਵਰਗੇ ਸਮਾਰਟ ਕੇਂਦਰੀ ਵਪਾਰਕ ਜ਼ਿਲ੍ਹੇ ਦੀਆਂ ਵਿਸ਼ੇਸ਼ਤਾਵਾਂ ਨੂੰ ਪਕੜ ਵਿਚ ਲਿਆਉਣਾ, ਪ੍ਰਮਾਣਤ ਕਰਨਾ ਅਤੇ ਸਮਝਣਾ ਸੌਖਾ ਹੈ। ਅਸਲੀ ਚੁਣੌਤੀ ਸਾਰੇ ਵਸਨੀਕਾਂ ਲਈ 'ਸੰਮਿਲਤ ਸਮਾਰਟ ਸ਼ਹਿਰ' ਬਣਾਉਣ ਦੀ ਹੈ, ਬਿਨਾਂ ਅਮੀਰ ਅਤੇ ਗਰੀਬ ਦਾ ਭਿੰਨ-ਭੇਤ ਕੀਤਿਆਂ। ਇਹ ਕਹਿਣਾ ਉੱਚਿਤ ਹੋਵੇਗਾ ਕਿ ਭਾਰਤ ਵਰਗੇ ਦੇਸ਼ ਵਿਚ ਸਮਾਰਟ ਸ਼ਹਿਰ ਬਣਾਉਣ ਦੀ ਪ੍ਰਕਿਰਿਆ ਲੋਕਮੁਖੀ ਹੋਣੀ ਚਾਹੀਦੀ ਹੈ। ਸਪੱਸ਼ਟ ਵਿਚਾਰ ਸ਼ਹਿਰਾਂ ਨੂੰ ਲੋਕਾਂ ਦੇ ਲਾਇਕ ਬਣਾਉਣਾ ਹੈ। ਸੋ, ਇਕ ਸਮਾਰਟ ਸ਼ਹਿਰ ਬਾਰੇ ਸੰਚਾਲਨ ਦੀ ਪਰਿਭਾਸ਼ਾ ਪੇਸ਼ ਕਰਨ ਦੀ ਬਜਾਇ, ਇਹ ਲੇਖ ਇਸ ਸੰਬੰਧ ਵਿਚ ਇਕ ਖ਼ਾਕਾ ਪੇਸ਼ ਕਰਦਾ ਹੈ।***

ਸਮਾਰਟ ਸ਼ਹਿਰਾਂ ਜਾਂ ਬਸਤੀਆਂ ਦੀ ਧਾਰਨਾ ਇਕ ਪ੍ਰਕਿਰਿਆ ਹੈ ਨਾ ਕਿ ਇਕ ਟੀਚਾ ਅਤੇ ਇਸ ਦੀ ਇਸ ਵਿਸ਼ੇਸ਼ਤਾ ਨੇ ਇਹ ਪੱਕਾ ਕਰ ਦਿਤਾ ਹੈ ਕਿ ਸਮਾਰਟ ਸ਼ਹਿਰ ਦੀ ਕੋਈ ਇਕ ਪ੍ਰਵਾਨਤ ਪਰਿਭਾਸ਼ਾ ਨਹੀਂ ਹੈ। ਸੋ, ਇਕ ਸਮਾਰਟ ਸ਼ਹਿਰ ਦਾ ਈ-ਸ਼ਾਸਨ ਹੋਵੇਗਾ, ਬਨਾਵਟ ਅਤੇ ਪ੍ਰਬੰਧਨ ਵਿਚ ਸੁਧਾਰ ਲਈ ਨਿਰੰਤਰ ਟੀਚੇ ਰੱਖੇ ਜਾਣਗੇ, ਵਾਤਾਵਰਨ ਪੱਖੀ ਵਿਕਾਸ ਲਈ ਯੋਜਨਾਬੰਦੀ ਹੋਵੇਗੀ ਅਤੇ ਸਮੂਹਿਕ ਆਵਾਜਾਈ ਮੁਖੀ ਵਿਕਾਸ ਹੋਵੇਗਾ, ਸ਼ਹਿਰੀਆਂ ਲਈ ਸਵੈਚਾਲਿਤ ਪ੍ਰਕਿਰਿਆ ਦੇ ਫ਼ਾਇਦੇ ਅਤੇ ਉਨ੍ਹਾਂ ਦੇ ਫ਼ਾਇਦੇ ਲਈ ਪ੍ਰੋਗਰਾਮਾਂ ਦਾ ਵਿਕਾਸ।

ਸ਼ੁਰੂ ਵਿਚ, ਕਿਸੇ ਸ਼ਹਿਰ ਨੂੰ ਸਮਾਰਟ ਬਣਾਉਣ ਲਈ ਲੋਕ ਮੁਖੀ ਤਕਨੀਕਾਂ ਵਿਕਸਤ ਕਰਨੀਆਂ ਹੋਣਗੀਆਂ। ਵਿਕਾਸ ਲਈ ਆਈ ਸੂਚਨਾ ਤੇ ਸੰਚਾਰ ਤਕਨੀਕ ਦੀ ਸ਼ਕਤੀ ਨੂੰ ਵਰਤਣ ਦੀ ਧਾਰਨਾ, ਖ਼ਾਸ ਕਰਕੇ ਪਾਰਦਰਸ਼ਤਾ ਅਤੇ ਸ਼ਾਸਨ ਵਿਚ ਸੁਧਾਰ, ਇਹ ਭਾਰਤ ਲਈ ਨਵੇਂ ਨਹੀਂ ਹਨ ਅਤੇ ਇਹ ਵਿਚਾਰ ਸਮਾਰਟ ਸ਼ਹਿਰ ਵਿਕਸਤ ਕਰਨ ਦੇ ਸੰਕਲਪ ਤੋਂ ਪਹਿਲਾਂ ਦਾ ਹੈ। ਭਾਰਤ ਦੀ ਈ-ਸ਼ਾਸਨ ਯੋਜਨਾ ਦੀ ਦ੍ਰਿਸ਼ਟੀ ਵਿਚ "ਸਾਂਝੀਆਂ ਸੇਵਾਵਾਂ ਦੇਣ ਦੇ ਬਿੰਦੂ ਦੁਆਰਾ ਆਮ ਆਦਮੀ ਨੂੰ ਉਸ ਦੇ ਮੁਹੱਲੇ ਵਿਚ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ, ਕੁਸ਼ਲਤਾ ਯਕੀਨੀ ਬਣਾਉਣੀ, ਪਾਰਦਰਸ਼ਿਤਾ ਅਤੇ ਅਜਿਹੀਆਂ ਸੇਵਾਵਾਂ ਉੱਚਿਤ ਕੀਮਤ 'ਤੇ ਮੁਹੱਈਆ ਕਰਵਾਉਣਾ ਸ਼ਾਮਿਲ ਹੈ ਤਾਂ ਕਿ ਆਮ ਆਦਮੀ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ।" ਇਸ ਯੋਜਨਾ ਦੀ 4041 ਵਿਧਾਨਕ ਸ਼ਹਿਰਾਂ, 3894 ਮਰਦਮਸ਼ੁਮਾਰੀ ਵਾਲੇ ਸ਼ਹਿਰਾਂ, 475 ਸ਼ਹਿਰੀ ਸਮੂਹਾਂ, 981 ਵਿਕਾਸ ਤੋਂ ਬਾਹਰੇ ਅਤੇ 238,617 ਗ੍ਰਾਮ ਪੰਚਾਇਤਾਂ ਜੋ 6,40,867

ਪਿੰਡਾਂ ਲਈ ਜ਼ਿੰਮੇਵਾਰ ਹਨ, ਵਿਚ ਪ੍ਰਭਾਵੀ ਸ਼ੁਰੂਆਤ ਇਹ ਯਕੀਨੀ ਬਣਾਏਗੀ ਕਿ ਹਰੇਕ ਪ੍ਰਸ਼ਾਨਿਕ ਇਕਾਈ ਈ-ਸ਼ਾਸਤ ਹੋਵੇਗੀ। ਇਸ ਨੂੰ ਹਾਸਲ ਕਰਨ ਲਈ ਮੁੱਢਲੀ ਸ਼ਰਤ ਪੇਂਡੂ ਖੇਤਰ ਵਿਚ ਇੰਟਰਨੈੱਟ ਦੀ ਸਹੂਲਤ ਦੇਣਾ ਹੈ ਅਤੇ ਬਜਟ ਵਿਚ 'ਡਿਜ਼ੀਟਲ ਭਾਰਤ' ਲਈ 500 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਸੰਖੇਪ ਵਿਚ, ਈ-ਸ਼ਾਸਨ ਇਕ ਅਜਿਹਾ ਕਦਮ ਹੈ ਜਿਸ ਵਾਸਤੇ ਸਰਕਾਰ ਪਹਿਲਾਂ ਹੀ ਪ੍ਰਤਿਬੱਧ ਹੋ ਚੁੱਕੀ ਹੈ, ਜੋ ਇਕ ਅਜਿਹਾ ਮੀਲ ਪੱਥਰ ਹੈ ਜੋ ਸਮਾਰਟ ਰੈਣ-ਬਸੇਰਿਆਂ ਦੇ ਨਿਰਮਾਣ ਲਈ ਹਾਸਲ ਕਰਨਾ ਅਤਿ ਜ਼ਰੂਰੀ ਹੈ।

ਕਿਉਂਕਿ ਈ-ਸ਼ਾਸਨ ਦੀ ਦੇਸ਼ ਭਰ ਵਿਚ ਸ਼ੁਰੂਆਤ ਹੋ ਰਹੀ ਹੈ, ਹਰੇਕ ਘਰ ਨੂੰ ਸਮਾਰਟ ਬਣਾਉਣ ਲਈ ਕੰਮ ਕਰਨਾ ਜ਼ਿਆਦਾ ਢੁਕਵਾਂ ਹੋਵੇਗਾ, ਬਜਾਇ ਕਿ 100 ਸ਼ਹਿਰਾਂ ਨੂੰ ਸਮਾਰਟ ਸ਼ਹਿਰ ਬਣਾਉਣ 'ਤੇ ਹੀ ਧਿਆਨ ਕੇਂਦਰਿਤ ਕੀਤਾ ਜਾਵੇ। ਸ਼ੁਰੂਆਤ ਲਈ 10,000 ਤੋਂ ਵੱਧ ਆਬਾਦੀ ਵਾਲੇ 4862 ਪਿੰਡਾਂ ਨੂੰ ਸਮਾਰਟ ਪਿੰਡ ਬਣਾਇਆ ਜਾ ਸਕਦਾ ਹੈ। ਇਸ ਤਹਿਤ ਭਾਰਤ ਦੀ ਲਗਭਗ 8.6 ਪ੍ਰਤਿਸ਼ਤ ਜਨਸੰਖਿਆ ਆ ਜਾਵੇਗੀ। ਇਸ ਤੋਂ ਬਾਅਦ, ਸਰਕਾਰ 5,000 ਤੋਂ 9999 ਦੀ ਆਬਾਦੀ ਵਾਲੇ ਪਿੰਡਾਂ ਵੱਲ ਧਿਆਨ ਦੇ ਸਕਦੀ ਹੈ ਜੋ ਸ਼ਹਿਰ ਦੀ ਜੂਹ ਦੇ ਨੇੜੇ ਹਨ। ਇਸ ਤਹਿਤ ਪੇਂਡੂ ਖੇਤਰ ਦੀ ਨਾਲ ਲਗਦੀ 13.2 ਪ੍ਰਤਿਸ਼ਤ ਵਸੋਂ ਆ ਜਾਵੇਗੀ। ਇਹ ਰਣਨੀਤੀ ਸਮਝ ਆਉਂਦੀ ਹੈ ਕਿਉਂਕਿ ਜ਼ਿਆਦਾਤਰ ਵੱਡੇ ਪਿੰਡ ਅਤੇ ਸ਼ਹਿਰਾਂ-ਕਸਬਿਆਂ ਨੇੜਲੇ ਪਿੰਡ ਸਮੇਂ ਨਾਲ ਸ਼ਹਿਰੀ ਬਣ ਜਾਣਗੇ। ਸੋ, ਅਗਾਊਂ ਯੋਜਨਾਬੰਦੀ ਇਕ ਵਧੀਆ ਵਿਚਾਰ ਹੈ। ਸ਼ਾਸਨ ਦੇ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਪਿੰਡਾਂ ਨੂੰ ਸਮਾਰਟ ਬਣਾਉਣ ਲਈ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਨ੍ਹਾਂ ਨੂੰ ਪੇਂਡੂ ਵਿਕਾਸ ਮੰਤਰਾਲਾ ਦੀ ਈ-ਪੰਚਾਇਤ ਯੋਜਨਾ ਤਹਿਤ ਲਿਆਂਦਾ ਜਾ ਸਕਦਾ ਹੈ। ਇਹ ਯੋਜਨਾ ਪੰਚਾਇਤ ਦੇ ਸੰਚਾਲਨ ਦੇ ਸਾਰੇ ਪੱਖਾਂ ਦਾ ਹੱਲ ਕਰਦੀ ਹੈ, ਜਿਸ ਵਿਚ ਯੋਜਨਾਬੰਦੀ, ਨਿਗਰਾਨੀ, ਅਮਲ, ਬਜਟ, ਲੇਖਾ, ਸਮਾਜਿਕ ਹਿਸਾਬ-ਕਿਤਾਬ ਅਤੇ ਨਾਗਰਿਕ ਸਹੂਲਤਾਂ ਦੇਣਾ ਜਿਵੇਂ ਪ੍ਰਮਾਣ ਪੱਤਰ ਜਾਰੀ ਕਰਨੇ, ਲਾਇਸੰਸ ਆਦਿ ਬਣਾਉਣੇ ਸ਼ਾਮਿਲ ਹਨ। ਈ-ਪੰਚਾਇਤ ਯੋਜਨਾ ਨੂੰ ਸਮਾਰਟ ਸ਼ਹਿਰੀਕਰਨ ਦੇ ਉਦੇਸ਼ ਦੀ ਯੋਜਨਾਬੰਦੀ ਲਈ ਵਰਤਿਆ ਜਾ ਸਕਦਾ ਹੈ। ਕੇਂਦਰ ਸਰਕਾਰ ਨੇ ਸੂਚਨਾ ਤੇ ਸੰਚਾਰ ਤਕਨਾਲੋਜੀ ਵਿਚ ਹੋਈ ਤਰੱਕੀ ਨੂੰ ਈ-ਸਿਹਤ ਅਤੇ ਈ-ਸਿੱਖਿਆ ਦੇ ਮਾਡਲ ਵਿਕਸਤ ਕਰਨ ਲਈ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਇਹ ਕਦਮ ਪਿੰਡਾਂ ਨੂੰ ਧਿਆਨ ਵਿਚ ਰੱਖ ਕੇ ਉਠਾਏ ਜਾਣੇ ਚਾਹੀਦੇ ਹਨ। ਦਿੱਲੀ, ਮੁੰਬਈ, ਉਦਯੋਗਿਕ ਲਾਂਘੇ ਵਰਗੀਆਂ ਯੋਜਨਾਵਾਂ ਨਾਲ ਵੀ ਸੁਮੇਲ ਹੋਣਾ ਚਾਹੀਦਾ ਹੈ।

***ਸੁਝਾਇਆ ਜਾ ਰਿਹਾ ਹੈ ਕਿ ਇਹ ਵੱਖ-ਵੱਖ ਤਰਜੀਹਾਂ ਦਾ ਰੂਪ ਹੋਣਾ ਚਾਹੀਦਾ ਹੈ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਹਰੇਕ ਪੇਂਡੂ ਘਰ ਅਤੇ ਭਵਿੱਖੀ ਸ਼ਹਿਰ ਸਮਾਰਟ ਬਣ ਸਕੇ। ਇਹ ਪਹੁੰਚ ਭਵਿੱਖੀ ਸ਼ਹਿਰੀਕਰਨ ਲਈ ਹੇਠਾਂ ਤੋਂ ਯੋਜਨਾਬੰਦੀ ਵਾਲੀ ਸੋਚੀ ਜਾ ਸਕਦੀ ਹੈ, ਇਕ ਅਗਾਊਂ ਤੌਰ ਤੇ ਰੋਕਣ ਵਾਲੀ ਰਣਨੀਤੀ ਜੋ ਵਿਕਾਸ ਲਈ ਯੋਜਨਾਬੰਦੀ ਵਾਲੀ ਹੋਵੇਗੀ ਨਾ ਕਿ ਬੇਨਿਯਮੇ ਸ਼ਹਿਰੀ ਫੈਲਾਉ ਦੇ ਮੱਦੇਨਜ਼ਰ ਪ੍ਰਤਿਕਿਰਿਆਕਾਰੀ ਰਣਨੀਤੀ। ਅੱਜ ਸਰਕਾਰ ਵਲੋਂ ਚੁੱਕੇ ਜਾ ਰਹੇ ਜ਼ਿਆਦਾਤਰ ਕਦਮ ਪ੍ਰਤਿਕਿਰਿਆ ਹਨ ਵਾਲੇ ਨਾ ਕਿ ਅਗਾਊਂ ਤੌਰ ਤੇ ਰੋਕਣ ਵਾਲੇ।***

ਸਤੰਬਰ 2011 ਵਿਚ ਯੂਸਫ਼ ਮੇਹਰਾਲੀ ਯਾਦਗਾਰੀ ਭਾਸ਼ਨ ਦਿੰਦਿਆਂ ਭਾਰਤ ਦੇ ਉਪ-ਰਾਸ਼ਟਰਪਤੀ ਮੁਹੰਮਦ ਹਾਮਿਦ ਅੰਸਾਰੀ ਨੇ ਸ਼ਹਿਰੀ ਸ਼ਾਸਨ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਵਿਚ ਸੁਧਾਰ ਦੀਆਂ ਚੁਨੌਤੀਆਂ ਬਾਰੇ ਗੱਲ ਕੀਤੀ। ਉਨ੍ਹਾਂ ਵਲੋਂ ਇਸ ਸੰਦਰਭ ਵਿਚ ਉਠਾਏ ਗਏ ਦੋ ਮੁੱਦੇ ਪ੍ਰਸੰਗਿਕ ਹਨ। ਮਾਣਯੋਗ ਉਪ-ਰਾਸ਼ਟਰਪਤੀ ਵਲੋਂ ਉਠਾਇਆ ਗਿਆ ਪਹਿਲਾ ਨੁਕਤਾ ਸੀ ਕਿ ''ਨਿਵੇਸ਼ ਦੀ ਮਾਤਰਾ ਅਤੇ ਉਨ੍ਹਾਂ ਦੇ ਅਮਲ ਲਈ ਯੋਜਨਾਵਾਂ ਦੀ ਚੋਣ ਰਾਜਨੀਤਕ ਖਿੱਚ-ਧੂਹ ਅਤੇ ਆਰਥਿਕ ਦਬਾਵਾਂ ਦੀ ਸ਼ਿਕਾਰ ਰਹੀ ਹੈ। ਜਦ ਕਿ ਕੁੱਝ ਆਲੋਚਕ ਸਾਡੀਆਂ ਸ਼ਹਿਰੀ ਥਾਵਾਂ ਦੀ 'ਵਿਸ਼ਿਸ਼ਟ ਪਕੜ' ਦੀ ਗੱਲ ਕਰਦੇ ਹਨ, ਦੂਜੇ ਪਛਤਾਵਾ ਕਰਦੇ ਹਨ ਕਿ 'ਛੇਕਣ ਵਾਲੇ' ਸ਼ਹਿਰੀਕਰਨ ਦਾ ਫ਼ਾਇਦਾ ਕੁਝ ਸਮਾਜਿਕ ਸਮੂਹ ਹੀ ਉਠਾ ਰਹੇ ਹਨ ਜੋ ਦੂਜਿਆਂ ਲਈ ਹਾਨੀਕਾਰਨ ਹੈ ਅਤੇ ਸਰੋਤਾਂ ਦੀ ਮੁਹਾਰ ਵੱਡੇ ਮਹਾਂਨਗਰਾਂ ਵੱਲ ਮੋੜੀ ਜਾ ਰਹੀ ਹੈ। ਸਿੱਟੇ ਵਜੋਂ, ਛੋਟੇ ਅਤੇ ਦਰਮਿਆਨੇ ਸ਼ਹਿਰ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨ ਲਈ ਲੋੜੀਂਦੇ ਵਿੱਤ ਤੋਂ ਵਾਂਝੇ ਰਹਿ ਜਾਂਦੇ ਹਨ। ਦੂਜਾ, ਉਨ੍ਹਾਂ ਨੇ ਜ਼ਿਕਰ ਕੀਤਾ ਕਿ, ''ਸਾਡੇ ਸ਼ਹਿਰੀ ਸਥਾਨ ਅਤੇ ਸਰਕਾਰੀ ਤੰਤਰ ਰਾਜਨੀਤਕ ਝਗੜਿਆਂ ਅਤੇ ਆਰਥਿਕ ਸੰਘਰਸ਼ਾਂ ਦੇ ਮੰਚ ਬਣ ਗਏ ਹਨ। ਸਾਡੇ ਸ਼ਹਿਰੀ ਸਥਾਨਾਂ ਨੂੰ ਸੁਧਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਅਜਿਹੇ ਸੁਧਾਰਾਂ ਦਾ ਵਿਰੋਧ ਕਰਨ ਲਈ ਵਰਤਿਆ ਗਿਆ ਹੈ। ਕੁੱਝ ਜਨਤਕ-ਨਿੱਜੀ ਭਾਈਵਾਲੀ ਰਾਹੀਂ ਨਿਗਮ ਸੇਵਾਵਾਂ ਦਾ ਨਿੱਜੀਕਰਨ ਚਾਹੁੰਦੇ ਹਨ, ਜਿਸ ਵਿਚ ਸਰਕਾਰ ਦੀ ਭੂਮਿਕਾ ਮਹਿਜ਼ ਇਕ ਨਿਯਮਕ ਜਾਂ ਸਹਾਇਤਾ ਕਰਨ ਵਾਲੀ ਹੋਵੇਗੀ, ਦੂਜੇ ਕਹਿੰਦੇ ਹਨ ਕਿ ਇਹ ਸਮਾਜਿਕ ਅਤੇ ਆਰਥਿਕ ਨਾਬਰਾਬਰੀਆਂ ਦਾ ਸੰਸਥਾਨੀਕਰਨ ਕਰ ਦੇਵੇਗਾ।" ਸੋ, ਸਰਕਾਰ ਨੇ ਇਹ ਸਪੱਸ਼ਟ ਕਰਨਾ ਹੈ ਕਿ ਉਹ ਕਿਵੇਂ ਯਕੀਨੀ ਬਣਾਵੇਗੀ ਕਿ ਸ਼ਹਿਰਾਂ ਦੇ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਕਿਵੇਂ ਯਕੀਨੀ ਬਣਾਇਆ ਜਾਵੇ। ਸਰਕਾਰ ਨੂੰ ਨਾ ਸਿਰਫ਼ ਵਰਤਮਾਨ ਸ਼ਹਿਰੀਆਂ ਨੂੰ ਸਹੂਲਤਾਂ ਦੀ ਘਾਟ ਦਾ ਹੱਲ ਕਰਨਾ ਪਵੇਗਾ, ਸਗੋਂ ਭਵਿੱਖ ਵਿਚ ਹੋਣ ਵਾਲੇ ਜਨਸੰਖਿਆ ਵਾਧੇ ਨੂੰ ਵੀ ਧਿਆਨ ਵਿਚ ਲੈਣਾ ਪਵੇਗਾ। ਅਸਲ ਵਿਚ, ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਦੇ ਹਿੱਸੇ ਵਜੋਂ ਤਿਆਰ ਕੀਤੀਆਂ ਗਈਆਂ ਸ਼ਹਿਰੀ ਵਿਕਾਸ ਯੋਜਨਾਵਾਂ ਵਿਚ ਸ਼ਹਿਰਾਂ ਦੇ ਭਵਿੱਖੀ ਜਨਸੰਖਿਆ ਵਾਧੇ ਦਾ ਕੋਈ ਅੰਦਾਜ਼ਾ ਨਹੀਂ ਲਾਇਆ ਗਿਆ। ਇਹ ਸਾਨੂੰ ਸਮਾਰਟ ਰੈਣ ਬਸੇਰੇ ਦੇ ਅਗਲੇ ਭਾਗ ਵੱਲ ਲੈ ਕੇ ਜਾਂਦਾ ਹੈ ਜਿਸ ਦਾ ਸੰਬੰਧ ਬਣੇ ਹੋਏ ਵਾਤਾਵਰਨ ਅਤੇ ਬੁਨਿਆਦੀ ਸਹੂਲਤਾਂ ਤਕ ਪਹੁੰਚ ਯਕੀਨੀ ਬਣਾਉਣ ਨਾਲ ਹੈ।

2011 ਦੀ ਭਾਰਤ ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਕ, ਕੁੱਲ 13.75 ਮਿਲੀਅਨ ਘਰਾਂ ਵਾਲੇ ਝੁੱਗੀਆਂ ਵਿਚ ਰਹਿੰਦੇ ਹਨ, ਮਤਲਬ ਭਾਰਤ ਦੇ 17 ਪ੍ਰਤਿਸ਼ਤ ਸ਼ਹਿਰੀ ਵਸਨੀਕ ਝੁੱਗੀਆਂ ਵਿਚ ਰਹਿੰਦੇ ਹਨ। ਇਹ ਪ੍ਰਤਿਸ਼ਤ ਹੋਰ ਵੀ ਵਧ ਸਕਦੀ ਹੈ ਜੇ ਝੁੱਗੀਆਂ ਵਰਗੇ ਹਾਲਾਤ ਵਿਚ ਰਹਿਣ ਵਾਲੇ ਸ਼ਹਿਰੀ ਘਰਾਂ ਦੇ ਅੰਕੜੇ ਤਿਆਰ ਕਰ ਲਏ ਜਾਣ। 2011 ਵਿਚ, 4041 ਵਿਧਾਨਕ ਸ਼ਹਿਰਾਂ ਵਿਚੋਂ 63 ਪ੍ਰਤਿਸ਼ਤ ਵਿਚ

ਝੁੱਗੀਆਂ ਹੋਣ ਦੀ ਜਾਣਕਾਰੀ ਮਿਲੀ ਹੈ। ਗੇਟਾਂ ਅੰਦਰ ਰਹਿਣ ਵਾਲੇ ਸਮੁਦਾਇ ਅਤੇ ਭੀੜ ਭਰੇ, ਤੁੰਨੀਆਂ ਹੋਈਆਂ ਵਸਤੀਆਂ ਵਾਲੇ ਸ਼ਹਿਰਾਂ ਨੂੰ ਸਮਾਰਟ ਬਣਾਉਣ ਦਾ ਵਿਚਾਰ ਬੜਾ ਬੇਤੁਕਾ ਜਿਹਾ ਲਗਦਾ ਹੈ। ਸ਼ਹਿਰਾਂ ਵਿਚ ਰਹਿਣ ਵਾਲੇ 26 ਪ੍ਰਤਿਸ਼ਤ ਪਰਿਵਾਰਾਂ ਵਲੋਂ ਰੀਂਦਾ ਜਾਂ ਅਣਸੋਧਿਆ ਬਾਲਣ, ਜਿਵੇਂ ਲੱਕੜ, ਫ਼ਸਲਾਂ ਦੀ ਰਹਿੰਦ-ਖੂੰਹਦ, ਗੋਹੇ ਦੀਆਂ ਪਾਥੀਆਂ, ਕੋਲਾ ਆਦਿ ਵਰਤਿਆ ਜਾਂਦਾ ਹੈ। ਇਹ ਸਮਾਰਟ ਊਰਜਾ ਚੋਣ ਨਹੀਂ ਹੈ ਕਿਉਂਕਿ ਰੀਂਦੇ ਬਾਲਣ ਦੀ ਵਰਤੋਂ ਘਰਾਂ ਅੰਦਰ ਪ੍ਰਦੂਸ਼ਨ ਪੈਦਾ ਕਰਦੀ ਹੈ। ਸਮਾਰਟ ਬਣਨ ਦੀ ਇੱਛਾ ਰੱਖਣ ਵਾਲੇ ਕਿਸੇ ਵੀ ਸ਼ਹਿਰ ਜਾਂ ਕਸਬੇ ਨੂੰ ਇਹ ਯਕੀਨੀ ਬਣਾਉਣ ਵੱਲ ਕੰਮ ਕਰਨਾ ਹੋਵੇਗਾ ਕਿ ਬੁਨਿਆਦੀ ਭੌਤਿਕ ਢਾਂਚਾ ਮੌਜੂਦ ਹੋਵੇ। ਇਸ ਤੋਂ ਬਾਅਦ ਹੀ ਤਕਨੀਕ ਨੁਕਸਾਨ ਨੂੰ ਰੋਕਣ ਅਤੇ ਵੱਖੋ-ਵੱਖ ਕੀਮਤਾਂ ਵਿਚ ਸਹਾਇਕ ਹੋ ਸਕੇਗੀ। ਸੋ, ਸ਼ਹਿਰੀ ਭਾਰਤ ਦੇ ਸੰਦਰਭ ਵਿਚ, ਪਾਣੀ, ਸਾਫ਼-ਸਫ਼ਾਈ ਅਤੇ ਦੂਜੀਆਂ ਰਹਿਣ-ਸਹਿਣ ਦੀਆਂ ਵਿਸ਼ੇਸ਼ਤਾਵਾਂ ਵਿਚ ਸੁਧਾਰ ਲਈ ਸਮਾਰਟ ਸੋਚ ਦੀ ਜ਼ਰੂਰਤ ਹੋਵੇਗੀ। ਇਸ ਕਰਕੇ, ਸਵਾਲ ਇਹ ਪੈਦਾ ਹੁੰਦਾ ਹੈ ਕਿ ਨਿਗਮ ਸੇਵਾਵਾਂ ਦੀ ਗੁਣਵੱਤਾ ਵਿਚ ਸੁਧਾਰ ਕਿਵੇਂ ਹੋਵੇ?

ਸਮਾਰਟ ਫ਼ੈਸਲੇ ਲੈਣ ਦੇ ਸੰਦਰਭ ਵਿਚ, ਭਾਰਤੀ ਸ਼ਹਿਰਾਂ ਦੇ ਸੰਚਾਲਨ ਪ੍ਰਕਿਰਿਆਵਾਂ ਦੇ ਵੱਖ-ਵੱਖ ਪੱਖਾਂ ਬਾਰੇ ਅੰਕੜੇ ਨਿਰਾਸ਼ਾ ਦੀ ਹੱਦ ਤਕ ਘੱਟ ਹਨ ਜੋ ਸਮਾਰਟ ਹਿੰਦਸਾ ਪ੍ਰਣਾਲੀਆਂ ਨੂੰ ਸੇਵਾਵਾਂ ਦੀ ਗਤੀਸ਼ੀਲ ਲਾਗਤ 'ਤੇ ਚਲਾਉਣੀਆਂ ਜ਼ਿਆਦਾ ਵਿਹਾਰਕ ਹਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਸਮਾਰਟ ਫ਼ੈਸਲੇ ਲੈਣਾ ਅਤੇ ਨਾਗਰਿਕਾਂ ਦਾ ਸਸ਼ਕਤੀਕਰਨ ਵਿਹਾਰਕ ਨਹੀਂ ਹੈ। ਛੱਤੀਸਗੜ੍ਹ ਵਰਗੀਆਂ ਕੁੱਝ ਰਾਜ ਸਰਕਾਰਾਂ ਨੇ ਜ਼ਰੂਰੀ ਪ੍ਰਬੰਧਨ ਜਾਣਕਾਰੀ ਪ੍ਰਣਾਲੀਆਂ ਵਿਕਸਤ ਕਰ ਕੇ ਜਨਤਕ ਵੰਡ ਪ੍ਰਣਾਲੀ ਦੇ ਕੰਮ ਕਾਜ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਰਾਏਪੁਰ ਵਿਚ ਨਿੱਜੀ ਵਿਅਕਤੀਆਂ ਨੂੰ ਆਪਣੀ ਪਸੰਦ ਦੀ ਜਨਤਕ ਵੰਡ ਪ੍ਰਣਾਲੀ ਦੁਕਾਨ ਚੁਣਨ ਦਾ ਅਧਿਕਾਰ ਦਿਤਾ ਗਿਆ ਹੈ ਅਤੇ ਮਿਥੇ ਪੱਧਰ ਤੋਂ ਉਲਟ ਘੱਟ ਮਾਤਰਾ ਵਿਚ ਰਾਸ਼ਨ ਆਦਿ ਖਰੀਦਣ ਦੀ ਲਚਕ ਵੀ ਦਿਤੀ ਗਈ ਹੈ। ਇਕ ਤੋਂ ਦੂਜੀ ਰਾਸ਼ਨ ਦੀ ਦੁਕਾਨ ਤਕ ਰਾਸ਼ਨ ਕਾਰਡ ਬਦਲਣ ਦੀ ਸਹੂਲਤ ਨੇ ਗਾਹਕਾਂ ਦੀ ਸੰਤੁਸ਼ਟਤਾ ਵਿਚ ਵਾਧਾ ਕੀਤਾ ਹੈ। ਜੇ ਭਾਰਤ ਦਾ ਹਰੇਕ ਸ਼ਹਿਰ ਰਾਏਪੁਰ ਦੀ ਮਿਸਾਲ ਅਪਣਾ ਲਵੇ ਤਾਂ ਇਸ ਨਾਲ ਬਹੁਤ ਬਦਨਾਮ ਹੋ ਚੁੱਕੀ ਜਨਤਕ ਵੰਡ ਪ੍ਰਣਾਲੀ ਦੇ ਸੰਚਾਲਨ ਵਿਚ ਵੱਡਾ ਸੁਧਾਰ ਹੋ ਸਕਦਾ ਹੈ। ਅੰਤਰਰਾਸ਼ਟਰੀ ਪਰਵਾਸੀਆਂ ਅਤੇ ਪਰਵਾਸੀ ਮਜ਼ਦੂਰਾਂ ਲਈ ਰਾਸ਼ਨ ਕਾਰਡ ਬਦਲਣ ਦੀ ਸਹੂਲਤ ਇਕ ਤਰਕਪੂਰਣ ਸਾਧਨ ਹੋ ਸਕਦਾ ਹੈ। ਜੇ ਆਪਣੇ ਆਲੇ-ਦੁਆਲੇ ਝਾਤ ਮਾਰੀਏ ਤਾਂ ਬਹੁਤ ਸਾਰੀਆਂ ਪਹਿਲਕਦਮੀਆਂ ਅਜ਼ਮਾਈਆਂ ਗਈਆਂ ਹਨ। ਚੁਨੌਤੀ ਇਨ੍ਹਾਂ ਪਹਿਲਕਦਮੀਆਂ ਨੂੰ ਸਥਾਈ ਬਣਾਉਣ ਦੀ ਹੈ ਤਾਂ ਕਿ ਇਸ ਦਾ ਲਾਭ ਸਾਰੀ ਵਸੋਂ ਨੂੰ ਮਿਲ ਸਕੇ। ਇਸ ਪ੍ਰਕਿਰਿਆ ਵਿਚ, ਇਕ ਗ਼ੈਰ-ਸਮਾਰਟ ਅਤੇ ਬੇਕਾਰ ਸ਼ਹਿਰ ਵੀ ਸਮਾਰਟ, ਨਿਪੁੰਨ ਅਤੇ ਉਤਪਾਦਕ ਬਣ ਸਕਦਾ ਹੈ।

*(ਲੇਖਕ ਚੰਦਰ ਸ਼ੇਖਰ ਇੰਦਰਾ ਗਾਂਧੀ ਇੰਸਟੀਚਿਊਟ ਆਫ਼ ਡਿਵੈਲਪਮੈਂਟ ਰੀਸਰਚਰ, ਮੁੰਬਈ ਵਿਖੇ ਐਸੋਸੀਏਟ ਪ੍ਰੋਫ਼ੈਸਰ ਹੈ ਅਤੇ ਨਿਹਾਰਿਕਾ ਵੈਂਕਟੇਸ਼ ਆਈ ਡੀ ਆਈ ਡੀ ਆਰ ਵਿਚ ਬਤੌਰ ਖੋਜਕਾਰ ਕੰਮ ਕਰ ਰਹੀ ਹੈ।)*

*e-mail :chandra@igidr.ac.in*

*:niharikavk@gmail.com*

***ਸਫ਼ਾ 13 ਦੀ ਬਾਕੀ***

ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਜਵਾਨ ਮਾਵਾਂ ਨੂੰ ਬੰਗਲੌਰ ਸ਼ਹਿਰ ਦੀਆਂ ਅਨਿਸਚਿਤਤਾਵਾਂ ਨਾਲ ਸਿੱਝਣ ਲਈ ਪਿੰਡ ਵਿਚਲੇ ਪਰਿਵਾਰ ਵਲੋਂ ਸਹਿਯੋਗ ਦਿਤਾ ਗਿਆ।

ਇਹ ਅੰਕੜੇ ਇਹ ਵੀ ਸੁਝਾਉਂਦੇ ਹਨ ਕਿ ਕੁਝ ਅਨਿਸਚਿਤਤਾਵਾਂ ਨੂੰ ਪਿੰਡ ਤੋਂ ਸ਼ਹਿਰ ਹਿਜਰਤ ਕਰਨ ਵਾਲੀਆਂ ਸਮੱਸਿਆਵਾਂ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਬੰਗਲੌਰ ਵਿਚ ਬਿਤਾਏ ਸਾਲ, ਉਨ੍ਹਾਂ ਦੇ ਆਵਾਸ ਦੀ ਸਮਾਂ ਸੀਮਾ ਦਾ ਬੱਚਿਆਂ ਨੂੰ ਪਿੰਡ ਵਿਚ ਛੱਡਣ 'ਤੇ ਖ਼ਾਸਾ ਪ੍ਰਭਾਵ ਪਿਆ। ਬੰਗਲੌਰ ਵਿਚ ਇਕ ਸਾਲ ਜਾਂ ਇਸ ਤੋਂ ਘੱਟ ਅਰਸਾ ਰਹਿਣ ਵਾਲੀਆਂ ਮਾਵਾਂ ਦੇ ਪੰਜਾਹ ਪ੍ਰਤਿਸ਼ਤ ਬੱਚੇ ਆਪਣੀਆਂ ਮਾਵਾਂ ਨਾਲ ਨਹੀਂ ਠਹਿਰੇ। ਇਹ ਪ੍ਰਤਿਸ਼ਤ 5 ਤੋਂ 10 ਸਾਲ ਦੇ ਆਵਾਸ ਲਈ ਘਟ ਕੇ 16 ਪ੍ਰਤਿਸ਼ਤ ਹੋ ਗਈ। ਜਿੰਨਾ ਜ਼ਿਆਦਾ ਸਮਾਂ ਔਰਤਾਂ ਬੰਗਲੌਰ ਵਿਚ ਰਹੀਆਂ ਉਨਾ ਹੀ ਉਨ੍ਹਾਂ ਨੂੰ ਬੱਚੇ ਪਿੰਡ ਛੱਡਣ ਦੀ ਲੋੜ ਘੱਟ ਮਹਿਸੂਸ ਹੋਈ।

ਬੰਗਲੌਰ ਵਿਚ ਜ਼ਿੰਦਗੀ ਦੀਆਂ ਸਾਰੀਆਂ ਮੁਸ਼ਕਿਲਾਂ ਦਾ ਔਰਤਾਂ ਵਲੋਂ ਬੱਚੇ ਆਪਣੇ ਘਰ ਤੋਂ ਦੂਰ ਛੱਡਣ 'ਤੇ ਇਕੋ ਜਿਹਾ ਪ੍ਰਭਾਵ ਨਹੀਂ ਪਿਆ। ਆਪਣੇ ਘਰਾਂ ਅੰਦਰ ਨਲਕਾ ਹੋਣਾ, ਬੱਚਿਆਂ ਨੂੰ ਘਰ ਤੋਂ ਦੂਰ ਛੱਡਣ ਦੇ ਫ਼ੈਸਲੇ ਦੀ ਮਹੱਤਵਪੂਰਨ ਸਫਾਈ ਨਹੀਂ ਦਿੰਦਾ। ਇਹ ਇਸ ਤੱਥ ਕਰਕੇ ਹੋ ਸਕਦਾ ਹੈ ਕਿ ਹੋ ਸਕਦਾ ਹੈ ਇਹ ਸਹੂਲਤ ਸ਼ਾਇਦ ਉਨ੍ਹਾਂ ਦੇ ਪਿੰਡ ਵਿਚਲੇ ਘਰ ਵਿਚ ਵੀ ਨਾ ਹੋਵੇ। ਪਰ ਘਰ ਦੇ ਅੰਦਰ ਗੁਸਲਖ਼ਾਨਾ ਹੋਣ ਦਾ ਅਸਰ ਜ਼ਰੂਰ ਵੇਖਣ ਵਿਚ ਆਇਆ। ਘਰ ਦੇ ਅੰਦਰ ਗੁਸਲਖ਼ਾਨੇ ਦਾ ਹੋਣਾ ਅਤੇ ਬੱਚਿਆਂ ਨੂੰ ਮਾਂ ਤੋਂ ਦੂਰ ਰੱਖਣ ਦੇ ਫ਼ੈਸਲੇ ਵਿਚਾਲੇ ਇਕ ਪ੍ਰਮੁੱਖ ਸੰਬੰਧ ਜ਼ਰੂਰ ਸੀ। ਇਹ ਸੰਭਵ ਹੈ ਕਿ ਔਰਤ ਵਲੋਂ ਰਾਤ ਨੂੰ ਆਪਣੇ ਬੱਚਿਆਂ ਨੂੰ ਸਾਂਝੇ ਗੁਸਲਖ਼ਾਨੇ ਵਿਚ ਲਿਜਾਉਣ ਦੀ ਇਸ ਫ਼ੈਸਲੇ ਵਿਚ ਅਹਿਮ ਭੂਮਿਕਾ ਹੋਵੇ।

ਪਿੰਡ ਵਿਚਲੇ ਘਰ ਨੂੰ ਸਹਾਇਕ ਪ੍ਰਣਾਲੀ ਵਜੋਂ ਵਰਤਣ ਦੀ ਇਕ ਔਰਤ ਮਜ਼ਦੂਰ ਦੀ ਯੋਗਤਾ ਸਾਰੇ ਸਮਾਜਿਕ ਸਮੂਹਾਂ ਨੂੰ ਬਰਾਬਰ ਉਪਲਬਧ ਨਹੀਂ ਸੀ। ਇਹ ਹੋਰ ਧਾਰਮਿਕ ਸਮੂਹਾਂ ਦੇ ਮੁਕਾਬਲੇ ਹਿੰਦੂਆਂ ਵਲੋਂ ਵੱਡੇ ਪੱਧਰ 'ਤੇ ਇਸਤੇਮਾਲ ਕੀਤੀ ਗਈ ਅਤੇ ਹਿੰਦੂਆਂ ਵਿਚ ਵੀ ਇਸ ਬਾਰੇ ਕਾਫ਼ੀ ਫ਼ਰਕ ਰਿਹਾ। ਇਹ ਤੱਥ ਕਿ ਅਨੁਸੂਚਿਤ ਜਾਤੀਆਂ ਕੋਲ ਪਿੰਡਾਂ ਵਿਚ ਉਨਾ ਬੁਨਿਆਦੀ ਢਾਂਚਾ ਨਹੀਂ ਹੁੰਦਾ ਜਿਸ ਆਸਰੇ ਉਹ ਔਰਤ ਦੇ ਸ਼ਹਿਰ ਵਿਚ ਸਥਾਪਤ ਹੋਣ ਤਕ ਬੱਚਿਆਂ ਨੂੰ ਪਿੰਡਾਂ ਵਿਚ ਰੱਖ ਸਕਣ, ਇਹ ਪੇਂਡੂ ਜਾਤੀ ਦਰਜਾਬੰਦੀ ਦੀ ਇਕ ਉਦਾਹਰਣ ਹੈ ਜੋ ਸ਼ਹਿਰੀ ਬੰਗਲੌਰ ਦੀ ਰਹਿਣ-ਸਹਿਣ ਦੀ ਪੱਧਤੀ 'ਤੇ ਅਸਰ ਅੰਦਾਜ਼ ਹੁੰਦੀ ਹੈ।

ਬੰਗਲੌਰ ਅਤੇ ਭਾਰਤ ਦੇ ਬਹੁਤ ਸ਼ਹਿਰਾਂ ਵਿਚ ਪਿੰਡਾਂ ਦਾ ਪ੍ਰਭਾਵ ਬਹੁ-ਆਯਾਮੀ ਹੈ। ਇਹ ਪ੍ਰਭਾਵ ਸ਼ਹਿਰ ਦੀਆਂ ਭੂਗੋਲਿਕ ਹੱਦਾਂ ਦੇ ਅੰਦਰ ਅਤੇ ਕੁਝ ਦੂਰ ਵਸੇ ਪਿੰਡਾਂ ਵਿਚ ਵੀ ਉਤਪੰਨ ਹੋ ਸਕਦਾ ਹੈ। ਇਕ ਪ੍ਰਭਾਵੀ ਸ਼ਹਿਰੀ ਨੀਤੀ ਉਨ੍ਹਾਂ ਸਾਰੇ ਮੁੱਦਿਆਂ ਨੂੰ ਹੱਲ ਕਰੇਗੀ ਜੋ ਭਾਰਤੀ ਸ਼ਹਿਰਾਂ 'ਤੇ ਅਸਰ ਕਰਦੇ ਹਨ, ਭਾਵੇਂ ਇਹ ਮੁੱਦੇ ਦੂਰ ਦੁਰਾਡੇ ਦੇ ਪੇਂਡੂ ਖੇਤਰਾਂ ਵਿਚ ਹੀ ਪੈਦਾ ਹੋਣ।

*(ਲੇਖਕ ਪ੍ਰੋਫ਼ੈਸਰ, ਨੈਸ਼ਨਲ ਇੰਸਟੀਚਿਊਟ ਆਫ਼ ਅਡਵਾਂਸ ਸਟੱਡੀਜ਼, ਬੰਗਲੌਰ ਹੈ।)*

*e-mail :narendar.pani@gmail.com*

# ਭਾਰਤੀ ਸ਼ਹਿਰਾਂ ਲਈ ਜਾਰੀ ਰਹਿਣਯੋਗ ਵਿੱਤ-ਪ੍ਰਬੰਧਨ

ਆਨੰਦ ਸਹਸਰਾਨਮਨ ਅਤੇ ਵਿਸ਼ਨੂੰ ਪ੍ਰਸਾਦ

ਭਾਰਤ ਵਿਚ ਨਿਗਮਾਂ ਦੇ ਵਿੱਤ ਦੀ ਪਛਾਣ ਪੈਸੇ ਅਤੇ ਸਥਾਨਕ ਸਰਕਾਰਾਂ ਦੇ ਕਾਰਜਾਂ ਵਿਚਾਲੇ ਲਗਾਤਾਰ ਚੱਲਣ ਵਾਲੇ ਤਣਾਅ ਦੇ ਰੂਪ ਵਿਚ ਕੀਤੀ ਜਾਂਦੀ ਹੈ। ਭਾਰਤੀ ਸ਼ਹਿਰਾਂ ਕੋਲ ਖਰਚੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਾਲੀਆ ਇਕੱਠਾ ਕਰਨ ਦੇ ਸਾਧਨ ਨਾਕਾਫ਼ੀ ਹਨ। ਜਦ ਕਿ 74ਵੀਂ ਸੰਵਿਧਾਨਕ ਸੋਧ ਨਾਲ ਸਥਾਨਕ ਸਰਕਾਰਾਂ ਨੂੰ ਕੰਮ ਕਰਨ ਦੀ ਕਾਫ਼ੀ ਖ਼ੁਦਮੁਖਤਿਆਰੀ ਦਿਤੀ ਗਈ, ਪਰ ਇਸ ਦੇ ਬਰਾਬਰ ਦਿਤੀ ਜਾਣ ਵਾਲੀ ਵਿੱਤੀ ਖ਼ੁਦਮੁਖਤਿਆਰੀ ਮਾਮੂਲੀ ਸੀ। ਸੰਵਿਧਾਨ ਦੀ 74ਵੀਂ ਸੋਧ ਤਹਿਤ, ਨਿਗਮ ਸਭਾਵਾਂ ਵਲੋਂ ਕੀਤੇ ਜਾਣ ਵਾਲੇ 18 ਕੰਮਾਂ ਵਿਚੋਂ, ਅੱਧੇ ਤੋਂ ਘੱਟ ਵਾਸਤੇ ਵਿੱਤੀ ਸਰੋਤ ਉਪਲਬਧ ਹੈ। ਸਥਾਨਕ ਸਰਕਾਰਾਂ ਰਾਜ ਸਰਕਾਰਾਂ ਦੀ ਸਪੱਸ਼ਟ ਨਾਮਜ਼ੂਰੀ ਤੋਂ ਬਿਨਾਂ ਨਾ ਤਾਂ ਕਰ ਦੀਆਂ ਦਰਾਂ ਨਿਰਧਾਰਤ ਕਰ ਸਕਦੀਆਂ ਹਨ ਅਤੇ ਨਾ ਹੀ ਇਨ੍ਹਾਂ ਨੂੰ ਇਕੱਠੇ ਕਰਨ ਦਾ ਆਧਾਰ। ਰਾਜ ਸਰਕਾਰਾਂ ਕਿਸ ਹੱਦ ਤਕ ਸਥਾਨਕ ਸਰਕਾਰਾਂ ਦੀ ਵਿੱਤੀ ਖ਼ੁਦਮੁਖਤਿਆਰੀ ਨੂੰ ਲਗਾਮ ਪਾ ਸਕਦੀਆਂ ਹਨ, ਇਹ ਇਸ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਕਈ ਮੌਕਿਆਂ 'ਤੇ ਰਾਜ ਸਰਕਾਰਾਂ ਸਥਾਨਕ ਸਰਕਾਰਾਂ ਲਈ ਆਪਣੇ ਮਾਲੀਏ ਦੇ ਸਰੋਤਾਂ ਨੂੰ ਖਤਮ ਕਰ ਦਿੰਦੀਆਂ ਹਨ, ਉਹ ਵੀ ਮਾਲੀਏ ਦੇ ਬਦਲਵੇਂ ਸਾਧਨਾਂ ਦਾ ਪ੍ਰਬੰਧ ਕੀਤੇ ਬਿਨਾਂ ਜਿਵੇਂ ਕਿ ਜਦੋਂ ਰਾਜਸਥਾਨ ਅਤੇ ਹਰਿਆਣਾ ਨੇ ਸਥਾਨਕ ਸਰਕਾਰਾਂ ਨਾਲ ਬਿਨਾਂ ਮਸ਼ਵਰਾ ਕੀਤੇ ਜਾਇਦਾਦ ਕਰ ਖਤਮ ਕਰ ਦਿਤਾ, ਜਾਂ ਜਦੋਂ ਪੰਜਾਬ ਨੇ ਬਿਨਾਂ ਸਲਾਹ ਕੀਤਿਆਂ ਜਾਇਦਾਦ ਕਰ ਦੀ ਹੱਦ ਇੰਨੀ ਉੱਚੀ ਨਿਰਧਾਰਤ ਕਰ ਦਿਤੀ ਕਿ ਲਗਭਗ ਦੋ ਤਿਹਾਈ ਜਾਇਦਾਦਾਂ ਜਾਇਦਾਦ ਕਰ ਦੇ ਦਾਇਰੇ ਤੋਂ ਬਾਹਰ ਹੋ ਗਈਆਂ। ਪਰ ਨਿਗਮਾਂ ਦੇ ਵਿੱਤ ਦੀਆਂ ਸਾਰੀਆਂ ਸਮੱਸਿਆਵਾਂ ਲਈ ਸਰਕਾਰ ਦੇ ਉਪਰਲੇ ਪੜਾਅ ਜ਼ਿੰਮੇਵਾਰ ਨਹੀਂ ਹਨ। ਸਥਾਨਕ ਸਰਕਾਰਾਂ ਉਨ੍ਹਾਂ ਕਰਾਂ ਅਤੇ ਫ਼ੀਸ ਦੀਆਂ ਸ਼ਕਤੀਆਂ ਨੂੰ ਠੀਕ ਤਰੀਕੇ ਨਾਲ ਇਸਤੇਮਾਲ ਕਰਨ ਵਿਚ ਅਸਫਲ ਰਹੀਆਂ ਹਨ ਜਿਸ ਦੀਆਂ ਇਸ ਕੋਲ ਤਾਕਤਾਂ ਹਨ, ਖ਼ਾਸ ਕਰਕੇ ਕਰ ਇਕੱਠੇ ਕਰਨ ਲਈ ਢੁਕਵੀਂ ਕੋਸ਼ਿਸ਼। ਉਦਾਹਰਣ ਵਜੋਂ, ਤੇਰ੍ਹਵੇਂ ਵਿੱਤ ਆਯੋਗ ਨੇ ਅੰਦਾਜ਼ਾ ਲਾਇਆ ਕਿ ਭਾਰਤ ਵਿਚ ਜਾਇਦਾਦ ਕਰ ਉਗਰਾਹੁਣ ਦੀ ਨਿਪੁੰਨਤਾ 37 ਪ੍ਰਤਿਸ਼ਤ ਹੈ, ਜੋ ਬਹੁਤ ਹੀ ਨਿਰਾਸ਼ਾਜਨਕ ਅੰਕੜਾ ਹੈ। ਭਾਰਤੀ ਸ਼ਹਿਰਾਂ ਵਿਚ ਮਾਲੀਆ ਪੈਦਾ ਕਰਨ ਦੇ ਬਹੁਤ ਨੀਵੇਂ ਪੱਧਰ ਨੇ ਇਨ੍ਹਾਂ ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ ਵਲੋਂ ਆਪਣੇ ਨਾਗਰਿਕਾਂ ਨੂੰ ਬਹੁਤ ਹੀ ਬੁਨਿਆਦੀ ਸੇਵਾਵਾਂ ਮੁਹੱਈਆ ਕਰਵਾਉਣ ਦੇ ਰਾਹ ਵਿਚ ਅੜਿੱਕਾ ਡਾਹਿਆ ਹੈ। ਉਦਾਹਰਣ ਲਈ, ਹੈਦਰਾਬਾਦ ਦੀ 40 ਪ੍ਰਤਿਸ਼ਤ ਵਸੋਂ ਕੋਲ ਪਾਣੀ ਦੇ ਕਨੈਕਸ਼ਨ ਨਹੀਂ ਹਨ, ਬੰਗਲੌਰ ਦੀ 50 ਪ੍ਰਤਿਸ਼ਤ ਆਬਾਦੀ ਸੀਵਰ ਕੁਨੈਕਸ਼ਨ ਤੋਂ ਸੱਖਣੀ ਹੈ। ਜਦ ਕਿ ਭਾਰਤ ਦੀ ਸ਼ਹਿਰੀ ਨੀਤੀ ਦਾ ਸਾਰਾ ਜ਼ੋਰ ਮਹਾਂਨਗਰਾਂ 'ਤੇ ਲੱਗਾ ਹੋਇਆ ਹੈ, ਜਨਤਕ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇਣ ਦੀ ਵਰਤਮਾਨ ਹਾਲਤ ਭਾਰਤ ਦੇ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਵਿਚ ਵੱਡੇ ਸ਼ਹਿਰਾਂ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ। ਉਦਾਹਰਣ ਵਜੋਂ, ਕਰਨਾਟਕ ਦੇ ਛੋਟੇ ਜਿਹੇ ਸ਼ਹਿਰ ਸ੍ਰੀਰੰਗਾਪਟਨਾ ਵਿਚ 30 ਪ੍ਰਤਿਸ਼ਤ ਲੋਕਾਂ ਦੀ ਕੂੜੇਦਾਨ ਤਕ ਪਹੁੰਚ ਨਹੀਂ ਅਤੇ ਸੜਕਾਂ ਦੇ ਨੈੱਟਵਰਕ ਵਿਚ 51 ਪ੍ਰਤਿਸ਼ਤ ਦੇ ਲਗਭਗ ਕੰਮ ਬਕਾਇਆ ਪਿਆ ਹੈ।

*ਜਿਹੜਾ ਕੇਂਦਰੀ ਸਵਾਲ ਸਾਨੂੰ ਘੇਰਦਾ ਹੈ, ਛੋਟੇ ਅਤੇ ਵੱਡੇ ਸ਼ਹਿਰਾਂ ਦੇ ਸੰਦਰਭ ਵਿਚ, ਉਹ ਇਹ ਹੈ : ਕੀ ਅਗਲੇ ਪੰਦਰਾਂ ਸਾਲਾਂ ਵਿਚ ਸ਼ਹਿਰ ਜਨਤਕ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਨਿਰੰਤਰ ਵਿੱਤ ਪ੍ਰਬੰਧਨ ਕਰ ਸਕਣਗੇ ਤਾਂ ਜੋ ਸੇਵਾਵਾਂ ਦੇਣ ਨੂੰ ਯਕੀਨੀ ਬਣਾਇਆ ਜਾ ਸਕੇ, ਜੋ ਸਥਾਪਤ ਮਾਪਦੰਡਾਂ ਦੇ ਅਨੁਕੂਲ ਹੋਣ?*

## ਸ਼ਹਿਰਾਂ ਲਈ ਵਿੱਤੀ ਸਰੋਤ

ਨਿਗਮਾਂ ਦੇ ਵਿੱਤ ਦੇ ਦੋ ਸਾਧਨ ਹਨ – ਨਿਗਮਾਂ ਦਾ ਆਪਣਾ ਮਾਲੀਆ ਅਤੇ ਸੌਂਪਿਆ ਜਾਂ ਦਿਤਾ ਗਿਆ ਮਾਲੀਆ। ਨਿਗਮਾਂ ਦਾ ਆਪਣਾ ਮਾਲੀਆ ਉਹ ਹੁੰਦਾ ਹੈ ਜੋ ਇਸ ਵਲੋਂ ਕਰ ਅਤੇ ਫ਼ੀਸ ਆਦਿ ਲਾ ਕੇ ਇਕੱਤਰ ਕੀਤਾ ਜਾਂਦਾ ਹੈ, ਜਿਵੇਂ ਕਿ ਜਾਇਦਾਦ ਕਰ ਅਤੇ ਪਾਣੀ ਦੇ ਖਰਚੇ। ਸੌਂਪਿਆ ਗਿਆ ਮਾਲੀਆ ਉਹ ਹੁੰਦਾ ਹੈ ਜੋ ਸਰਕਾਰ ਦੇ ਉਪਰਲੇ ਪੜਾਵਾਂ ਵਲੋਂ ਸਥਾਨਕ ਸਰਕਾਰਾਂ ਨੂੰ ਦਿਤਾ ਜਾਂਦਾ ਹੈ ਜਿਵੇਂ ਕਿ ਰਾਜ ਵਿੱਤ ਆਯੋਗ ਵਲੋਂ ਸਿਫ਼ਾਰਸ਼ ਕੀਤੀ ਗਈ ਫ਼ੰਡਾਂ ਦੀ ਸਪੁਰਦਗੀ। ਸਥਾਨਕ ਸਰਕਾਰਾਂ ਕੇਂਦਰੀ ਜਾਂ ਰਾਜ ਪੱਧਰੀ ਯੋਜਨਾਵਾਂ ਲਈ ਵੀ ਪੈਸਾ ਪ੍ਰਾਪਤ ਕਰ ਸਕਦੀਆਂ ਹਨ ਜਿਵੇਂ ਕਿ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਸਕੀਮ ਜਾਂ ਰਾਜ ਪੱਧਰ ਦੇ ਮਕਾਨ ਉਸਾਰੀ ਦਾ ਪ੍ਰੋਗਰਾਮ।

*ਭਾਰਤ ਦਾ ਸ਼ਹਿਰੀ ਬੁਨਿਆਦੀ ਢਾਂਚਾ ਵਰਤਮਾਨ ਨਿਵੇਸ਼ ਦੋ ਲੋੜਾਂ ਜ਼ਰੂਰੀ ਕਰਾਰ ਦਿੰਦਾ ਹੈ :* ਪਹਿਲਾ, ਇਹ ਯਕੀਨੀ ਬਣਾਉਣਾ ਕਿ ਬੁਨਿਆਦੀ ਢਾਂਚਾ ਅਤੇ ਸੇਵਾਵਾਂ ਦੇਣ ਵਿਚ ਆਈ ਖੜੋਤ ਜਾਂ ਬਾਕੀ ਕੰਮ ਨੂੰ ਅਗਲੇ 15 ਸਾਲਾਂ ਵਿਚ ਢੁਕਵੇਂ ਢੰਗ ਨਾਲ ਪੂਰਾ ਕੀਤਾ ਜਾਵੇ ਅਤੇ ਦੂਜਾ, ਇਸੇ ਸਮੇਂ ਵਿਚ ਹੀ ਵਸੋਂ ਵਿਚ ਵਾਧਾ ਅਤੇ ਆਰਥਿਕ ਸਰਗਰਮੀਆਂ ਵਧਣ ਕਰਕੇ ਵਾਧੂ ਲੋੜੀਂਦੇ ਬੁਨਿਆਦੀ ਢਾਂਚੇ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਣ। ਭਾਰਤੀ ਬੁਨਿਆਦੀ

ਢਾਂਚੇ ਅਤੇ ਸੇਵਾਵਾਂ ਬਾਰੇ ਰਿਪੋਰਟ (2011) ਵਿਚ ਅਨੁਮਾਨ ਲਾਇਆ ਗਿਆ ਹੈ ਕਿ ਸ਼ਹਿਰਾਂ ਨੂੰ 2009-10 ਦੀਆਂ ਕੀਮਤਾਂ ਨੂੰ ਆਧਾਰ ਮੰਨ ਕੇ, ਸ਼ਹਿਰੀ ਬੁਨਿਆਦੀ ਢਾਂਚੇ 'ਤੇ 2012-2031 ਦੇ 20 ਸਾਲਾਂ ਦੌਰਾਨ 40 ਲੱਖ ਕਰੋੜ ਰੁਪਏ ਨਿਵੇਸ਼ ਕਰਨੇ ਹੋਣਗੇ। ਸ਼ਹਿਰਾਂ ਨੂੰ ਗਰਾਂਟਾਂ ਅਤੇ ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ ਵਰਗੇ ਪ੍ਰੋਗਰਾਮਾਂ ਦਾ ਠੁੰਮ੍ਹਣਾ ਦੇਣਾ ਸਰਕਾਰ ਦੇ ਉਤਲੇ ਪੜਾਵਾਂ 'ਤੇ ਬਹੁਤ ਵਿੱਤੀ ਬੋਝ ਪਾਉਂਦਾ ਹੈ। ਲੋੜੀਂਦੇ ਨਿਵੇਸ਼ ਦੇ ਪੈਮਾਨੇ ਨੂੰ ਵੇਖਦਿਆਂ ਅਤੇ ਕੇਂਦਰ ਰਾਜ ਸਰਕਾਰਾਂ ਦੇ ਵਿੱਤੀ ਹਾਲਾਤ ਨੂੰ ਮੱਦੇ ਨਜ਼ਰ ਰੱਖਦਿਆਂ, ਸਥਾਨਕ ਸਰਕਾਰਾਂ ਦੀ ਕੇਂਦਰ ਅਤੇ ਰਾਜ ਸਰਕਾਰਾਂ 'ਤੇ ਵਿਸ਼ਾਲ ਵਿੱਤੀ ਨਿਰਭਰਤਾ ਬਿਲਕੁਲ ਵੀ ਬਰਦਾਸ਼ਤ ਨਹੀਂ ਹੈ। ਇਨ੍ਹਾਂ ਹਾਲਾਤ ਵਿਚ, ਭਾਰਤੀ ਸ਼ਹਿਰਾਂ ਨੂੰ ਸਥਾਨਕ ਕਰ, ਫ਼ੀਸ ਆਦਿ ਲਾਗੂ ਕਰਕੇ ਆਪਣੀ ਮਾਲੀਆ ਵਸੂਲੀ ਨੂੰ ਸੁਧਾਰਨਾ ਹੋਵੇਗਾ ਅਤੇ ਇਸ ਦੇ ਨਾਲ ਹੀ ਪੂੰਜੀਗਤ ਬਾਜ਼ਾਰ ਤੋਂ ਉਧਾਰ ਵੀ ਚੁੱਕਣਾ ਪਵੇਗਾ।

## ਅੰਦਰੂਨੀ ਪੱਧਰ ਉਤੇ ਮਾਲੀਆ ਪੈਦਾ ਕਰਨਾ

ਕਿਸੇ ਵੀ ਨਿਗਮ ਨੂੰ ਉਪਲਬਧ ਵਿੱਤ ਵਿਕਲਪਾਂ ਬਾਰੇ ਕੋਈ ਵੀ ਚਰਚਾ ਉਸ ਵਲੋਂ ਅੰਦਰੂਨੀ ਤੌਰ ਤੇ ਪੈਦਾ ਕੀਤੇ ਜਾਂਦੇ ਮਾਲੀਏ ਦੀ ਜਾਣਕਾਰੀ ਨਾਲ ਸ਼ੁਰੂ ਕਰਨੀ ਹੋਵੇਗੀ। ਅਜਿਹਾ ਇਸ ਲਈ ਕਿਉਂਕਿ ਇਹ ਬੁਨਿਆਦੀ ਪੱਧਰ 'ਤੇ, ਕਿਸੇ ਵੀ ਨਿਗਮ ਵਲੋਂ ਅੰਦਰੂਨੀ ਮਾਲੀਏ ਦੀ ਵਸੂਲੀ ਇਸ ਦੇ ਸ਼ਾਸਨ, ਪਾਰਦਰਸ਼ਤਾ ਅਤੇ ਇਸ ਦੇ ਪ੍ਰਸ਼ਾਸਨ ਦੀ ਜਵਾਬਦੇਹੀ ਦੀ ਗੁਣਵੱਤਾ ਦੀ ਝਲਕ ਵਿਖਾਉਂਦੀ ਹੈ। ਇਸ ਕਰਕੇ ਇਕ ਨਿਗਮ ਦੇ ਅੰਦਰੂਨੀ ਵਿੱਤੀ ਯੋਗਤਾ ਦੀ ਸਮੀਖਿਆ ਇਸ ਦੇ ਸ਼ਾਸਨ ਦੇ ਪੱਧਰ ਦਾ ਫ਼ੈਸਲਾ ਹੁੰਦੀ ਹੈ। ਇਕ ਬੇਹਤਰ ਸ਼ਾਸਤ ਨਿਗਮ ਦਾ ਮਤਲਬ ਹੈ ਬੇਤਹਰ ਜਾਣਕਾਰੀ ਦੀ ਉਪਲਬਧਤਾ, ਬੇਹਤਰ ਸਮੀਖਿਆ ਯੋਗਤਾ ਅਤੇ ਨਿਪੁੰਨਤਾਵਾਂ ਦਾ ਬੇਹਤਰ ਇਕੱਤਰੀਕਰਨ ਜੋ ਅੱਗੇ ਚੱਲ ਕੇ ਅੰਦਰੂਨੀ ਮਾਲੀਆ ਯੰਤਰਾਂ ਦੁਆਰਾ ਪੈਦਾ ਕੀਤੇ ਗਏ ਮਾਲੀਏ ਦੀ ਮਾਤਰਾ ਵਿਚ ਝਲਕ ਮਾਰਦੇ ਹਨ।

ਬਾਰ੍ਹਵਾਂ ਵਿੱਤ ਆਯੋਗ ਇਸ਼ਾਰਾ ਕਰਦਾ ਹੈ ਕਿ 2001-02 ਵਿਚ ਭਾਰਤੀ ਨਿਗਮ ਖੇਤਰ ਦਾ ਕੁੱਲ ਮਾਲੀਆ ਕੁੱਲ ਘਰੇਲੂ ਉਤਪਾਦ ਦਾ ਮਹਿਜ਼ 0.67 ਪ੍ਰਤਿਸ਼ਤ ਸੀ, ਜਿਸ ਵਿਚ ਨਿਗਮਾਂ ਦਾ ਆਪਣਾ ਮਾਲੀਆ ਸਿਰਫ਼ 0.38 ਪ੍ਰਤਿਸ਼ਤ ਬਣਦਾ ਸੀ। ਇਹ ਅੰਕੜੇ ਨਾ ਸਿਰਫ਼ ਮਾਨਕ ਪੱਧਰ ਦੇ ਹਨ ਪਰ ਇਹ ਵਿਕਸਤ ਹੋ ਰਹੇ ਦੂਜੇ ਅਰਥਚਾਰਿਆਂ ਨਾਲੋਂ ਕਿਤੇ ਘੱਟ ਹਨ, ਉਦਾਹਰਣ ਵਜੋਂ ਬ੍ਰਾਜ਼ੀਲ, ਜਿਥੇ ਨਿਗਮਾਂ ਦਾ ਮਾਲੀਆ ਕੁੱਲ ਘਰੇਲੂ ਉਤਪਾਦ ਦਾ 7.4 ਪ੍ਰਤਿਸ਼ਤ ਅਤੇ ਆਪਣਾ ਮਾਲੀਆ ਕੁੱਲ ਘਰੇਲੂ ਉਤਪਾਦ ਦਾ 2.6 ਪ੍ਰਤਿਸ਼ਤ ਹੈ। ਹੋਰ ਅੱਗੇ, ਆਪਣੇ ਘੱਟ ਹੋ ਰਹੇ ਮਾਲੀਏ ਦੀ ਅਨੁਪਾਤ ਦਾ ਚਿੰਤਾਜਨਕ ਰੁਝਾਨ ਹੈ ਜਿਥੇ ਸ਼ਹਿਰਾਂ ਦਾ ਕੁੱਲ ਮਾਲੀਆ 2002-03 ਦੇ 63.5 ਪ੍ਰਤਿਸ਼ਤ ਦੇ ਮੁਕਾਬਲੇ 2001-08 ਵਿਚ ਡਿਗ ਕੇ 52.9 ਪ੍ਰਤਿਸ਼ਤ ਰਹਿ ਗਿਆ।

## ਜਾਇਦਾਦ ਕਰ

ਜਾਇਦਾਦ ਕਰ ਨਿਗਮਾਂ ਲਈ ਸਭ ਤੋਂ ਮਹੱਤਵਪੂਰਨ ਨਿੱਜੀ ਮਾਲੀਆ ਹੁੰਦਾ ਹੈ। ਤੇਰ੍ਹਵੇਂ ਵਿੱਤ ਆਯੋਗ ਦਾ ਅਨੁਮਾਨ ਹੈ ਕਿ ਇਕੱਤਰ ਕੀਤਾ ਗਿਆ ਜਾਇਦਾਦ ਕਰ ਕੁੱਲ ਘਰੇਲੂ ਉਤਪਾਦ ਦਾ 0.16 ਅਤੇ 0.24 ਪ੍ਰਤਿਸ਼ਤ ਦੇ ਵਿਚਕਾਰ ਹੁੰਦਾ ਹੈ। ਉਹ ਮੁੱਦਾ ਸਾਹਮਣੇ ਲਿਆਉਂਦੇ ਹਨ ਕਿ ਜਾਇਦਾਦਾਂ ਦੀ ਮਾੜੀ ਸਮੀਖਿਆ 56 ਪ੍ਰਤਿਸ਼ਤ, ਘਟੀਆ ਇਕੱਤਰੀਕਰਨ ਦੀ ਨਿਪੁੰਨਤਾ 37 ਪ੍ਰਤਿਸ਼ਤ ਅਤੇ ਹੋਰ ਬੁਨਿਆਦੀ ਤੌਰ ਤੇ ਜਾਇਦਾਦ ਦੀ ਕੀਮਤ ਆਂਕਣ ਦੇ ਵਰਤੇ ਗਏ ਢੰਗ ਤਰੀਕੇ ਨਿਹਾਇਤ ਹੀ ਗਲਤ ਹਨ।

ਇਕ ਵਧੀਆ ਜਾਇਦਾਦ ਕਰ ਪ੍ਰਣਾਲੀ ਪੰਜ ਥੰਮ੍ਹਾਂ ਉਤੇ ਖੜ੍ਹੀ ਹੁੰਦੀ ਹੈ - ਪਛਾਣ, ਸੂਚੀ ਪ੍ਰਬੰਧਨ, ਸਮੀਖਿਆ, ਇਕੱਤਰੀਕਰਨ ਅਤੇ ਤਾਮੀਲ ਦੀਆਂ ਪ੍ਰਣਾਲੀਆਂ। ਭੂਗੋਲਿਕ ਜਾਣਕਾਰੀ ਪ੍ਰਣਾਲੀ, ਜੋ ਇਕ ਸ਼ਹਿਰ ਦੀਆਂ ਸਾਰੀਆਂ ਜਾਇਦਾਦਾਂ ਦੇ ਨਕਸ਼ੇ ਬਣਾਉਣ ਲਈ ਵਰਤੀ ਜਾਂਦੀ ਹੈ, ਨੂੰ ਲਾਗੂ ਕਰਨ ਨਾਲ ਜਾਇਦਾਦਾਂ ਦੀ ਸਮੀਖਿਆ ਕਰਨ 'ਤੇ ਬੜਾ ਵੱਡਾ ਅਸਰ ਪਵੇਗਾ ਕਿਉਂਕਿ ਇਸ ਨਾਲ ਨਿਗਮ ਪ੍ਰਬੰਧਨ ਨੂੰ ਇਕ ਵੇਖਣ ਵਾਲਾ, ਵਿਸ਼ਾਲ ਯੰਤਰ ਪ੍ਰਾਪਤ ਹੋ ਜਾਵੇਗਾ ਜਿਸ ਸਦਕਾ ਕਰ ਦੇ ਦਾਇਰੇ ਤੋਂ ਬਾਹਰਲੀਆਂ ਜਾਇਦਾਦਾਂ ਦਾ ਖੁਰਾ-ਖੋਜ ਨਾਪਣ ਵਿਚ ਵੱਡੀ ਮਦਦ ਮਿਲੇਗੀ। ਭੂਗੋਲਿਕ ਜਾਣਕਾਰੀ ਪ੍ਰਣਾਲੀ ਦੀ ਭਾਰਤੀ ਸ਼ਹਿਰਾਂ ਵਿਚ ਲਾਗੂ ਕਰਨ ਦਾ ਅਮਲ ਭਾਵੇਂ ਸੁਸਤ ਹੈ ਪਰ ਅਹਿਮਦਾਬਾਦ, ਬੰਗਲੌਰ ਅਤੇ ਹੈਦਰਾਬਾਦ ਵਰਗੇ ਸ਼ਹਿਰਾਂ ਵਿਚ ਭੂਗੋਲਿਕ ਜਾਣਕਾਰੀ ਪ੍ਰਣਾਲੀ ਨਕਸ਼ੇ ਹਨ ਜਿਨ੍ਹਾਂ ਦੀ ਜਾਇਦਾਦ ਕਰ ਦੀ ਸਮੀਖਿਆ ਲਈ ਵਰਤੋਂ ਸ਼ੁਰੂ ਹੋ ਚੁੱਕੀ ਹੈ। ਅਸਲ ਵਿਚ, ਤੇਰ੍ਹਵੇਂ ਵਿੱਤ ਆਯੋਗ ਦਾ ਇਹ ਵੀ ਅਨੁਮਾਨ ਹੈ ਕਿ ਜੇ ਭਾਰਤ ਭਰ ਦੀ ਜਾਇਦਾਦ ਸਮੀਖਿਆ ਅਤੇ ਇਕੱਤਰ ਕਰਨ ਦੀਆਂ ਦਰਾਂ 85 ਪ੍ਰਤਿਸ਼ਤ ਹੋਣ ਤਾਂ ਜਾਇਦਾਦ ਕਰ ਤੋਂ ਪ੍ਰਾਪਤ ਮਾਲੀਆ ਕੁੱਲ ਘਰੇਲੂ ਉਤਪਾਦ ਦਾ 0.68 ਪ੍ਰਤਿਸ਼ਤ ਹੋਵੇਗਾ ਜੋ ਵਰਤਮਾਨ ਸਮੇਂ ਨਾਲੋਂ ਤਿੰਨ ਜਾਂ ਚਾਰ ਗੁਣਾ ਵੱਧ ਹੋਵੇਗਾ।

*ਜਿਥੋਂ ਤਕ ਸਮੀਖਿਆ ਦੇ ਢੰਗ ਤਰੀਕਿਆਂ ਦਾ ਸੰਬੰਧ ਹੈ, ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ ਦੀ ਸ਼ੁਰੂਆਤ ਨਾਲ ਪਿਛਲੇ ਕੁਝ ਸਾਲਾਂ ਵਿਚ ਇਸ ਪ੍ਰਣਾਲੀ ਵਿਚ ਸੁਧਾਰ ਨਜ਼ਰ ਆ ਰਿਹਾ ਹੈ, ਜਿਸ ਤਹਿਤ ਕਿਰਾਇਆ ਕਾਨੂੰਨਾਂ ਵਿਚ ਸੁਧਾਰ ਦੀ ਲੋੜ ਹੈ। ਇਸ ਕਰਕੇ ਕੁਝ ਰਾਜਾਂ ਵਲੋਂ ਕਿਰਾਇਆ ਕਾਨੂੰਨ ਵਿਚ ਸੋਧਾਂ ਕੀਤੀਆਂ ਗਈਆਂ ਹਨ ਅਤੇ ਆਪਣੇ ਜਾਇਦਾਦ ਕਰਕੇ ਨਿਜ਼ਾਮ ਨੂੰ ਅਰਧ-ਬਾਜ਼ਾਰੀ ਖੇਤਰ ਆਧਾਰਿਤ ਪ੍ਰਣਾਲੀ ਮੁਤਾਬਕ ਦੁਬਾਰਾ ਤੋਂ ਬਣਾਇਆ ਗਿਆ ਹੈ। ਇਸ ਵਿਚ ਜਾਇਦਾਦ ਦੀ ਕੀਮਤ ਉਸ ਦੇ ਸਥਾਨ ਅਤੇ ਵਰਤੋਂ 'ਤੇ ਆਧਾਰਿਤ ਹੁੰਦੀ ਹੈ ਜੋ ਪੁਰਾਣੇ ਕਿਰਾਇਆ ਕੀਮਤ ਆਧਾਰਿਤ ਪ੍ਰਣਾਲੀ ਤੋਂ ਹਟ ਕੇ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਭਾਰਤੀ ਸ਼ਹਿਰਾਂ ਨੂੰ ਖੇਤਰ ਆਧਾਰਿਤ ਪ੍ਰਣਾਲੀ ਅਤੇ ਅੰਤ ਨੂੰ ਪੂੰਜੀਗਤ ਕੀਮਤ ਪ੍ਰਣਾਲੀ ਵੱਲ ਮੁੜਨ ਲਈ ਉਤਸ਼ਾਹਿਤ ਕੀਤਾ ਜਾਵੇ ਤਾਂ ਕਿ ਜ਼ਮੀਨ ਦੀ ਕੀਮਤ ਮੁੱਲੰਕਣ ਵਿਚ ਵਾਧੇ ਦਾ ਸਹੀ ਫ਼ਾਇਦਾ ਚੁੱਕਿਆ ਜਾ ਸਕੇ। ਇਹ ਜਾਇਦਾਦ ਕਰ ਨੂੰ ਮਾਲੀਏ ਦਾ ਇਕ ਖ਼ੁਸ਼ਨੁਮਾ ਸਰੋਤ ਬਣਾ ਸਕਦਾ ਹੈ।*

ਤੇਰ੍ਹਵਾਂ ਵਿੱਤ ਆਯੋਗ ਕਹਿੰਦਾ ਹੈ ਕਿ ਓ ਈ ਸੀ ਡੀ ਦੇਸ਼ਾਂ ਵਿਚ ਜਾਇਦਾਦ ਕਰ ਕੁੱਲ ਘਰੇਲੂ ਉਤਪਾਦ ਦਾ ਲਗਭਗ 2 ਪ੍ਰਤਿਸ਼ਤ ਹੈ ਜਦ ਕਿ ਵਿਕਸਤ ਅਤੇ ਬਦਲਾਅ ਦੇ ਦੌਰ ਵਿਚੋਂ ਗੁਜ਼ਰ ਰਹੇ ਦੇਸ਼ਾਂ ਵਿਚ 0.65 ਪ੍ਰਤਿਸ਼ਤ ਹੈ। ਕੁੱਲ ਘਰੇਲੂ ਉਤਪਾਦ ਦੇ 0.20 ਪ੍ਰਤਿਸ਼ਤ ਨਾਲ, ਭਾਰਤ ਨੂੰ ਜਾਇਦਾਦ ਕਰਾਂ ਦੇ ਖੇਤਰ ਵਿਚ ਇਨ੍ਹਾਂ ਮਾਪਦੰਡਾਂ ਵੱਲ ਪਹਿਲਕਦਮੀ ਕਰਨੀ ਪਵੇਗੀ।

ਕੁੱਲ ਘਰੇਲੂ ਉਤਪਾਦ ਦਾ 0.50 ਪ੍ਰਤਿਸ਼ਤ ਹੋਣ 'ਤੇ ਵੀ ਭਾਰਤ ਵਿਚ ਜਾਇਦਾਦ ਕਰ ਦੀ ਵਸੂਲੀ ਬਹੁਤ ਵੱਡੀ ਪੱਧਰ 'ਤੇ 20,000 ਕਰੋੜ ਰੁਪਏ ਹੋ ਜਾਵੇਗੀ ਜੋ ਵਰਤਮਾਨ 8000 ਕਰੋੜ ਰੁਪਏ ਨਾਲੋਂ ਕਿਤੇ ਵੱਧ ਹੋਵੇਗੀ। ਓ ਈ ਸੀ ਡੀ ਦੇ ਪੱਧਰ 'ਤੇ ਇਹ ਰਕਮ 1 ਲੱਖ ਕਰੋੜ ਤਕ ਪੁੱਜ ਸਕਦੀ ਹੈ।

*ਭਾਰਤ ਵਿਚ ਜਾਇਦਾਦ ਕਰ ਨਿਜ਼ਾਮ ਦਾ ਇਕ ਮਹੱਤਵਪੂਰਨ ਪੱਖ ਇਹ ਹੈ ਕਿ ਜਾਇਦਾਦ ਕਰ ਦੀਆਂ ਦਰਾਂ ਜ਼ਿਆਦਾਤਰ ਰਾਜ ਸਰਕਾਰਾਂ ਵਲੋਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ, ਨਾ ਕਿ ਸ਼ਹਿਰਾਂ ਵਲੋਂ। ਇਹ ਵਿਕੇਂਦਰੀਕਰਨ ਦੇ ਸਿਧਾਂਤ ਅਨੁਸਾਰ ਨਹੀਂ ਹੈ ਅਤੇ ਪ੍ਰਭਾਵੀ ਤੌਰ ਤੇ ਨਿਗਮਾਂ ਕੋਲ ਵਿੱਤ ਦਾ ਮੁੱਖ ਯੰਤਰ ਖੋਹ ਲੈਂਦਾ ਹੈ। ਜਾਇਦਾਦ ਕਰ ਤੋਂ ਬਿਨਾਂ, ਸ਼ਹਿਰਾਂ 'ਤੇ ਜ਼ਿੰਮੇ-ਵਾਰੀਆਂ ਦਾ ਵੱਡਾ ਬੋਝ ਰਹਿ ਜਾਂਦਾ ਹੈ ਜਿਸ ਨੂੰ ਪੂਰਾ ਕਰਨ ਲਈ ਕੋਈ ਵਿਸ਼ੇਸ਼ ਵਿੱਤੀ ਸਾਧਨ ਨਹੀਂ ਹੁੰਦਾ। ਇਸ ਸੰਦਰਭ ਵਿਚ, ਵਿਕਸਤ ਹੋ ਰਹੇ ਦੇਸ਼ਾਂ ਜਿਵੇਂ ਦੱਖਣੀ ਅਫ਼ਰੀਕਾ ਦੇ ਜਾਇਦਾਦ ਕਰ ਨਿਜ਼ਾਮ ਦਾ ਅਧਿਐਨ ਕਰਨਾ ਲਾਹੇਵੰਦਾ ਹੋਵੇਗਾ ਜਿਥੇ ਸਾਰੇ ਨਿਗਮਾਂ ਵਿਚ ਜਾਇਦਾਦਾਂ ਦੀ ਕੀਮਤ ਦਾ ਅਨੁਮਾਨ ਪੂੰਜੀਗਤ ਕੀਮਤ ਪ੍ਰਣਾਲੀ ਅਨੁਸਾਰ ਕਰਨਾ ਜ਼ਰੂਰੀ ਕਰਾਰ ਦਿਤਾ ਗਿਆ ਹੈ ਤੇ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਸਾਰੀਆਂ ਜਾਇਦਾਦਾਂ ਦਾ ਪੰਜ ਸਾਲ ਬਾਅਦ ਦੁਬਾਰਾ ਅਨੁਮਾਨ ਲਾਇਆ ਜਾਵੇਗਾ। ਇਹ ਕੇਂਦਰ ਦਾ ਸਪੱਸ਼ਟ ਨਿਰਦੇਸ਼ ਯਕੀਨੀ ਬਣਾਉਂਦਾ ਹੈ ਕਿ ਜਾਇਦਾਦ ਕਰ ਦੀਆਂ ਦਰਾਂ ਅਤੇ ਕਰ ਇਕੱਤਰ ਕਰਨ 'ਤੇ ਸ਼ਹਿਰਾਂ ਦਾ ਅਧਿਕਾਰ ਹੋਵੇਗਾ, ਮੁਨਾਸਬ ਸੀਮਾਵਾਂ ਦੇ ਅੰਦਰ, ਤਾਂ ਜੋ ਗਲਤ ਦਰਾਂ ਨਾ ਲਾਗੂ ਹੋਣ।*

## ਵਰਤੋਂ ਉੱਤੇ ਕਰ ਦਰਾਂ

ਨਿਗਮਾਂ ਦੇ ਵਿੱਤ ਲਈ ਦੂਜਾ ਵੱਡਾ ਸਾਧਨ ਵਰਤੋਂ ਕਰ ਹੈ ਜੋ ਪਾਣੀ ਪੂਰਤੀ, ਸੀਵਰੇਜ ਅਤੇ ਕੂੜਾ-ਕਰਕਟ ਚੁਕਵਾਉਣ ਜਿਹੀਆਂ ਸੇਵਾਵਾਂ 'ਤੇ ਲਾਇਆ ਜਾਂਦਾ ਹੈ। ਇਹ ਚੀਜ਼ਾਂ ਨਿੱਜੀ ਵਿਸ਼ੇਸ਼ਤਾ ਵਾਲੀਆਂ ਹਨ ਅਤੇ ਇਨ੍ਹਾਂ ਸੇਵਾਵਾਂ ਦਾ ਫ਼ਾਇਦਾ ਘਰੇਲੂ ਪੱਧਰ 'ਤੇ ਨਿੱਜੀ ਕਿਹਾ ਜਾ ਸਕਦਾ ਹੈ। ਜਦ ਕਿ ਜਨਤਕ ਵਿਰੋਧ ਦੀ ਕੋਈ ਸੰਭਾਵਨਾ ਨਹੀਂ ਹੈ, ਇਨ੍ਹਾਂ ਸੇਵਾਵਾਂ 'ਤੇ ਵਰਤੋਂ ਕਰ ਲਾਉਣਾ ਬਹੁਤ ਆਸਾਨ ਹੈ। ਪਰ ਭਾਰਤ ਵਿਚ ਵਰਤੋਂ ਕਰ ਤੋਂ ਉਗਰਾਹਿਆ ਗਿਆ ਮਾਲੀਆ ਨਿਰਾਸ਼ਾ ਦੀ ਹੱਦ ਤਕ ਘੱਟ ਹੈ, ਜਿਵੇਂ ਕਿ ਅੰਕੜਿਆਂ ਵਿਚ ਦਰਸਾਇਆ ਗਿਆ ਹੈ ਕਿ ਸ਼ਹਿਰੀ ਸਥਾਨਕ ਸਭਾਵਾਂ ਵਲੋਂ ਗ਼ੈਰ-ਕਰ ਮਾਲੀਆ ਕੁੱਲ ਘਰੇਲੂ ਉਤਪਾਦ ਦਾ 0.18 ਪ੍ਰਤਿਸ਼ਤ ਹੈ। ਵਰਤੋਂ ਕਰ ਨਿਜ਼ਾਮ ਦੀ ਅਣਹੋਂਦ ਵਿਚ ਸ਼ਹਿਰ ਕੁਝ ਮੁਢਲੀਆਂ ਘੱਟੋ-ਘੱਟ ਸੇਵਾਵਾਂ ਮੁਹੱਈਆ ਕਰਵਾਉਣ ਤੋਂ ਵੀ ਅਸਮਰਥ ਹਨ।

ਮੁਢਲੀ ਘੱਟੋ-ਘੱਟ ਸੇਵਾ ਦੇਣ ਲਈ, ਪ੍ਰਚਲਣ ਅਤੇ ਰੱਖ-ਰਖਾਅ ਦੇ ਖਰਚੇ ਪੂਰੇ ਕਰਨ ਲਈ ਵਰਤੋਂ ਕਰ ਲਾਉਣਾ ਜ਼ਰੂਰੀ ਹੈ। ਬਾਵਜੂਦ ਇਸ ਦੇ ਕਿ ਇਸ ਤੱਥ 'ਤੇ ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ ਤਹਿਤ ਬਹੁਤ ਧਿਆਨ ਦਿਤਾ ਗਿਆ ਹੈ, 10 ਤੋਂ ਵੀ ਘੱਟ ਸ਼ਹਿਰਾਂ ਵਲੋਂ ਜਲ ਪੂਰਤੀ ਅਤੇ ਸੀਵਰੇਜ ਸੇਵਾਵਾਂ ਦੀ ਲਾਗਤ ਦੀ ਪੂਰੀ ਵਸੂਲੀ ਕੀਤੀ ਗਈ ਹੈ। ਇਥੇ ਇਹ ਦੱਸਣਾ ਵਾਜਬ ਹੋਵੇਗਾ ਕਿ ਜ਼ਿਆਦਾਤਰ ਮਾਮਲਿਆਂ ਵਿਚ ਵਰਤੋਂ ਕਰ ਲਾਉਣ ਲਈ ਸ਼ਹਿਰਾਂ ਨੂੰ ਰਾਜ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਇਸ ਨਾਲ ਉਨ੍ਹਾਂ ਦੀ ਢੁਕਵੀਆਂ ਕਰ ਦਰਾਂ ਨਿਰਧਾਰਤ ਕਰਨ ਦੀ ਯੋਗਤਾ 'ਤੇ ਅਸਰ ਪੈਂਦਾ ਹੈ। ਜਾਇਦਾਦ ਕਰ ਵਾਂਗ, ਵਰਤੋਂ ਕਰ ਲਾਉਣ ਦਾ ਅਧਿਕਾਰ ਸ਼ਹਿਰਾਂ ਕੋਲ ਹੋਣਾ ਚਾਹੀਦਾ ਹੈ ਤਾਂ ਕਿ ਬੇਹਤਰ ਸੇਵਾਵਾਂ ਦੇਣ ਨੂੰ ਉਤਸ਼ਾਹ ਮਿਲੇ। ਵਰਤੋਂ ਕਰਾਂ ਦੀ ਸਮੇਂ-ਸਮੇਂ ਸਮੀਖਿਆ ਵੀ ਲੋੜੀਂਦੀ ਹੈ ਤਾਂ ਕਿ ਸੇਵਾਵਾਂ ਦੇਣ 'ਤੇ ਆਏ ਖਰਚੇ ਵਸੂਲੇ ਜਾ ਸਕਣ। ਪਰ ਵਰਤੋਂ ਕਰ ਵਧਾਉਣ ਨਾਲ ਹੀ ਸੇਵਾਵਾਂ ਦੇ ਪੱਧਰ ਵਿਚ ਵੀ ਪ੍ਰਤੱਖ ਸੁਧਾਰ ਹੋਣਾ ਚਾਹੀਦਾ ਹੈ ਤਾਂ ਕਿ ਕਰ ਵਿਚ ਵਾਧਾ ਅਦਾਇਗੀ ਕਰਨ ਲਈ ਜਨਤਾ ਲਈ ਸੁਖਾਵਾਂ ਹੋਵੇ। ਭਾਰਤ ਅਤੇ ਵਿਸ਼ਵ ਦੇ ਤਜਰਬੇ ਦਰਸਾਉਂਦੇ ਹਨ ਕਿ ਘਰਾਂ ਵਾਲੇ ਭਰੋਸੇਯੋਗ ਅਤੇ ਨਿਰੰਤਰ ਸੇਵਾਵਾਂ ਵਾਸਤੇ ਪੈਸੇ ਖਰਚਣ ਨੂੰ ਤਿਆਰ ਹਨ। ਸ਼ਹਿਰਾਂ ਨੂੰ ਉਪਯੁਕਤ ਵਰਤੋਂ ਕਰ ਲਾਉਣੇ ਚਾਹੀਦੇ ਹਨ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਵੀ ਕਰਾਸ-ਸਬਸਿਡੀ ਨੂੰ ਇਸ ਤਰ੍ਹਾਂ ਯੋਜਨਾਬੱਧ ਕੀਤਾ ਜਾਵੇ ਕਿ ਪ੍ਰਚਲਨ ਅਤੇ ਰੱਖ-ਰਖਾਅ ਦੀ ਕੁੱਲ ਲਾਗਤ ਵਸੂਲ ਹੋ ਜਾਵੇ, ਭਾਵੇਂ ਤਰਕਸੰਗਤ ਲੋੜ ਇਹ ਹੋਵੇ ਕਿ ਵਸੋਂ ਦੇ ਵੱਖ-ਵੱਖ ਭਾਗਾਂ ਕੋਲੋਂ ਵੱਖ-ਵੱਖ ਕਰ ਵਸੂਲੇ ਜਾਣ।

ਜਦੋਂ ਤਕ ਸ਼ਹਿਰ ਜਾਇਦਾਦ ਅਤੇ ਵਰਤੋਂ ਕਰ ਲਗਾ ਕੇ ਜ਼ਿਆਦਾ ਮਾਲੀਆ ਇਕੱਤਰ ਨਹੀਂ ਕਰਦੇ, ਇਹ ਵੇਖਣਾ ਮੁਸ਼ਕਿਲ ਹੋਵੇਗਾ ਕਿ ਭਾਰਤ ਵਿਚ ਉੱਚ ਪੱਧਰ ਦੀਆਂ ਸੇਵਾਵਾਂ ਦੇਣ ਦਾ ਜਨਾਦੇਸ਼ ਕਿਸ ਤਰ੍ਹਾਂ ਹਾਸਲ ਕੀਤਾ ਜਾ ਸਕਦਾ ਹੈ। ਉਦਾਹਰਣ ਲਈ, ਜੇ ਭਾਰਤੀ ਸ਼ਹਿਰ ਬ੍ਰਾਜ਼ੀਲ ਵਾਂਗ ਅੰਦਰੂਨੀ ਮਾਲੀਆ ਇਕੱਤਰ ਕਰਨ ਦੇ ਮਾਪਦੰਡ ਹਾਸਲ ਕਰ ਲੈਣ ਤਾਂ ਅੰਦਰੂਨੀ ਤੌਰ ਤੇ ਇਕੱਠਾ ਕੀਤਾ ਮਾਲੀਆ ਵਰਤਮਾਨ ਨਾਲੋਂ ਸੱਤ ਗੁਣਾ ਹੋਵੇਗਾ। ਆਪਣੇ ਮਾਲੀਏ ਦੇ ਆਧਾਰ ਵਿਚ ਅਜਿਹੇ ਵਾਧੇ ਦਾ ਮਤਲਬ ਹੋਵੇਗਾ ਕਿ ਆਪਣੇ ਮਾਲੀਏ ਅਤੇ ਸੌਂਪੇ ਜਾਣ ਵਾਲੇ ਮਾਲੀਏ ਵਿਚ ਸੰਬੰਧ ਨੂੰ ਵਰਤਮਾਨ 1.3 ਦੇ ਅਨੁਪਾਤ ਨੂੰ 9 ਜਾਂ 10 ਤਕ ਬਦਲਿਆ ਜਾ ਸਕਦਾ ਹੈ। ਇਹ ਕਈ ਮਾਅਨਿਆਂ ਵਿਚ ਭਾਰਤੀ ਸ਼ਹਿਰਾਂ ਦੇ ਆਪਣੇ ਮਾਲੀਆ ਸਰੋਤਾਂ ਦੇ ਵਿਕਾਸ ਲਈ ਅਹਿਮ ਸੰਭਾਵਨਾਵਾਂ ਨੂੰ ਦਰਸਾਉਂਦਾ ਹੈ।

## ਵਿੱਤ ਲਈ ਬਾਜ਼ਾਰ ਦਾ ਲਾਭ ਉਠਾਉਣਾ

ਜਦੋਂ ਸ਼ਹਿਰ ਦੇ ਮਾਲੀਏ ਦੇ ਯੰਤਰ ਇਕ ਵਾਰੀ ਕੰਮ ਕਰਨ ਲੱਗ ਜਾਣ ਤਾਂ ਪੂੰਜੀਗਤ ਬਾਜ਼ਾਰ ਤੋਂ ਕਰਜ਼ਾ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਖੁੱਲ੍ਹ ਜਾਂਦੀਆਂ ਹਨ। ਅੰਦਰੂਨੀ ਮਾਲੀਏ ਦੇ ਸਰੋਤ, ਜਿਵੇਂ ਜਾਇਦਾਦ ਕਰ ਅਤੇ ਵਰਤੋਂ ਕਰ ਨਿਗਮਾਂ ਲਈ ਵਿੱਤ ਪ੍ਰਾਪਤ ਕਰਨ ਦੇ ਸਭ ਤੋਂ ਅਹਿਮ ਸਾਧਨ ਹਨ ਕਿਉਂਕਿ ਪ੍ਰਭਾਵੀ, ਉਮੀਦ ਦੇ ਮੁਤਾਬਕ ਮਾਲੀਆ ਇਕੱਤਰ ਕੀਤੇ ਬਿਨਾਂ, ਵਿੱਤ ਦੇ ਨਵੇਂ ਅਤੇ ਬਾਹਰੀ ਸਰੋਤਾਂ ਨੂੰ ਆਕਰਸ਼ਿਤ ਕਰਨਾ ਇਕ ਵੱਡੀ ਚੁਣੌਤੀ ਹੋਵੇਗੀ। ਬਾਹਰੀ ਸਰੋਤ, ਭਾਵੇਂ ਉਹ ਬੈਂਕ ਕਰਜ਼ੇ, ਬਾਂਡ ਜਾਂ ਪੂੰਜੀਗਤ ਬਾਜ਼ਾਰ ਦੇ ਦੂਜੇ ਸਾਧਨ ਹੋਣ, ਇਹ ਸਾਰੇ ਸਾਧਨ ਨਿਗਮਾਂ ਵਲੋਂ ਅੰਦਰੂਨੀ ਤੌਰ ਤੇ ਇਕੱਤਰ ਮਾਲੀਏ ਅਤੇ ਜੋ ਭਵਿੱਖ ਵਿਚ ਇਕੱਠਾ ਕੀਤਾ ਜਾਵੇਗਾ, ਉਸ ਦੇ ਆਧਾਰ 'ਤੇ ਉਸ ਨੂੰ ਉਪਲਬਧ ਹੋਣਗੇ। ਅਜਿਹਾ ਇਸ ਲਈ ਕਿਉਂਕਿ ਕੋਈ ਵਾਰ ਕਰਜ਼ਾ ਵਿੱਤ ਦਾ ਇਕ ਅਗਾਊਂ ਸਰੋਤ ਹੁੰਦਾ ਹੈ ਜਿਸ ਦਾ ਤਰਕ ਪੇਸ਼ੀਨਗੋਈ ਯੋਗ, ਨਿਗਮਾਂ ਵਲੋਂ ਉਪਜਾਏ ਮਾਲੀਏ ਦੀ

ਨਿਰੰਤਰ ਵਾਪਸੀ ਅਦਾਇਗੀ ਹੁੰਦਾ ਹੈ ਜੋ ਉਸ ਵਲੋਂ ਭਵਿੱਖ ਵਿਚ ਇਕੱਤਰ ਕਰਨ ਦੀ ਆਸ ਕੀਤੀ ਜਾਂਦੀ ਹੈ, ਇਸ ਲਈ, ਇਸ ਨੂੰ ਵਿੱਤ ਦੇ ਵਾਧੂ ਸਰੋਤ ਵਜੋਂ ਨਹੀਂ ਲਿਆ ਜਾ ਸਕਦਾ। ਇਸ ਕਰਕੇ ਕਰਜ਼ਾ ਪੁਖ਼ਤਗੀ ਨਾਲ ਪਰਿਵਰਤਨ ਦਿੰਦਾ ਹੈ, ਜਿਸ ਨਾਲ ਸ਼ਹਿਰ ਲਮੇ ਸਮੇਂ ਦੀ ਯੋਜਨਾਬੰਦੀ ਕਰਨ ਦੇ ਸਮਰੱਥ ਹੋ ਜਾਂਦੇ ਹਨ। ਇਕ ਨਿਗਮ ਨੂੰ ਇਹ ਦਰਸਾਉਣਾ ਹੋਵੇਗਾ ਕਿ ਉਹ ਵਰਤਮਾਨ ਆਧਾਰ 'ਤੇ ਵਿੱਤ ਦਾ ਸਥਾਈ ਭੰਡਾਰਨ ਕਰਨ ਦੇ ਸਮਰੱਥ ਹੈ, ਇਸ ਤੋਂ ਪਹਿਲਾਂ ਕਿ ਇਹ ਬਾਹਰੀ ਕਰਜ਼ੇ ਨੂੰ ਆਕਰਸ਼ਿਤ ਕਰਨ ਦੀ ਆਸ ਕਰੇ। ਇਸ ਲਈ, ਬਾਹਰੀ ਅਤੇ ਵਪਾਰਕ ਕਰਜ਼ੇ ਦਾ ਲਾਭ ਉਠਾਉਣ ਬਾਰੇ ਸੋਚਣ ਤੋਂ ਪਹਿਲਾਂ ਕਿਸੇ ਵੀ ਨਿਗਮ ਦੇ ਅੰਦਰੂਨੀ ਵਿੱਤੀ ਹਾਲਾਤ ਦੀ ਸਿਹਤ ਬਹੁਤ ਵਧੀਆ ਹੋਣੀ ਚਾਹੀਦੀ ਹੈ। ਇਹ ਮਹਿਸੂਸ ਕਰਨਾ ਬਹੁਤ ਅਹਿਮ ਹੈ ਕਿ ਪੂੰਜੀਗਤ ਬਾਜ਼ਾਰ ਤੋਂ ਵਿੱਤ ਪ੍ਰਾਪਤ ਕਰਨਾ ਇੰਨਾ ਸੁਭਾਵਿਕ ਅਤੇ ਸਹਿਜ ਨਹੀਂ ਹੈ। ਜੇ ਕੇਂਦਰ ਜਾਂ ਰਾਜ ਸਰਕਾਰਾਂ ਸ਼ਹਿਰਾਂ ਦੀ ਲੋੜ ਅਨੁਸਾਰ ਘੱਟ ਲਾਗਤ ਵਾਲਾ ਵਿੱਤ ਮੁਹੱਈਆ ਕਰਵਾਉਣ ਦੀ ਸ਼ਾਹਦੀ ਭਰ ਸਕਦੀਆਂ ਹੁੰਦੀਆਂ ਤਾਂ ਕੁਦਰਤੀ ਤੌਰ ਤੇ ਇਹ ਸਭ ਤੋਂ ਆਕਰਸ਼ਕ ਵਿਕਲਪ ਹੋਣਾ ਸੀ। ਪਰ, ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਵਿੱਤੀ ਮਜਬੂਰੀਆਂ ਵੇਖਦਿਆਂ ਹੋਇਆਂ, ਪੂੰਜੀਗਤ ਬਾਜ਼ਾਰ ਤੋਂ ਵਿੱਤ ਪ੍ਰਾਪਤ ਕਰਨਾ ਜ਼ਰੂਰੀ ਹੋ ਜਾਂਦਾ ਹੈ।

## ਨਿਗਮ ਦੇ ਰਿਣ-ਪੱਤਰ

ਭਾਰਤ ਵਿਚ ਨਿਗਮਾਂ ਦੇ ਰਿਣ-ਪੱਤਰਾਂ ਦਾ ਵਿਚਾਰ ਨਵਾਂ ਨਹੀਂ ਹੈ। 1998 ਵਿਚ ਅਹਿਮਦਾਬਾਦ ਨਗਰ ਨਿਗਮ ਵਲੋਂ ਪਾਣੀ ਪੂਰਤੀ ਦੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਜਾਰੀ ਕੀਤੇ ਰਿਣ-ਪੱਤਰਾਂ ਨਾਲ ਇਸ ਦੀ ਸ਼ੁਰੂਆਤ ਹੋਈ। ਬਾਅਦ ਵਿਚ ਹੈਦਰਾਬਾਦ, ਚੇਨੱਈ, ਨਾਗਪੁਰ, ਇੰਦੌਰ, ਮਦੁਰਾਇ, ਲੁਧਿਆਣਾ ਅਤੇ ਵਿਸ਼ਾਖਾਪਟਨਮ ਆਦਿ ਸ਼ਹਿਰਾਂ ਦੇ ਨਗਰ ਨਿਗਮਾਂ ਵਲੋਂ ਵੀ ਨਿਗਮ ਰਿਣ-ਪੱਤਰ ਜਾਰੀ ਕੀਤੇ ਗਏ। ਸੰਨ 2000 ਵਿਚ ਕਰ-ਮੁਕਤ ਨਿਗਮ ਰਿਣ-ਪੱਤਰ ਸ਼ੁਰੂ ਹੋਣ ਨਾਲ ਕਰ-ਰਹਿਤ ਰਿਣ ਪੱਤਰਾਂ ਦੀ ਇਕ ਲੰਬੀ ਲੜੀ ਆਰੰਭ ਹੋਈ; 900 ਕਰੋੜ ਰੁਪਏ ਤੋਂ ਵੱਧ ਦੇ ਕਰ-ਰਹਿਤ ਨਿਗਮ ਰਿਣ-ਪੱਤਰ ਜਾਰੀ ਕੀਤੇ ਗਏ। ਨਿਗਮ ਰਿਣ ਪੱਤਰ ਬਾਜ਼ਾਰ ਬਾਂਡ ਜਾਰੀ ਕਰਨ ਵਿਚ ਵੱਡੀ ਉਛਾਲ ਲਈ ਤਿਆਰ ਨਜ਼ਰ ਆ ਰਿਹਾ ਸੀ ਪਰ ਅਜਿਹਾ ਹੋ ਨਾ ਸਕਿਆ। ਇਸ ਦਾ ਇਕ ਕਾਰਨ ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ ਵੀ ਹੋ ਸਕਦਾ ਹੈ। ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ ਤਹਿਤ 1.15 ਲੱਖ ਕਰੋੜ ਰੁਪਏ ਦੇ ਕੁੱਲ ਸਵੀਕ੍ਰਿਤ ਨਿਵੇਸ਼ ਵਿਚੋਂ ਲਗਭਗ 53 ਪ੍ਰਤਿਸ਼ਤ ਸਰਕਾਰ ਤੋਂ ਸਹਾਇਤਾ ਦੇ ਰੂਪ ਵਿਚ ਪ੍ਰਾਪਤ ਹੋਇਆ ਜਿਸ ਨਾਲ ਬੇਸ਼ੱਕ, ਸ਼ਹਿਰੀ ਬੁਨਿਆਦੀ ਢਾਂਚੇ ਦੇ ਨਿਵੇਸ਼ ਵਿਚ ਵਾਧਾ ਸਾਹਮਣੇ ਆਇਆ, ਪਰ ਇਸ ਨਾਲ ਹੀ ਸ਼ਹਿਰਾਂ ਵਲੋਂ ਬਾਜ਼ਾਰ ਤੋਂ ਵਿੱਤ ਆਕਰਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਵੀ ਨਿਰਉਤਸ਼ਾਹਿਤ ਹੋ ਗਈਆਂ। ਇਸ ਨਾਲ ਠੀਕ ਹੀ ਸਰਕਾਰੀ ਪੈਸੇ ਵਲੋਂ ਵਪਾਰਕ ਵਿੱਤ ਨੂੰ ਬਾਹਰ ਦਾ ਰਸਤਾ ਦਿਖਾਉਣ ਦੇ ਤੌਖ਼ਲਿਆਂ ਨੂੰ ਵੀ ਬਲ ਮਿਲਿਆ, ਜਿਸ ਦਾ ਸਬੂਤ ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ ਸ਼ੁਰੂ ਹੋਣ ਉਪਰੰਤ ਘੱਟ ਮਾਤਰਾ ਵਿਚ ਨਿਗਮ ਰਿਣ-ਪੱਤਰ ਜਾਰੀ ਹੋਣਾ ਹੈ। ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ ਜਾਂ ਨਵੇਂ ਪ੍ਰਸਤਾਵਿਤ 100 ਸਮਾਰਟ ਸ਼ਹਿਰਾਂ ਦੀਆਂ ਯੋਜਨਾਵਾਂ ਲਈ ਸਪੱਸ਼ਟ ਲੋੜ ਦਰਸਾਈ ਜਾਣੀ ਚਾਹੀਦੀ ਹੈ ਕਿ ਪੂੰਜੀਗਤ ਬਾਜ਼ਾਰ ਤੋਂ ਕਰਜ਼ਾ ਪ੍ਰਾਪਤ ਕੀਤਾ ਜਾਵੇ, ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਰਕਾਰ ਦੇ ਅਲਪ ਸਾਧਨਾਂ ਨੂੰ ਜ਼ਿਆਦਾ ਅਹਿਮ ਜਨਤਕ ਯੋਜਨਾਵਾਂ ਲਈ ਉਪਲਬਧ ਕਰਵਾਇਆ ਜਾਵੇ। ਇਹ ਸੰਭਵ ਹੋ ਸਕੇਗਾ ਜੇ ਹਰੇਕ ਯੋਜਨਾ ਨੂੰ ਅੰਸ਼ਕ ਜਾਂ ਪੂਰੇ ਤੌਰ ਤੇ ਇਨ੍ਹਾਂ ਗਰਾਂਟਾਂ ਦਾ ਵਿੱਤ ਮੁਹੱਈਆ ਕਰਵਾਇਆ ਜਾਵੇ।

ਨਿਗਮ ਰਿਣ ਪੱਤਰ ਬਾਜ਼ਾਰ ਵਿਚ ਸਾਂਝੀ ਰਿਣ-ਪੱਤਰ ਪ੍ਰਣਾਲੀ ਦੇ ਰੂਪ ਵਿਚ ਬਹੁਤ ਕੀਮਤੀ ਖੋਜ ਸਾਹਮਣੇ ਆਈ ਹੈ ਜਿਸ ਨਾਲ ਉਧਾਰ ਲੈਣ ਦੀ ਸਮਰੱਥਾ ਨਾ ਰੱਖਣ ਵਾਲੇ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਨੂੰ ਪੂੰਜੀਗਤ ਬਾਜ਼ਾਰ ਤਕ ਪਹੁੰਚ ਕਰਨ ਵਿਚ ਮਦਦ ਮਿਲਦੀ ਹੈ। ਸਾਂਝਾ ਵਿੱਤ ਬਹੁਤ ਸਾਰੇ ਸ਼ਹਿਰਾਂ ਨੂੰ ਇਕੱਠੇ ਹੋਣ ਅਤੇ ਇਕ ਇਕਾਈ ਵਜੋਂ ਉਧਾਰ ਲੈਣ ਅਤੇ ਆਰਥਿਕਤਾ ਤੇ ਕਰਜ਼ੇ ਵਿਚ ਵਾਧੇ ਦੇ ਫ਼ਾਇਦੇ ਮਿਲਦੇ ਹਨ। ਜੇ ਉਨ੍ਹਾਂ ਨੇ ਇਕੱਲੇ-ਇਕੱਲੇ ਬਾਜ਼ਾਰ ਤਕ ਪਹੁੰਚ ਕੀਤੀ ਹੋਵੇ ਤਾਂ ਇਸ ਦੇ ਮੁਕਾਬਲੇ ਉਨ੍ਹਾਂ ਨੂੰ ਘੱਟ ਲਾਗਤ 'ਤੇ ਇਕੱਠੇ ਹੋ ਕੇ ਪੂੰਜੀਗਤ ਬਾਜ਼ਾਰ ਤਕ ਪਹੁੰਚ ਕਰਨ ਦਾ ਮੌਕਾ ਮਿਲਦਾ ਹੈ। ਇਕ ਸੰਕਲਪ ਵਜੋਂ, ਸਾਂਝਾ ਵਿੱਤ ਤਮਿਲਨਾਡੂ ਅਤੇ ਕਰਨਾਟਕ ਵਿਚ ਸਫਲ ਰਿਣ-ਪੱਤਰ ਜਾਰੀ ਕਰਨ ਨਾਲ ਆਪਣੀ ਉਪਯੋਗਤਾ ਸਥਾਪਤ ਕਰ ਚੁੱਕਾ ਹੈ। ਛੋਟੇ ਸ਼ਹਿਰਾਂ ਵਲੋਂ ਸਮਰਥਾ ਵਿਕਸਤ ਕਰਨ, ਪ੍ਰਕਿਰਿਆਵਾਂ ਅਤੇ ਪ੍ਰਣਾਲੀਆਂ ਦੀ ਗੁਣਵੱਤਾ ਵਿਚ ਸੁਧਾਰ, ਜ਼ਿਆਦਾ ਤਾਕਤਵਰ, ਜ਼ਿਆਦਾ ਕਰਜ਼ੇ ਲੈਣ ਦੀ ਸਮਰੱਥਾ ਵਾਲੀਆਂ ਇਕਾਈਆਂ ਦੇ ਮਾਮਲੇ ਵਿਚ ਇਸ ਸੰਕਲਪ ਦੇ ਬੇਤਹਾਸ਼ਾ ਫ਼ਾਇਦੇ ਹਨ। ਰਾਜ ਪੱਧਰੀ ਸਾਂਝੀਆਂ ਵਿੱਤੀ ਇਕਾਈਆਂ (ਐੱਸ ਪੀ ਐੱਫ਼ ਈ ਐੱਸ) ਕਾਫ਼ੀ ਰਾਜਾਂ ਵਿਚ ਸਥਾਪਤ ਕੀਤੀਆਂ ਗਈਆਂ ਹਨ ਤਾਂ ਕਿ ਸਾਂਝੇ ਵਿੱਤ ਦੇ ਮੁੱਦਿਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ, ਪਰ ਜ਼ਿਆਦਾਤਰ ਐੱਸ ਪੀ ਐੱਫ ਈ ਐੱਸ ਦਾ ਹਾਲੇ ਸੰਚਲਾਨ ਨਹੀਂ ਹੋਇਆ। ਇਹ ਯਕੀਨੀ ਬਣਾਉਣ 'ਤੇ ਬਲ ਦੇਣਾ ਚਾਹੀਦਾ ਹੈ ਕਿ ਇਹ ਬਾਜ਼ਾਰ ਸਰਗਰਮ ਹੋਵੇ ਅਤੇ ਛੋਟੇ ਨਿਗਮਾਂ ਨੂੰ ਕਰਜ਼ਾ ਦੇਣ ਵਾਲੇ ਪੂੰਜੀਗਤ ਬਾਜ਼ਾਰਾਂ ਤਕ ਪਹੁੰਚ ਪ੍ਰਾਪਤ ਹੋਵੇ।

*ਭਾਰਤ ਦੇ ਸੰਦਰਭ ਵਿਚ ਅਹਿਮ ਬਾਜ਼ਾਰੀ ਬੁਨਿਆਦੀ ਢਾਂਚੇ ਦਾ ਇਕ ਅੰਗ ਵਰਤਮਾਨ ਵਿਚ ਨਦਾਰਦ ਹੈ :* ਬਾਜ਼ਾਰ ਬਣਾਉਣ ਦਾ ਸੰਸਥਾਨ ਜੋ ਨਗਰ ਨਿਗਮਾਂ ਨੂੰ ਕਰਜ਼ੇ ਜਾਰੀ ਕਰਨ ਲਈ ਜ਼ਾਮਨੀ ਦੇਵੇ। ਇਹ ਸੰਸਥਾਨ ਹੇਠ ਲਿਖੀਆਂ ਰਣਨੀਤੀਆਂ ਅਪਣਾ ਕੇ ਨਿਗਮ ਰਿਣ ਪੱਤਰ ਬਾਜ਼ਾਰ ਵਿਚ ਸਰਗਰਮੀਆਂ ਨੂੰ ਤੇਜ਼ ਕਰ ਸਕਦਾ ਹੈ :-

(1) ਨਿਗਮ ਦੇ ਕਰਜ਼ਿਆਂ ਲਈ ਜ਼ਾਮਨੀ ਦੇਣਾ ਤਾਂ ਕਿ ਵਪਾਰਕ ਬੈਂਕਾਂ ਨੂੰ ਨਿਗਮਾਂ ਨੂੰ ਉਧਾਰ ਦੇਣ ਲਈ ਲੁਭਾਇਆ ਜਾ ਸਕੇ।

(2) ਨਿਗਮ ਦੇ ਰਿਣ-ਪੱਤਰਾਂ ਦੇ ਘੱਟ ਦਰ ਵਾਲੇ ਪੜਾਵਾਂ ਵਿਚ ਨਿਵੇਸ਼ ਕਰਨਾ ਜਿਸ ਨਾਲ ਨਿੱਜੀ ਨਿਵੇਸ਼ਕਾਂ ਨੂੰ ਉੱਚ ਦਰ ਵਾਲੇ ਪੂੰਜੀ ਢਾਂਚੇ ਦੇ ਪੜਾਵਾਂ ਵਿਚ ਨਿਵੇਸ਼ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ।

(3) ਵਿਸ਼ੇਸ਼ ਸਾਂਝੇ ਰਿਣ-ਪੱਤਰ ਮੁੱਦਿਆਂ ਦੀ ਜ਼ਿੰਮੇਵਾਰੀ ਚੁੱਕਣਾ ਅਤੇ

(4) ਰਿਣ ਪੱਤਰ ਵਾਲੀਆਂ ਵਿੱਤ ਯੋਜਨਾਵਾਂ ਨੂੰ ਘੱਟ ਮਹੱਤਵ ਵਾਲੇ/ਅਧੀਨ ਕਰਜ਼ੇ ਦੇਣਾ।

***ਬਾਕੀ ਸਫ਼ਾ 23 ਉੱਤੇ***

# ਸ਼ਹਿਰੀਕਰਨ ਤੇ ਆਧਾਰਕ ਢਾਂਚੇ ਦਾ ਵਿਕਾਸ ਅਤੇ ਚੁਨੌਤੀਆਂ

ਪਰਵੀਨ ਸਲਦੀ

ਭਾਰਤੀ ਗਣਤੰਤਰ ਦੇ ਸੰਘੀ ਢਾਂਚੇ ਵਿਚ ਕੇਂਦਰ ਅਤੇ ਰਾਜਾਂ ਦੀਆਂ ਸ਼ਕਤੀਆਂ ਅਤੇ ਉਨ੍ਹਾਂ ਦੇ ਕਾਰਜ ਖੇਤਰ ਤਹਿਤ ਵਿਸ਼ਿਆਂ ਦਾ ਸੰਵਿਧਾਨ ਵਿਚ ਬਾਖ਼ੂਬੀ ਬਿਆਨ ਕੀਤਾ ਗਿਆ ਹੈ। ਵਿਦੇਸ਼ਾਂ ਨਾਲ ਕੂਟਨੀਤਕ ਅਤੇ ਆਰਥਿਕ ਸੰਬੰਧ ਅਤੇ ਦੇਸ਼ ਦੀ ਸੁਰੱਖਿਆ ਅਤੇ ਏਕਤਾ ਤੇ ਅਖੰਡਤਾ ਨਾਲ ਜੁੜੇ ਮਾਮਲਿਆਂ ਦੀ ਸਿੱਧਿਆਂ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੁੰਦੀ ਹੈ ਪਰ ਲੋਕ ਕਲਿਆਣ ਅਤੇ ਵਿਕਾਸ ਦੇ ਮੁੱਦੇ ਕੇਂਦਰ ਅਤੇ ਰਾਜ ਸਰਕਾਰਾਂ ਦੋਹਾਂ ਦੇ ਕਾਰਜ ਖੇਤਰ ਤਹਿਤ ਆਉਂਦੇ ਹਨ ਅਤੇ ਦੋਵੇਂ ਇਸ ਲਈ ਬਰਾਬਰ ਦੇ ਭਾਗੀਦਾਰ ਅਤੇ ਜ਼ਿੰਮੇਵਾਰ ਹੁੰਦੇ ਹਨ।

*ਦੇਸ਼ ਦੇ ਸੰਵਿਧਾਨ ਅਨੁਸਾਰ, ਸ਼ਹਿਰੀ ਵਿਕਾਸ ਦਾ ਮਾਮਲਾ ਰਾਜਾਂ ਦੇ ਕਾਰਜ ਖੇਤਰ ਦਾ ਵਿਸ਼ਾ ਹੈ ਪਰ ਭਾਰਤ ਸਰਕਾਰ ਵੀ ਇਸ ਵਿਚ ਇਕ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ ਕਿਉਂਕਿ ਸਮੁੱਚੇ ਦੇਸ਼ ਲਈ ਨੀਤੀ ਨਿਰਧਾਰਨ ਕਰਨਾ ਅਤੇ ਕੇਂਦਰ ਵਲੋਂ ਵੱਖ-ਵੱਖ ਰਾਜਾਂ ਵਿਚ ਚਲਾਈਆਂ ਜਾ ਰਹੀਆਂ ਕੇਂਦਰੀ ਸਕੀਮਾਂ ਅਤੇ ਪ੍ਰੋਗਰਾਮਾਂ ਲਈ ਪੂੰਜੀ ਮੁਹੱਈਆ ਕਰਾਉਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ।*

ਆਬਾਦੀ ਦੇ ਕਿਸੇ ਵੀ ਸਮੂਹ ਦਾ ਆਰਥਿਕ ਅਤੇ ਸਮਾਜਿਕ ਪਰਿਪੇਖ, ਉਸ ਦੀ ਵਸੋਂ ਦੇ ਭੌਤਿਕੀ ਖੇਤਰ ਦੀ ਭੂਗੋਲਿਕ ਸ਼ਕਲ ਸੂਰਤ ਅਤੇ ਢਾਂਚਾ, ਉਪਲਬਧ ਕੁਦਰਤੀ ਸਰੋਤ ਅਤੇ ਸੇਵਾਵਾਂ ਅਤੇ ਸਹੂਲਤਾਂ, ਸ਼ਹਿਰੀ ਵਿਕਾਸ ਦੇ ਅਤਿ ਮਹੱਤਵਪੂਰਨ ਮੁੱਦੇ ਹਨ। ਇਸ ਦੇ ਨਾਲ-ਨਾਲ, ਸ਼ਹਿਰੀ ਖੇਤਰਾਂ ਨੂੰ ਇਕ ਚੁਸਤ-ਦਰੁਸਤ, ਈਮਾਨਦਾਰ ਅਤੇ ਕੁਸ਼ਲ ਪ੍ਰਸ਼ਾਸਨ ਅਤੇ ਸਹੂਲਤਾਂ ਦਾ ਲੋਕ ਕਲਿਆਣ ਲਈ ਵਿਕਾਸ ਕਰ ਸਕੇ ਅਤੇ ਚੰਗੇ ਪ੍ਰਸ਼ਾਸਕੀ ਢੰਗ ਨਾਲ ਉਨ੍ਹਾਂ ਨੂੰ ਚਲਾ ਸਕੇ।

2011 ਦੀ ਮਰਦਮਸ਼ੁਮਾਰੀ ਅਨੁਸਾਰ, 1 ਮਾਰਚ 2011 ਨੂੰ ਭਾਰਤ ਦੀ ਕੁੱਲ ਆਬਾਦੀ 121 ਕਰੋੜ ਸੀ ਜਿਸ ਦਾ 31.16 ਪ੍ਰਤਿਸ਼ਤ ਹਿੱਸਾ ਜਾਂ 37 ਕਰੋੜ 71 ਲੱਖ ਲੋਕ ਸ਼ਹਿਰਾਂ ਵਿਚ ਰਹਿੰਦੇ ਸਨ। ਪਿਛਲੇ ਇਕ ਦਹਾਕੇ (2001 ਤੋਂ 2011 ਤਕ) ਦੇਸ਼ ਦੀ ਕੁੱਲ ਆਬਾਦੀ 103 ਕਰੋੜ ਤੋਂ ਵਧ ਕੇ 121 ਕਰੋੜ ਹੋ ਗਈ ਪਰ ਸ਼ਹਿਰੀ ਖੇਤਰਾਂ ਵਿਚ, ਇਸ ਸਮੇਂ ਦੌਰਾਨ, 9 ਕਰੋੜ 10 ਲੱਖ ਵਸੋਂ ਦਾ ਵਾਧਾ ਹੋਇਆ ਜੋ ਪੇਂਡੂ ਖੇਤਰ ਦੀ ਆਬਾਦੀ ਵਿਚ ਹੋਏ ਵਾਧੇ ਨਾਲੋਂ 3.35 ਪ੍ਰਤਿਸ਼ਤ ਵਧੇਰੇ ਸੀ। ਸ਼ਹਿਰੀ ਖੇਤਰ ਦੇ ਮੁਕਾਬਲੇ, ਭਾਰਤ ਵਿਚ ਪੇਂਡੂ ਖੇਤਰ ਦੀ ਆਬਾਦੀ ਜੋ 2001 ਵਿਚ 74 ਕਰੋੜ 30 ਲੱਖ ਸੀ, 2011 ਵਿਚ ਵਧ ਕੇ 83 ਕਰੋੜ 30 ਲੱਖ ਤੋਂ ਵੱਧ ਹੋ ਗਈ। ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਭਾਰਤ ਵਿਚ ਸ਼ਹਿਰੀ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਫਿਰ ਵੀ ਇਹ ਦੁਨੀਆਂ ਦੇ ਬਹੁਤੇ ਦੇਸ਼ਾਂ ਦੀ ਸ਼ਹਿਰੀ ਵਸੋਂ ਦੇ ਮੁਕਾਬਲੇ ਬਹੁਤ ਘੱਟ ਹੈ, ਜੋ ਔਸਤ 50 ਪ੍ਰਤਿਸ਼ਤ ਤੋਂ ਵੱਧ ਹੈ। 12ਵੀਂ ਪੰਜ ਸਾਲਾ ਯੋਜਨਾ ਦੇ ਸ਼ੁਰੂਆਤੀ ਸਾਲ 2012 ਵਿਚ ਜਿਥੇ ਭਾਰਤ ਦੀ ਸ਼ਹਿਰੀ ਆਬਾਦੀ ਦੇਸ਼ ਦੀ ਕੁੱਲ ਆਬਾਦੀ ਦੇ ਮੁਕਾਬਲੇ 31.6 ਪ੍ਰਤਿਸ਼ਤ ਸੀ, ਉਥੇ ਚੀਨ ਵਿਚ ਇਹ ਅਨੁਪਾਤ 45 ਪ੍ਰਤਿਸ਼ਤ, ਇੰਡੋਨੇਸ਼ੀਆ ਵਿਚ 54 ਪ੍ਰਤਿਸ਼ਤ ਅਤੇ ਮੈਕਸੀਕੋ ਵਿਚ 78 ਪ੍ਰਤਿਸ਼ਤ ਸੀ।

ਪਰ ਅਸੀਂ ਇਸ ਖੇਤਰ ਵਿਚ ਅਜੇ ਬਹੁਤ ਪਛੜੇ ਹੋਏ ਹਾਂ ਅਤੇ ਸ਼ਹਿਰਾਂ ਵਿਚ ਲੋੜੀਂਦੀਆਂ ਸਹੂਲਤਾਂ ਦੇ ਖੇਤਰ ਵਿਚ ਤਾਂ ਧਰਾਤਲ 'ਤੇ ਹਾਂ ਅਤੇ ਬਹੁਤੇ ਸ਼ਹਿਰਾਂ ਵਿਚ, ਸਥਾਨਕ ਪ੍ਰਸ਼ਾਸਨ ਨੂੰ ਪਾਣੀ, ਬਿਜਲੀ, ਸਾਫ਼-ਸਫ਼ਾਈ, ਸੜਕਾਂ ਜਾਂ ਲੋਕਾਂ ਨਾਲ ਜੁੜੇ ਕਿਸੇ ਹੋਰ ਮੁੱਦੇ ਤੇ ਆਮ ਕਰਕੇ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਪਰ ਇਹ ਵੀ ਹਕੀਕਤ ਹੈ ਕਿ ਸ਼ਹਿਰ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਇੰਜਣ ਹਨ ਕਿਉਂਕਿ ਕਿਸੇ ਵੀ ਦੇਸ਼ ਦਾ ਸਮੁੱਚਾ ਉਦਯੋਗ ਅਤੇ ਵਪਾਰ ਸ਼ਹਿਰਾਂ ਵਿਚ ਕੇਂਦਰਤ ਰਹਿੰਦਾ ਹੈ। ਜੇ ਕਿਸੇ ਉਦਯੋਗ ਦੀ ਸਥਾਪਨਾ ਭੂਗੋਲਿਕ ਹਾਲਾਤ ਅਤੇ ਕੱਚੇ ਮਾਲ ਦੀ ਉਪਲਬਧਤਾ ਕਾਰਨ ਕਿਸੇ ਦੂਰ-ਦਰਾਜ਼ ਦੇ ਪੇਂਡੂ ਖੇਤਰ ਵਿਚ ਹੋ ਵੀ ਜਾਂਦੀ ਹੈ ਤਾਂ ਕੁਝ ਸਮਾਂ ਪਾ ਕੇ ਉਹ ਆਪਣੀ ਉਪਜ ਦੇ ਮੰਡੀਕਰਨ ਲਈ ਆਵਾਜਾਈ ਦੀਆਂ ਸਹੂਲਤਾਂ ਵਿਚ ਵਾਧਾ ਕਰਕੇ ਅਤੇ ਆਪਣੇ ਕਿਰਤੀਆਂ ਲਈ ਮਕਾਨ ਅਤੇ ਹੋਰ ਬੁਨਿਆਦੀ ਸਹੂਲਤਾਂ ਪੈਦਾ ਕਰਕੇ ਇਕ ਵੱਡੀ ਵਸੋਂ ਵਾਲਾ ਅਤੇ ਜੀਵਨ ਦੀਆਂ ਸਭ ਸਹੂਲਤਾਂ ਵਾਲਾ ਆਧੁਨਿਕ ਖੇਤਰ ਬਣ ਜਾਂਦਾ ਹੈ ਅਤੇ ਸ਼ਹਿਰੀ ਖੇਤਰ ਦੀ ਪਰਿਭਾਸ਼ਾ ਅਨੁਸਾਰ, ਸ਼ਹਿਰੀ ਵਸੋਂ ਦੀ ਗਿਣਤੀ ਵਿਚ ਸ਼ੁਮਾਰ ਹੋ ਜਾਂਦਾ ਹੈ।

ਇਸ ਤਰ੍ਹਾਂ 2011 ਦੀ ਮਰਦਮਸ਼ੁਮਾਰੀ ਅਨੁਸਾਰ, ਉਸ ਤੋਂ ਪਿਛਲੇ ਇਕ ਦਹਾਕੇ ਵਿਚ ਭਾਰਤ ਵਿਚ 2774 ਨਵੇਂ ਛੋਟੇ ਸ਼ਹਿਰ, ਸ਼ਹਿਰਾਂ ਦੀ ਗਿਣਤੀ ਵਿਚ ਸ਼ਾਮਿਲ ਹੋ ਗਏ ਸਨ। ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ, 97 ਪ੍ਰਤਿਸ਼ਤ ਤੋਂ ਵੱਧ ਸ਼ਹਿਰੀ ਆਬਾਦੀ ਨਾਲ ਦੇਸ਼ ਵਿਚ ਸਭ ਤੋਂ ਵੱਧ ਸ਼ਹਿਰੀਕਰਨ ਹੋ ਗਿਆ ਹੈ। ਰਾਜਾਂ ਵਿਚ, ਭਾਰਤ ਵਿਚ ਗੋਆ ਸਭ ਤੋਂ ਵੱਧ ਸ਼ਹਿਰੀ ਆਬਾਦੀ ਵਾਲਾ ਪ੍ਰਦੇਸ਼ ਹੈ। ਇਸ ਰਾਜ ਦੀ ਸ਼ਹਿਰੀ ਆਬਾਦੀ ਜੋ 2001 ਵਿਚ ਰਾਜ ਦੀ ਕੁੱਲ ਆਬਾਦੀ ਦੇ ਮੁਕਾਬਲੇ 49.8 ਪ੍ਰਤਿਸ਼ਤ ਸੀ, ਤੇਜ਼ੀ ਨਾਲ ਵਧ ਕੇ 2011 ਵਿਚ 62.2 ਪ੍ਰਤਿਸ਼ਤ ਹੋ

ਗਈ। ਉਸ ਵੇਲੇ ਦੇਸ਼ ਦੇ ਦੱਖਣੀ ਰਾਜ ਤਮਿਲਨਾਡੂ ਵਿਚ 48 ਪ੍ਰਤਿਸ਼ਤ ਲੋਕ ਸ਼ਹਿਰਾਂ ਵਿਚ ਰਹਿੰਦੇ ਸਨ ਪਰ ਇਸ ਦੇ ਨਾਲ ਲਗਦੇ ਕੇਰਲ ਵਿਚ ਸ਼ਹਿਰੀ ਆਬਾਦੀ ਇਕ ਦਹਾਕਾ ਪਹਿਲਾਂ ਸਿਰਫ਼ 25.9 ਪ੍ਰਤਿਸ਼ਤ ਸੀ ਪਰ 2011 ਦੇ ਮਰਦਮਸ਼ੁਮਾਰੀ ਅੰਕੜਿਆਂ ਅਨੁਸਾਰ ਇਸ ਪ੍ਰਦੇਸ਼ ਵਿਚ ਸ਼ਹਿਰੀ ਵਸੋਂ ਤੇਜ਼ੀ ਨਾਲ ਵਧ ਕੇ 47.72 ਪ੍ਰਤਿਸ਼ਤ ਹੋ ਗਈ। ਉੱਤਰ-ਪੂਰਬੀ ਰਾਜਾਂ ਵਿਚ ਮੀਜ਼ੋਰਮ ਸਭ ਤੋਂ ਵੱਧ ਸ਼ਹਿਰੀ ਆਬਾਦੀ ਵਾਲਾ ਪ੍ਰਦੇਸ਼ ਹੈ ਅਤੇ ਇਥੋਂ ਦੀ 51.5 ਪ੍ਰਤਿਸ਼ਤ ਆਬਾਦੀ ਸ਼ਹਿਰਾਂ ਵਿਚ ਵਸ ਰਹੀ ਹੈ। ਸਿੱਕਮ, ਜੋ ਇਕ ਦਹਾਕਾ ਪਹਿਲਾਂ ਸਿਰਫ਼ 11 ਪ੍ਰਤਿਸ਼ਤ ਸ਼ਹਿਰੀ ਵਸੋਂ ਵਾਲਾ ਪ੍ਰਦੇਸ਼ ਸੀ, 2011 ਵਿਚ 25 ਪ੍ਰਤਿਸ਼ਤ ਸ਼ਹਿਰੀ ਆਬਾਦੀ ਵਾਲਾ ਪ੍ਰਦੇਸ਼ ਬਣ ਗਿਆ। ਹਿਮਾਚਲ ਪ੍ਰਦੇਸ਼ ਸਿਰਫ਼ 10 ਪ੍ਰਤਿਸ਼ਤ, ਬਿਹਾਰ 11.3 ਪ੍ਰਤਿਸ਼ਤ, ਅਸਮ 14.1 ਪ੍ਰਤਿਸ਼ਤ ਅਤੇ ਓਡੀਸ਼ਾ 16.7 ਪ੍ਰਤਿਸ਼ਤ ਸ਼ਹਿਰੀ ਆਬਾਦੀ ਨਾਲ ਦੇਸ਼ ਵਿਚ ਸਭ ਤੋਂ ਘੱਟ ਸ਼ਹਿਰੀ ਆਬਾਦੀ ਵਾਲੇ ਰਾਜ ਹਨ।

ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਸ਼ਹਿਰੀਕਰਨ ਦੀ ਇੰਨੇ ਵੱਡੇ ਪੱਧਰ 'ਤੇ ਵਿਭਿੰਨਤਾ ਹੋਣ ਦਾ ਮੁੱਖ ਕਾਰਨ ਉਨ੍ਹਾਂ ਦੀ ਭੂਗੋਲਿਕ ਸਥਿਤੀ ਹੈ। ਸਮੁੱਚੀ ਦੁਨੀਆਂ ਵਿਚ ਇਸ ਵੇਲੇ ਸ਼ਹਿਰੀਕਰਨ ਦਾ ਦੌਰ ਚਲ ਰਿਹਾ ਹੈ ਅਤੇ ਸਰਕਾਰਾਂ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਨੂੰ ਬੇਹਤਰ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀਆਂ ਹਨ। ਇਕ ਉੱਚ ਪੱਧਰੀ ਕਮੇਟੀ ਨੇ 2011 ਵਿਚ ਭਾਰਤ ਸਰਕਾਰ ਨੂੰ ਸੌਂਪੀ ਆਪਣੀ ਇਕ ਰਿਪੋਰਟ ਵਿਚ ਕਿਹਾ ਹੈ ਕਿ ਦੇਸ਼ ਵਿਚ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਵਿਸ਼ਵ ਪੱਧਰ ਦਾ ਬਣਾਉਣ ਲਈ ਅਗਲੇ ਵੀਹ ਸਾਲਾਂ ਵਿਚ 39 ਲੱਖ ਕਰੋੜ ਰੁਪਏ ਤੋਂ ਵੱਧ ਦਾ ਪੂੰਜੀ ਨਿਵੇਸ਼ ਕਰਨਾ ਪਵੇਗਾ। ਇਹ ਨਿਵੇਸ਼ ਸ਼ਹਿਰਾਂ ਵਿਚ ਅੰਦਰੂਨੀ ਸੜਕਾਂ ਦਾ ਜਾਲ ਵਿਛਾਉਣ, ਉਨ੍ਹਾਂ ਨੂੰ ਰਾਜ ਮਾਰਗਾਂ ਨਾਲ ਜੋੜਨ ਅਤੇ ਉਨ੍ਹਾਂ ਦੇ ਰਖ-ਰਖਾਅ ਲਈ ਅਤੇ ਸੁਧਾਰ, ਬਿਜਲੀ ਅਤੇ ਸਵੱਛ ਪਾਣੀ ਦੀ ਪੂਰਤੀ ਅਤੇ ਕੂੜੇ-ਕਰਕਟ ਅਤੇ ਮਲ-ਮੂਤਰ ਦੇ ਨਿਕਾਸ ਦੇ ਪ੍ਰਬੰਧ ਅਤੇ ਉਸ ਵਿਚ ਲਗਾਤਾਰ ਸੁਧਾਰ, ਮੀਂਹ ਅਤੇ ਝੱਖੜਾਂ ਅਤੇ ਹੋਰ ਕੁਦਰਤੀ ਆਫ਼ਤਾਂ ਨਾਲ ਹੋਣ ਵਾਲੀ ਤਬਾਹੀ ਤੋਂ ਬਚਾਉਣ ਦੇ ਤਰੀਕੇ ਅਤੇ ਬੁਨਿਆਦੀ ਵਿਕਾਸ ਅਤੇ ਸ਼ਹਿਰੀ ਸੇਵਾਵਾਂ ਜਿਵੇਂ ਕਿ ਸਿੱਖਿਆ, ਸਿਹਤ ਅਤੇ ਆਵਾਜਾਈ ਦੇ ਵਸੀਲਿਆਂ ਵਿਚ ਸੁਧਾਰ ਲਈ ਲੋੜੀਂਦਾ ਹੋਵੇਗਾ।

*ਕੇਂਦਰ ਦੀ ਨਵੀਂ ਸਰਕਾਰ ਨੇ ਸ਼ਹਿਰੀ ਵਿਕਾਸ ਨੂੰ ਆਪਣੀ ਪਹਿਲ ਦੇ ਕਾਰਜਾਂ ਦੀ ਸੂਚੀ ਵਿਚ ਰਖਿਆ ਹੈ ਅਤੇ ਵਿਸ਼ਵ ਪੱਧਰ ਦੇ ਅਤਿ ਆਧੁਨਿਕ ਸਹੂਲਤਾਂ ਨਾਲ ਭਰਪੂਰ 100 ਨਵੇਂ ਸ਼ਹਿਰ ਵਸਾਉਣ ਦਾ ਵਾਅਦਾ ਕੀਤਾ ਹੈ ਜਿਨ੍ਹਾਂ ਨੂੰ ਤਕਨਾਲੋਜੀ ਦੇ ਉਪਯੋਗ ਨਾਲ ਪਾਇਦਾਰ ਵਿਕਾਸ ਦੇ ਨਮੂਨੇ ਦੇ ਸ਼ਹਿਰ ਬਣਾਇਆ ਜਾਵੇਗਾ। ਸਰਕਾਰ ਨੇ ਇਹ ਵੀ ਵਾਅਦਾ ਕੀਤਾ ਹੈ ਕਿ 2022 ਤਕ ਹਰ ਘਰ ਪਰਿਵਾਰ ਦੀ ਇਕ ਛੱਤ ਹੋਵੇਗੀ ਅਤੇ ਉਸ ਕੋਲ 24 ਘੰਟੇ ਬਿਜਲੀ ਸਪਲਾਈ, ਸਵੱਛ ਪੀਣ ਦੇ ਪਾਣੀ ਦਾ ਕਨੈਕਸ਼ਨ ਅਤੇ ਸ਼ੌਚਾਲਯ ਸਹੂਲਤਾਂ ਵਾਲਾ ਪੱਕਾ ਘਰ ਹੋਵੇਗਾ। ਇਹ ਬਹੁਤ ਵਧੀਆ ਸੋਚ ਹੈ ਕਿਉਂਕਿ ਅੱਜ ਦੇਸ਼ ਵਿਚ ਘੱਟ ਆਮਦਨ ਪਰਿਵਾਰਾਂ ਲਈ ਲਗਭਗ 2 ਕਰੋੜ ਮਕਾਨਾਂ ਦੀ ਥੁੜ ਹੈ। ਪਰ ਇਸ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਦ੍ਰਿੜ੍ਹ ਨਿਸ਼ਚਾ, ਚੋਖਾ ਪੂੰਜੀ ਨਿਵੇਸ਼ ਅਤੇ ਸਭ ਤੋਂ ਮਹੱਤਵਪੂਰਨ ਲੋਕਾਂ ਦੀ ਸਮੁੱਚੀ ਭਾਈਵਾਲੀ ਦੀ ਲੋੜ ਹੋਵੇਗੀ।*

14ਵੀਂ ਲੋਕ ਸਭਾ ਦੇ ਨਤੀਜਿਆਂ ਅਤੇ ਕੇਂਦਰ ਵਿਚ ਸ੍ਰੀ ਨਰੇਂਦਰ ਮੋਦੀ ਸਰਕਾਰ ਦੇ ਗਠਨ ਤੋਂ ਬਾਅਦ, 9 ਜੂਨ 2014 ਨੂੰ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਨੇ ਸੰਸਦ ਦੇ ਦੋਹਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਦਿਆਂ ਇਸ਼ਾਰਾ ਕੀਤਾ ਸੀ ਕਿ ਉਹ ਦਿਨ ਦੂਰ ਨਹੀਂ ਜਦੋਂ ਦੇਸ਼ ਦੀ ਕੁੱਲ ਆਬਾਦੀ ਦਾ 50 ਪ੍ਰਤਿਸ਼ਤ ਹਿੱਸਾ ਸ਼ਹਿਰੀ ਇਲਾਕਿਆਂ ਵਿਚ ਵਸ ਰਿਹਾ ਹੋਵੇਗਾ। ਉਨ੍ਹਾਂ ਸਰਕਾਰ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਕਿਹਾ ਸੀ ਕਿ ਵਿਸ਼ਵੀ ਪੱਧਰ ਦੀਆਂ ਸਹੂਲਤਾਂ ਵਾਲੇ 100 ਨਵੇਂ ਸ਼ਹਿਰ ਸਥਾਪਤ ਕੀਤੇ ਜਾਣਗੇ ਅਤੇ ਉਨ੍ਹਾਂ ਵਿਚ ਸ਼ਹਿਰੀ ਜਨ ਸਹੂਲਤਾਂ ਤੋਂ ਇਲਾਵਾ, ਸਾਫ਼-ਸਫ਼ਾਈ ਅਤੇ ਸਿਹਤ ਸੰਭਾਲ ਕਾਰਜਾਂ ਉੱਪਰ ਵਿਸ਼ੇਸ਼ ਧਿਆਨ ਦਿਤਾ ਜਾਵੇਗਾ। ਉਨ੍ਹਾਂ ਦੇਸ਼ ਵਾਸੀਆਂ ਨੂੰ ਯਾਦ ਦਿਵਾਇਆ ਕਿ ਭਾਰਤ ਦੀ ਵੱਡੀ ਆਬਾਦੀ ਹਾਲੇ ਵੀ ਘਰ ਵਿਚ ਸ਼ੌਚਾਲਯ ਸਹੂਲਤਾਂ ਤੋਂ ਵਾਂਝੀ ਹੈ ਅਤੇ ਉਸ ਨੂੰ ਆਪਣੀ ਨਿੱਤ ਕਿਰਿਆ ਤੋਂ ਨਿਪਟਣ ਲਈ ਘਰ ਤੋਂ ਬਾਹਰ ਖੁੱਲ੍ਹੇ ਵਿਚ ਜਾਣਾ ਪੈਂਦਾ ਹੈ। ਸਵੱਛ ਭਾਰਤ ਮਿਸ਼ਨ ਸ਼ੁਰੂ ਕਰਨ ਦੀ ਸਰਕਾਰ ਦੀ ਪਹਿਲ ਦਾ ਜ਼ਿਕਰ ਕਰਦੇ ਹੋਏ ਸ੍ਰੀ ਮੁਖਰਜੀ ਨੇ ਕਿਹਾ ਕਿ ਸ਼ੌਚਾਲਯ ਰਹਿਤ ਘਰ ਬਰਦਾਸ਼ਤ ਤੋਂ ਬਾਹਰ ਹਨ ਅਤੇ ਇਸ ਸਥਿਤੀ ਨੂੰ ਬਦਲਣਾ ਅਤੇ ਜਨਤਕ ਸਥਾਨਾਂ ਨੂੰ ਕੂੜੇ ਕਰਕਟ ਦੇ ਢੇਰ ਨਾ ਬਣਨ ਦੇਣਾ ਅਤੇ ਉਨ੍ਹਾਂ ਨੂੰ ਸਵੱਛ ਰੱਖਣਾ ਅਤੇ ਵਾਤਾਵਰਨ ਸਾਫ਼-ਸੁਥਰਾ ਰਖਣਾ, ਸਾਡੀ ਮਹਾਤਮਾ ਗਾਂਧੀ ਨੂੰ ਉਨ੍ਹਾਂ ਦੀ 2019 ਵਿਚ 150ਵੀਂ ਜਨਮ ਸ਼ਤਾਬਦੀ ਮੌਕੇ ਸੱਚੀ ਸ਼ਰਧਾਂਜਲੀ ਹੋਵੇਗੀ।

ਅਸਲ ਵਿਚ, ਰਾਸ਼ਟਰਪਤੀ ਦਾ ਭਾਸ਼ਨ ਸਮੇਂ ਦੀ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਦਸਤਾਵੇਜ਼ ਹੁੰਦਾ ਹੈ ਅਤੇ ਸ੍ਰੀ ਪ੍ਰਣਬ ਮੁਖਰਜੀ ਦਾ ਸੰਸਦ ਨੂੰ ਭਾਸ਼ਨ ਨਵੀਂ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਪਰ ਦੇਸ਼ ਵਿਚ ਮਜ਼ਬੂਤ ਆਰਥਿਕ ਢਾਂਚੇ ਦੀ ਕਮੀ ਵੱਡੀ ਰੁਕਾਵਟ ਹੈ। ਸਰਕਾਰ ਨੂੰ ਸਭ ਤੋਂ ਪਹਿਲਾਂ ਇਸ ਦਿਸ਼ਾ ਵੱਲ ਵਿਸ਼ੇਸ਼ ਧਿਆਨ ਦੇਣਾ ਹੋਵੇਗਾ ਅਤੇ ਆਰਥਿਕ ਢਾਂਚਾ ਵਿਕਾਸ ਪ੍ਰੋਗਰਾਮ ਲਾਗੂ ਕਰਨੇ ਹੋਣਗੇ। 2011–12 ਵਿਚ ਜਾਰੀ ਸ਼ਹਿਰੀ ਨਾਗਰਿਕਾਂ ਦੇ ਚਾਰਟਰ ਵਿਚ ਕਿਹਾ ਗਿਆ ਹੈ ਕਿ ਸ਼ਹਿਰਾਂ ਵਿਚ ਉੱਚ ਦਰਜੇ ਦਾ ਬੁਨਿਆਦੀ ਢਾਂਚਾ ਅਤੇ ਉੱਤਮ ਸੇਵਾਵਾਂ ਤੇ ਕੁਸ਼ਲ ਪ੍ਰਸ਼ਾਸਨ ਮੁਹੱਈਆ ਕਰ ਕੇ ਸ਼ਹਿਰੀ ਜੀਵਨ ਵਿਚ ਸੁਧਾਰ ਨਾਲ ਸ਼ਹਿਰਾਂ ਨੂੰ ਆਰਥਿਕ ਵਿਕਾਸ ਦੇ ਇੰਜਣ ਬਣਾਉਣਾ ਹੈ। ਇਸ ਚਾਰਟਰ ਦਾ ਉਦੇਸ਼ ਸ਼ਹਿਰਾਂ ਨੂੰ ਆਰਥਿਕ ਤੌਰ ਤੇ ਜੀਵੰਤ, ਸਮਾਵੇਸ਼ੀ ਅਤੇ ਪਾਇਦਾਰ ਸ਼ਹਿਰੀ ਜੀਵਨ ਦੇ ਉੱਚ ਪੱਧਰ ਦੇ ਵਸੋਂ ਕੇਂਦਰ ਬਣਾਉਣਾ ਹੈ। ਨਵੀਂ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਇਸ ਮਕਸਦ ਵਿਚ ਕਿੰਨੀਆਂ ਕਾਮਯਾਬ ਹੁੰਦੀਆਂ ਹਨ ਇਹ ਤਾਂ ਸਮਾਂ ਹੀ ਦੱਸੇਗਾ ਪਰ ਸ੍ਰੀ ਨਰੇਂਦਰ ਮੋਦੀ ਸਰਕਾਰ ਦੇ ਦ੍ਰਿੜ ਨਿਸ਼ਚੇ ਤੋਂ ਕੁਝ ਆਸ ਜ਼ਰੂਰ ਬੱਝੀ ਹੈ।

ਸ਼ਹਿਰੀ ਵਿਕਾਸ ਦੇ ਪਿਛੋਕੜ ਵਿਚ ਸੰਵਿਧਾਨ ਦਾ 74ਵਾਂ ਤਰਮੀਮੀ ਕਾਨੂੰਨ 1991 ਇਕ ਮੀਲ ਪੱਥਰ ਹੈ ਜਿਸ ਵਿਚ ਸ਼ਹਿਰੀ ਪ੍ਰਸ਼ਾਸਨ ਬਾਰੇ ਇਕ ਅਲਗ ਅਧਿਆਇ ਜੋੜਿਆ ਗਿਆ ਅਤੇ ਉਸ ਦੀ ਭੂਮਿਕਾ, ਸ਼ਕਤੀਆਂ, ਕਾਰਜ ਖੇਤਰ ਅਤੇ ਵਿੱਤੀ ਪ੍ਰਬੰਧਨ ਬਾਰੇ ਸਪੱਸ਼ਟ ਕੀਤਾ ਗਿਆ। ਇਸ ਐਕਟ ਤਹਿਤ ਸ਼ਹਿਰੀ ਪ੍ਰਸ਼ਾਸਨਾਂ ਨੂੰ ਵਸੋਂ

ਅਨੁਸਾਰ ਨਗਰ ਨਿਗਮਾਂ, ਨਗਰਪਾਲਿਕਾਵਾਂ, ਨਗਰ ਪਰਿਸ਼ਦਾਂ ਅਤੇ ਨਗਰ ਪੰਚਾਇਤਾਂ ਦੇ ਨਾਮ ਨਾਲ ਜਾਣਿਆ ਗਿਆ ਅਤੇ ਇਨ੍ਹਾਂ ਦੀ ਚੋਣ ਬਾਲਗ ਵੋਟ ਦੇ ਆਧਾਰ 'ਤੇ 5 ਸਾਲ ਦੀ ਮਿਆਦ ਲਈ ਹੋਣੀ ਯਕੀਨੀ ਬਣਾਈ ਗਈ। ਇਨ੍ਹਾਂ ਖੇਤਰਾਂ ਤੇ ਕਾਰਜਾਂ ਦੀ ਵਿਆਖਿਆ ਸੰਵਿਧਾਨ ਦੇ 12ਵੇਂ ਸ਼ਡਿਊਲ ਵਿਚ ਕੀਤੀ ਗਈ। ਇਨ੍ਹਾਂ ਸਥਾਨਕ ਪ੍ਰਸ਼ਾਸਨਾਂ ਨੂੰ ਸਥਾਨਕ ਭੂਮੀ ਵਰਤੋਂ, ਸੜਕਾਂ, ਪੁਲ ਅਤੇ ਭਵਨ ਨਿਰਮਾਣ, ਘਰੇਲੂ, ਉਦਯੋਗਿਕ ਅਤੇ ਵਪਾਰਕ ਵਰਤੋਂ ਲਈ ਪਾਣੀ ਪੂਰਤੀ, ਜਨਤਕ ਸਿਹਤ, ਸਾਫ਼-ਸਫ਼ਾਈ, ਕੂੜਾ-ਕਰਕਟ ਸੰਭਾਲ, ਸੀਵਰੇਜ਼, ਸਿੱਖਿਆ, ਵਾਤਾਵਰਨ ਸੰਭਾਲ, ਸ਼ਹਿਰੀ ਸਹੂਲਤਾਂ ਜਿਵੇਂ ਕਿ ਪਾਰਕ, ਬਾਗ਼-ਬਗ਼ੀਚੇ ਅਤੇ ਖੇਡ ਦੇ ਮੈਦਾਨ, ਪਸ਼ੂਆਂ ਦੀ ਸੰਭਾਲ ਅਤੇ ਉਨ੍ਹਾਂ ਲਈ ਪੀਣ ਦੇ ਪਾਣੀ ਦੀ ਸਹੂਲਤ, ਸਿੱਖਿਆ ਸਭਿਆਚਾਰ ਅਤੇ ਕਲਾ ਵਿਕਸਤ ਕਰਨਾ, ਗਲੀਆਂ, ਕੂਚਿਆਂ ਅਤੇ ਸੜਕਾਂ 'ਤੇ ਰੌਸ਼ਨੀ, ਜਨਮ ਅਤੇ ਮਰਨ ਰਜਿਸਟਰੇਸ਼ਨ ਆਦਿ ਜਨ ਸਹੂਲਤਾਂ ਨਾਲ ਜੁੜੇ ਹਰ ਕਾਰਜ ਲਈ ਜ਼ਿੰਮੇਵਾਰ ਕਰਾਰ ਦਿਤਾ ਗਿਆ ਹੈ। ਇਨ੍ਹਾਂ ਕਾਰਜਾਂ ਨੂੰ ਸਫਲਤਾਪੂਰਵਕ ਚਲਾਉਣ ਲਈ ਕੁਸ਼ਲ ਪ੍ਰਸ਼ਾਸਨ ਅਤੇ ਜਨਤਾ ਦੇ ਚੁਣੇ ਪ੍ਰਤਿਨਿਧੀਆਂ ਵਲੋਂ ਸਖਤ ਨਿਗਰਾਨੀ ਕਰਨ ਅਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ।

ਭਾਰਤ ਵਿਚ ਸ਼ਹਿਰੀਕਰਨ ਦਾ ਵਿਸਥਾਰ ਤਾਂ ਤੇਜ਼ੀ ਨਾਲ ਹੋ ਰਿਹਾ ਹੈ ਪਰ ਸਾਡੇ ਸ਼ਹਿਰਾਂ ਦੀ ਜੋ ਹਾਲਤ ਹੈ ਉਹ ਕਿਸੇ ਤੋਂ ਛੁਪੀ ਹੋਈ ਨਹੀਂ ਹੈ। ਚੰਡੀਗੜ੍ਹ, ਜਿਸ ਨੂੰ ਵੱਖ-ਵੱਖ ਸੈਕਟਰਾਂ ਵਿਚ ਵੰਡਿਆ, ਇਕ ਯੋਜਨਾਬਧ ਢੰਗ ਨਾਲ ਸਥਾਪਤ ਸ਼ਹਿਰ ਗਿਣਿਆ ਜਾਂਦਾ ਹੈ, ਮਿਊਨਿਸੀਪਲ ਕਮੇਟੀ ਤਹਿਤ ਖੇਤਰ ਅਤੇ ਦਿੱਲੀ ਕੈਂਟ ਦਾ ਖੇਤਰ ਇਸ ਕ੍ਰਮ ਵਿਚ ਚੌਥੇ ਅਤੇ ਪੰਜਵੇਂ ਸਥਾਨ 'ਤੇ ਹਨ, ਕਾਨਪੁਰ 10ਵੇਂ, ਬੰਗਲੂਰੂ 12ਵੇਂ, ਚੇਨੱਈ 13ਵੇਂ, ਕੋਲਕਾਤਾ 25ਵੇਂ ਅਤੇ ਪਾਨੀਪਤ 124ਵੇਂ ਸਥਾਨ ਉਤੇ ਆਉਂਦੇ ਹਨ। ਪਿੰਡਾਂ ਤੋਂ ਸ਼ਹਿਰਾਂ ਨੂੰ ਲੋਕ ਅਕਸਰ ਨੌਕਰੀ ਅਤੇ ਰੋਜ਼ੀ-ਰੋਟੀ ਦੀ ਖੋਜ ਲਈ ਪਲਾਇਨ ਕਰਦੇ ਹਨ ਕਿਉਂਕਿ ਸ਼ਹਿਰਾਂ ਵਿਚ ਰੁਜ਼ਗਾਰ ਦੇ ਵਧੇਰੇ ਮੌਕੇ ਉਪਲਬਧ ਹੁੰਦੇ ਹਨ। ਸ਼ਹਿਰਾਂ ਦੀ ਆਬਾਦੀ ਵਧਣ ਨਾਲ ਜਨਤਕ ਸੇਵਾਵਾਂ ਅਤੇ ਸਹੂਲਤਾਂ ਉਪਰ ਪ੍ਰਤਿਕੂਲ ਅਸਰ ਪੈਂਦਾ ਹੈ ਜਿਸ ਨੂੰ ਵਾਧੂ ਬੁਨਿਆਦੀ ਢਾਂਚਾ ਅਤੇ ਪੂਰਤੀ ਵਧਾ ਕੇ ਪੂਰਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਸ਼ਹਿਰਾਂ ਵਿਚ ਲਗਾਤਾਰ ਆਰਥਿਕ ਅਤੇ ਸਮਾਜਿਕ ਵਿਕਾਸ ਹੁੰਦਾ ਰਹਿਣਾ ਚਾਹੀਦਾ ਹੈ। ਬਿਜਲੀ, ਪਾਣੀ ਅਤੇ ਪਰਿਵਹਿਨ ਪ੍ਰਬੰਧਨ ਦੇ ਬੈਂਚਮਾਰਕ ਸਥਾਪਤ ਹੋਣੇ ਚਾਹੀਦੇ ਹਨ, ਜਿਨ੍ਹਾਂ ਨੂੰ ਹਾਸਲ ਕਰਨਾ ਸਥਾਨਕ ਪ੍ਰਸ਼ਾਸਨ ਦਾ ਟੀਚਾ ਹੋਣਾ ਚਾਹੀਦਾ ਹੈ।

*ਭਾਰਤ ਵਿਚ ਸ਼ਹਿਰਾਂ ਨੂੰ ਵਿਸ਼ਵ ਪੱਧਰ ਦੇ, ਸੁੱਖ ਸਹੂਲਤਾਂ ਨਾਲ ਭਰਪੂਰ ਰਹਿਣ ਦੇ ਸਥਾਨ ਬਣਾਉਣਾ ਇਕ ਬੜੀ ਵੱਡੀ ਚੁਨੌਤੀ ਦਾ ਕਾਰਜ ਹੈ, ਜਿਸ ਦਾ ਸਾਹਮਣਾ ਕੇਂਦਰ ਜਾਂ ਰਾਜ ਸਰਕਾਰਾਂ ਵਲੋਂ ਇਕੱਲਿਆਂ ਕਰਨਾ ਅਸੰਭਵ ਹੈ। ਇੰਨੇ ਵੱਡੇ ਪੱਧਰ 'ਤੇ ਵਿਭਿੰਨ ਖੇਤਰਾਂ ਵਿਚ ਉੱਚ ਪੱਧਰ ਦੀਆਂ ਸਹੂਲਤਾਂ ਪੈਦਾ ਕਰਨ ਲਈ ਜਨਤਾ ਦੀ ਭਾਈਵਾਲੀ ਅਤਿ ਲੋੜੀਂਦੀ ਹੈ ਅਤੇ ਇਸ ਲਈ ਸਰਕਾਰਾਂ ਨੂੰ ਸ਼ਹਿਰੀ ਸਹੂਲਤਾਂ ਵਿਚ ਜਿਥੇ ਵੀ ਸੰਭਵ ਹੋ ਸਕੇ ਨਿੱਜੀ ਪੂੰਜੀ ਨਿਵੇਸ਼ ਦਾ ਸਵਾਗਤ ਕਰਨਾ ਚਾਹੀਦਾ ਹੈ ਅਤੇ ਅਜਿਹੇ ਨਿਵੇਸ਼ ਲਈ ਦਿਸ਼ਾ ਨਿਰਦੇਸ਼ ਤਿਆਰ ਕਰਨੇ ਚਾਹੀਦੇ ਹਨ ਜੋ ਪੂਰੀ ਪਾਰਦਰਸ਼ਿਤਾ ਨਾਲ ਲਾਗੂ ਕੀਤੇ ਜਾਣੇ ਚਾਹੀਦੇ ਹਨ।*

ਸੇਵਾਵਾਂ ਅਤੇ ਸਹੂਲਤਾਂ ਦੇ ਪੱਧਰ ਦੇ ਮਿਆਰੀ ਬੈਂਚਮਾਰਕ ਸਥਾਪਤ ਕਰਨੇ ਚਾਹੀਦੇ ਹਨ ਅਤੇ ਜੇ ਸੰਭਵ ਹੋ ਸਕੇ ਤਾਂ ਹਰ ਸ਼ਹਿਰ ਵਿਚ ਇਕ ਮਿਊਨਿਸੀਪਲ ਸਰਵਿਸ ਰੈਗੂਲੇਟਰ ਸਥਾਪਤ ਕਰਨਾ ਚਾਹੀਦਾ ਹੈ ਜੋ ਇਨ੍ਹਾਂ ਸਹੂਲਤਾਂ ਅਤੇ ਸੇਵਾਵਾਂ ਦੇ ਲੋਕਾਂ ਤਕ ਪਹੁੰਚਣ ਦੀ ਨਿਗਰਾਨੀ ਕਰੇ। ਮਿਊਨਿਸੀਪਲ ਕਾਰਜਾਂ ਵਿਚ ਅਕਸਰ ਲਾਲ ਫੀਤਾਸ਼ਾਹੀ ਦੀਆਂ ਸ਼ਿਕਾਇਤਾਂ ਰਹਿੰਦੀਆਂ ਹਨ। ਇਨ੍ਹਾਂ ਸੇਵਾਵਾਂ ਦੀ ਉਪਲਬਧੀ ਲਈ ਸਮਾਂਬਧ ਪ੍ਰਣਾਲੀ ਹੋਣੀ ਚਾਹੀਦੀ ਹੈ ਅਤੇ ਹਰ ਨਗਰਪਾਲਿਕਾ, ਨਗਰ ਨਿਗਮ ਇਕ ਸਿਟੀਜ਼ਨ ਚਾਰਟਰ ਜਾਰੀ ਕਰੇ ਜਿਸ ਵਿਚ ਵੱਖ-ਵੱਖ ਸੇਵਾਵਾਂ ਲੋਕਾਂ ਤਕ ਪਹੁੰਚਣ ਲਈ ਸਮਾਂ ਨਿਸ਼ਚਿਤ ਹੋਵੇ ਅਤੇ ਜੇ ਉਸ ਸਮੇਂ ਵਿਚ ਦੇਰੀ ਹੋਵੇ ਤਾਂ ਸੰਬੰਧਿਤ ਅਧਿਕਾਰੀ ਖ਼ਿਲਾਫ਼ ਕਾਰਵਾਈ ਕਰਨ ਅਤੇ ਉਸ ਨੂੰ ਸਜ਼ਾ ਦੇਣਾ ਯਕੀਨੀ ਬਣਾਇਆ ਜਾਵੇ। ਲੋਕਾਂ ਦੀ ਭਾਈਵਾਲੀ ਅਤੇ ਉਨ੍ਹਾਂ ਵਲੋਂ ਨਿਗਰਾਨੀ ਲਈ ਨਗਰ ਸਭਾਵਾਂ, ਵਾਰਡ ਸਭਾਵਾਂ ਜਾਂ ਮਹੱਲਾ ਕਮੇਟੀਆਂ ਦਾ ਗਠਨ ਕੀਤਾ ਜਾਵੇ ਤਾਂ ਜੋ ਮਿਊਨਿਸੀਪਲ ਕਾਰਜਾਂ ਉਪਰ ਠੀਕ ਢੰਗ ਨਾਲ ਨਿਗਰਾਨੀ ਰਖੀ ਜਾ ਸਕੇ। ਸ਼ਹਿਰੀਕਰਨ ਅਤੇ ਸ਼ਹਿਰਾਂ ਨਾਲ ਸੰਬੰਧਿਤ ਬੁਨਿਆਦੀ ਢਾਂਚੇ ਦਾ ਵਿਕਾਸ ਇਕ ਵੱਡੀ ਚੁਨੌਤੀ ਹੈ ਪਰ ਉਸ ਤੋਂ ਵੀ ਵੱਡੀ ਚੁਨੌਤੀ ਹੈ ਆਮ ਆਦਮੀ ਦੀ ਭਾਈਵਾਲੀ।

*(ਲੇਖਿਕਾ ਸੁਤੰਤਰ ਪੱਤਰਕਾਰ ਹੈ।)*

***ਸਫ਼ਾ 20 ਦੀ ਬਾਕੀ***

ਮਿਸਾਲ ਲਈ, ਦੱਖਣੀ ਅਫ਼ਰੀਕਾ ਵਿਚ ਡਿਵੈਲਪਮੈਂਟ ਬੈਂਕ ਆਫ਼ ਸਾਊਥ ਅਫ਼ਰੀਕਾ ਕਰਜ਼ਾ ਜ਼ਾਮਨੀ ਜਿਹੇ ਸਾਧਨਾਂ ਦੀ ਵਰਤੋਂ ਕਰਕੇ ਬਾਜ਼ਾਰ ਨਿਰਮਾਤਾ ਦੀ ਭੂਮਿਕਾ ਨਿਭਾਉਂਦਾ ਹੈ। ਭਾਰਤੀ ਸੰਦਰਭ ਵਿਚ 'ਹੁਡਕੋ' ਬਾਜ਼ਾਰ ਨਿਰਮਾਤਾ ਦੀ ਭੂਮਿਕਾ ਨਿਭਾਅ ਸਕਦਾ ਹੈ। ਪਰ ਇਸ ਵਾਸਤੇ 'ਹੁਡਕੋ' ਨੂੰ ਵੱਡੀਆਂ ਊਰਜਾ ਗੈਸ ਯੋਜਨਾਵਾਂ ਲਈ ਸਬਸਿਡੀ ਵਾਲੇ ਉਧਾਰ ਦੇਣ ਵਾਲੀ ਭੂਮਿਕਾ ਨੂੰ ਛੱਡ ਕੇ ਆਪਣੇ ਸ਼ਹਿਰੀ ਬੁਨਿਆਦੀ ਢਾਂਚੇ ਲਈ ਵਿੱਤ ਮੁਹੱਈਆ ਕਰਵਾਉਣ ਵਾਲੇ ਜਨਾਦੇਸ਼ ਨੂੰ ਅਪਣਾਉਣ ਪਵੇਗਾ। 'ਹੁਡਕੋ' ਇਸ ਤਰ੍ਹਾਂ, ਇਕ ਪਾਸੇ ਨਿਗਮਾਂ ਦੀ ਉਧਾਰ ਲੈਣ ਦੀ ਸਮਰੱਥਾ ਨੂੰ ਬਾਜ਼ਾਰ ਸਾਹਮਣੇ ਲਿਆ ਸਕਦਾ ਹੈ, ਜਿਸ ਨਾਲ ਨਿਗਮ ਨੂੰ ਆਪਣੇ ਸ਼ਾਸਨ ਅਤੇ ਸੇਵਾਵਾਂ ਦੇਣ ਵਾਲੇ ਮੁੱਦਿਆਂ 'ਤੇ ਗੌਰ ਕਰਨ ਦਾ ਮੌਕਾ ਮਿਲੇਗਾ, ਦੂਜੇ ਪਾਸੇ ਛੋਟੇ ਦਰਜੇ ਦੇ ਨਿਗਮਾਂ ਵਾਸਤੇ ਵਪਾਰਕ ਨਿਵੇਸ਼ ਆਕਰਸ਼ਿਤ ਕਰਨ ਵਿਚ ਵੀ ਸਹਾਇਤਾ ਪ੍ਰਾਪਤ ਹੋਵੇਗੀ।

ਅਖੀਰ ਵਿਚ, ਸਾਡੇ ਸ਼ਹਿਰਾਂ ਵਿਚ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇਣ ਵਾਲੇ ਮੁਢਲੇ ਪੱਧਰ 'ਤੇ ਸਥਾਈ ਵਿੱਤ ਮੁਹੱਈਆ ਕਰਵਾਉਣ ਦੀ ਅਸਫਲਤਾ ਰਾਸ਼ਟਰ ਦੀ ਸ਼ਹਿਰੀਕਰਨ ਅਤੇ ਆਰਥਿਕ ਵਿਕਾਸ ਦੇ ਫ਼ਾਇਦੇ ਉਠਾਉਣ ਦੀ ਯੋਗਤਾ ਨੂੰ ਵੱਡੀ ਸੱਟ ਮਾਰੇਗੀ। ਇਸ ਕਰਕੇ, ਭਾਰਤੀ ਸ਼ਹਿਰਾਂ ਨੂੰ ਅੰਦਰੂਨੀ ਵਿੱਤ ਪੈਦਾ ਕਰਨ ਦੇ ਮੌਕੇ ਵੱਡੀ ਪੱਧਰ 'ਤੇ ਤਲਾਸ਼ਣੇ ਪੈਣਗੇ ਅਤੇ ਬਾਜ਼ਾਰ ਆਧਾਰਿਤ ਵਿੱਤੀ ਪ੍ਰਣਾਲੀਆਂ ਦਾ ਬੇਹਤਰ ਇਸਤੇਮਾਲ ਕਰਨਾ ਹੋਵੇਗਾ ਤਾਂ ਕਿ ਬਿਲਕੁਲ ਹੇਠਲੇ ਪੱਧਰ 'ਤੇ ਵੀ ਸੇਵਾਵਾਂ ਦੇਣਾ ਯਕੀਨੀ ਬਣਾਇਆ ਜਾ ਸਕੇ।

*(ਲੇਖਕ ਆਈ ਐੱਸ ਐੱਮ ਆਰ ਫਿਨਾਂਸ ਫ਼ਾਊਂਡੇਸ਼ਨ ਦਾ ਕਾਰਜਕਾਰੀ ਨਿਰਦੇਸ਼ਕ ਹੈ।)*

*e-mail :anand.S@ifmr.co.in*

*:vishnu.prasad@ifmr.co.in*

# ਸ਼ਹਿਰੀਕਰਨ ਦਾ ਵਧ ਰਿਹਾ ਰੁਝਾਨ

ਸੁਵਿਧਾ ਕੁਮਰਾ

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਤੇ ਰੁਜ਼ਗਾਰ ਦੇ ਮੌਕੇ ਵਧਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਦੇ ਤਹਿਤ ਦੇਸ਼ ਵਿਚ 100 ਸਮਾਰਟ ਸ਼ਹਿਰ ਵਸਾਵੇਗੀ। ਉਨ੍ਹਾਂ ਦਾ ਮੰਨਣਾ ਹੈ ਕਿ ਸ਼ਹਿਰੀਕਰਨ ਨੂੰ ਸਮੱਸਿਆ ਨਹੀਂ ਸਗੋਂ ਅੱਗੇ ਵਧਣ ਦੇ ਮੌਕਿਆਂ ਦੇ ਤੌਰ ਤੇ ਦੇਖਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਹਿਰ ਜਨਤਾ ਨੂੰ ਤਰੱਕੀ ਦੇ ਬੇਹਤਰ ਮੌਕੇ ਮੁਹੱਈਆ ਕਰਾਉਂਦੇ ਹਨ। ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਭਰ ਵਿਚ ਸ਼ਹਿਰਾਂ ਨੂੰ ਹੀ ਆਰਥਿਕ ਸਰਗਰਮੀਆਂ ਦੇ ਕੇਂਦਰ ਵਜੋਂ ਉੱਭਰਦੇ ਹੋਏ ਦੇਖਿਆ ਗਿਆ ਹੈ।

ਦੁਨੀਆਂ ਵਿਚ ਬਹੁਤ ਸਾਰੇ ਵਿਕਾਸਸ਼ੀਲ ਦੇਸ਼ਾਂ ਵਾਂਗ ਭਾਰਤ ਵਿਚ ਵੀ ਸ਼ਹਿਰੀਕਰਨ ਤੇਜ਼ੀ ਨਾਲ ਹੋ ਰਿਹਾ ਹੈ। ਭਾਰਤ ਵਿਚ 1901 ਵਿਚ 10.8 ਪ੍ਰਤਿਸ਼ਤ ਆਬਾਦੀ ਸ਼ਹਿਰਾਂ ਵਿਚ ਰਹਿੰਦੀ ਸੀ ਜੋ 1991 ਵਿਚ 26 ਪ੍ਰਤਿਸ਼ਤ ਤਕ ਪਹੁੰਚ ਗਈ। 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ 1.20 ਅਰਬ ਆਬਾਦੀ ਦਾ ਇਕ ਤਿਹਾਈ ਯਾਨਿ 37 ਕਰੋੜ ਲੋਕ ਸ਼ਹਿਰਾਂ ਵਿਚ ਰਹਿ ਰਹੇ ਹਨ। ਪਿਛਲੇ ਦਹਾਕੇ ਦੌਰਾਨ 2800 ਨਵੇਂ ਕਸਬਿਆਂ ਦਾ ਨਿਰਮਾਣ ਹੋਇਆ। ਮੁੰਬਈ ਤੇ ਦਿੱਲੀ ਦੁਨੀਆਂ ਦੇ ਪੰਜ ਸਭ ਤੋਂ ਵੱਡੇ ਸ਼ਹਿਰਾਂ ਵਿਚ ਸ਼ਾਮਿਲ ਹੋ ਗਏ ਹਨ। ਸਾਡੇ ਪਿੰਡਾਂ ਤੇ ਸ਼ਹਿਰਾਂ ਵਿਚਾਲੇ ਕਈ ਆਰਥਿਕ ਤੇ ਸਮਾਜਿਕ ਫ਼ਰਕ ਹਨ। ਸ਼ਹਿਰਾਂ ਦੀਆਂ ਬੇਹਤਰ ਬੁਨਿਆਦੀ ਸਹੂਲਤਾਂ ਅਤੇ ਰੁਜ਼ਗਾਰ ਦੇ ਮੌਕੇ ਲੋਕਾਂ ਨੂੰ ਉਨ੍ਹਾਂ ਵੱਲ ਖਿੱਚ ਪਾਉਂਦੇ ਹਨ।

ਸਾਡੇ ਦੇਸ਼ ਦੀ 65 ਪ੍ਰਤਿਸ਼ਤ ਆਬਾਦੀ ਆਪਣੀ ਜ਼ਿੰਦਗੀ ਬਸਰ ਕਰਨ ਲਈ ਖੇਤੀ ਉਤੇ ਨਿਰਭਰ ਹੈ। ਯੋਜਨਾ ਆਯੋਗ ਦੇ ਮੁਤਾਬਕ ਖੇਤੀਬਾੜੀ ਦੇ ਵਿਕਾਸ ਦੀ ਗਤੀ ਸਿਰਫ਼ 2 ਤੋਂ 3 ਪ੍ਰਤਿਸ਼ਤ ਹੈ। ਇੰਨੀ ਵੱਡੀ ਆਬਾਦੀ ਦਾ ਉਸ ਉਤੇ ਨਿਰਭਰ ਰਹਿਣਾ ਅਸੰਤੁਲਨ ਪੈਦਾ ਕਰਦਾ ਹੈ। ਵਿਕਾਸ ਦੇ ਇਸ ਅਸੰਤੁਲਨ ਨੂੰ ਦੂਰ ਕਰਨ ਲਈ ਨਵੇਂ ਸ਼ਹਿਰ ਵਸਾਉਣੇ ਅਤੇ ਉਨ੍ਹਾਂ ਵਿਚ ਆਰਥਿਕ ਸਰਗਰਮੀਆਂ ਦਾ ਵਿਸਤਾਰ ਕਰਨਾ ਸਕਾਰਾਤਮਕ ਕਦਮ ਹੋਵੇਗਾ ਪਰ ਨਾਲ ਹੀ ਸਾਨੂੰ ਸ਼ਹਿਰੀ ਖੇਤਰਾਂ ਦੀਆਂ ਸਮੱਸਿਆਵਾਂ ਉਤੇ ਵੀ ਗੌਰ ਕਰਨੀ ਹੋਵੇਗੀ ਤਾਂ ਕਿ ਨਵੇਂ ਸ਼ਹਿਰਾਂ ਵਿਚ ਬੇਹਤਰ ਬੁਨਿਆਦੀ ਢਾਂਚਾ ਤਿਆਰ ਕੀਤਾ ਜਾ ਸਕੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਦਯੋਗ ਤੇ ਵਪਾਰ ਦੇ ਕੇਂਦਰ ਹੋਣ ਦੇ ਕਾਰਨ ਸ਼ਹਿਰਾਂ ਵਿਚ ਰੁਜ਼ਗਾਰ ਦੇ ਮੌਕੇ ਵੀ ਜ਼ਿਆਦਾ ਹਨ। ਇਸ ਲਈ ਪਿਛਲੇ ਕੁਝ ਸਾਲਾਂ ਵਿਚ ਸ਼ਹਿਰਾਂ ਵਿਚ ਆਬਾਦੀ ਦਾ ਬੋਝ ਤੇਜ਼ੀ ਨਾਲ ਵਧਿਆ ਹੈ ਜਿਸ ਨਾਲ ਉਨ੍ਹਾਂ ਵਿਚ ਨਵੀਆਂ-ਨਵੀਆਂ ਮੁਸ਼ਕਿਲਾਂ ਪੈਦਾ ਹੋਈਆਂ ਹਨ। ਨਵੇਂ ਸ਼ਹਿਰਾਂ ਦੇ ਵਸਣ ਨਾਲ ਪੁਰਾਣੇ ਸ਼ਹਿਰਾਂ ਉਤੇ ਆਬਾਦੀ ਦਾ ਬੋਝ ਘਟੇਗਾ ਤੇ ਬੁਨਿਆਦੀ ਸਹੂਲਤਾਂ ਦੀ ਸਥਿਤੀ ਬੇਹਤਰ ਹੋਵੇਗੀ।

ਨਵੇਂ ਸ਼ਹਿਰ ਵਸਾਉਣਾ ਸਮੇਂ ਦੀ ਲੋੜ ਹੈ। ਰੁਜ਼ਗਾਰ ਦੀ ਤਲਾਸ਼ ਵਿਚ ਪਿੰਡ ਛੱਡ ਕੇ ਸ਼ਹਿਰ ਆਉਣ ਵਾਲੇ ਲੋਕਾਂ ਨੂੰ ਸਨਮਾਨਜਨਕ ਜ਼ਿੰਦਗੀ ਬਿਤਾਉਣ ਦਾ ਮੌਕਾ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਸ਼ਹਿਰਾਂ ਦਾ ਖ਼ੁਸ਼ਹਾਲ ਜੀਵਨ ਬੇਹਤਰ ਰਹਿਣ-ਸਹਿਣ ਅਤੇ ਚਮਕ-ਦਮਕ ਹਰ ਕਿਸੇ ਨੂੰ ਆਪਣੇ ਵੱਲ ਖਿੱਚਦਾ ਹੈ। ਪਰ ਇਹ ਉੱਚਿਤ ਨਹੀਂ ਹੋਵੇਗਾ ਕਿ ਪਿੰਡਾਂ ਦਾ ਕਿਸਾਨ ਜਾਂ ਖੇਤ ਮਜ਼ਦੂਰ ਸ਼ਹਿਰ ਵਿਚ ਆ ਕੇ ਬਦਹਾਲ ਮਜ਼ਦੂਰ ਬਣ ਜਾਵੇ। ਸ਼ਹਿਰਾਂ ਵਿਚ ਆਵਾਸ ਸਿਹਤ ਸੇਵਾਵਾਂ, ਪਰਿਵਹਿਨ, ਪਾਣੀ, ਬਿਜਲੀ ਤੇ ਸਿੱਖਿਆ ਦੀਆਂ ਵਧੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

ਅਸੰਤੁਲਿਤ ਅਤੇ ਆਪ-ਮੁਹਾਰਾ ਸ਼ਹਿਰੀਕਰਨ ਦੇਸ਼ ਲਈ ਇਕ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਉਦਯੋਗਾਂ ਦੇ ਵਿਕਾਸ ਤੇ ਵਾਹਨਾਂ ਦੀ ਗਿਣਤੀ ਵਿਚ ਵਾਧੇ ਨਾਲ ਹੀ ਪ੍ਰਦੂਸ਼ਨ ਦੀ ਸਮੱਸਿਆ ਭੈੜਾ ਰੂਪ ਲੈਂਦੀ ਜਾ ਰਹੀ ਹੈ। ਸਮਾਰਟ ਸ਼ਹਿਰਾਂ ਨੂੰ ਵਸਾ ਕੇ ਸ਼ਹਿਰ ਦੀ ਸਮੱਸਿਆ ਤੋਂ ਕਾਫ਼ੀ ਹੱਦ ਤਕ ਨਿਜ਼ਾਤ ਪਾਇਆ ਜਾ ਸਕਦਾ ਹੈ।

ਭਾਰਤੀ ਆਰਥਿਕ ਸਗਰਮੀ ਦੇ ਸੂਚਕਾਂਕ ਦੇ ਸਮੁੱਚੇ ਘਰੇਲੂ ਉਤਪਾਦ ਵਿਚ ਵੱਡੀ ਹਿੱਸੇਦਾਰੀ ਸ਼ਹਿਰਾਂ ਦੀ ਹੈ। ਅੰਕੜਿਆਂ ਮੁਤਾਬਿਕ ਕੁੱਲ ਘਰੇਲੂ ਉਤਪਾਦ ਵਿਚ ਸ਼ਹਿਰੀ ਇਲਾਕਿਆਂ ਦਾ ਯੋਗਦਾਨ ਲਗਭਗ 60 ਪ੍ਰਤਿਸ਼ਤ ਹੈ। ਸ਼ਹਿਰ ਹੀ ਹਨ ਜੋ ਇਕ ਤਰ੍ਹਾਂ ਲੋਕਾਂ ਦਾ ਜੀਵਨ ਪੱਧਰ ਬੇਹਤਰ ਬਣਾਉਂਦੇ ਹਨ ਅਤੇ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਦੇ ਕੇ ਦੇਸ਼ ਦਾ ਵਿਕਾਸ ਵਧਾਉਂਦੇ ਹਨ। ਇਸ ਸਮੇਂ ਦੇਸ਼ ਦੀ ਕੁੱਲ ਆਬਾਦੀ ਵਿਚ ਸ਼ਹਿਰੀ ਆਬਾਦੀ ਇਕ ਤਿਹਾਈ ਹੈ। ਭਾਰਤ ਵਿਚ ਸ਼ਹਿਰੀਕਰਨ ਨੂੰ ਉਤਸ਼ਾਹਿਤ ਕਰਨ ਲਈ ਉਦਯੋਗੀਕਰਨ ਅਤੇ ਰੁਜ਼ਗਾਰ ਦੇ ਬਦਲਦੇ ਤਰੀਕਿਆਂ ਦੀ ਖ਼ਾਸ ਭੂਮਿਕਾ ਰਹੀ ਹੈ। ਭਾਵੇਂ ਅੱਜ ਵੀ ਭਾਰਤ ਵੀ ਆਤਮਾ ਪਿੰਡਾਂ ਵਿਚ ਵਸਦੀ ਹੈ ਪਰ ਆਰਥਿਕ ਤੇ ਸਮਾਜਿਕ ਬਦਲਾਵਾਂ ਨੇ ਵੱਡੀ ਆਬਾਦੀ ਨੂੰ ਸ਼ਹਿਰਾਂ ਵਿਚ ਵਸਣ ਵਿਚ ਮਦਦ ਕੀਤੀ ਹੈ। ਅਨੁਮਾਨ ਹੈ ਕਿ 2003 ਤਕ ਭਾਰਤ ਵਿਚ ਕੁੱਲ ਘਰੇਲੂ ਉਤਪਾਦ ਤੇ ਰੁਜ਼ਗਾਰ ਦਾ 70 ਪ੍ਰਤਿਸ਼ਤ ਦੇਸ਼ ਦੇ 100 ਵੱਡੇ ਸ਼ਹਿਰਾਂ

ਵਿਚ ਹੋਵੇਗਾ। ਦੇਸ਼ ਦੇ ਦੱਖਣੀ ਤੇ ਪੱਛਮੀ ਰਾਜਾਂ ਵਿਚ ਸ਼ਹਿਰੀਕਰਨ ਦੀ ਰਫ਼ਤਾਰ ਜ਼ਿਆਦਾ ਤੇਜ਼ ਰਹੀ ਹੈ। ਕਰਨਾਟਕ, ਤਮਿਲਨਾਡੂ, ਕੇਰਲ, ਮਹਾਂਰਾਸ਼ਟਰ ਤੇ ਗੁਜਰਾਤ ਵਿਚ ਸ਼ਹਿਰੀ ਆਬਾਦੀ 35 ਪ੍ਰਤਿਸ਼ਤ ਤੋਂ ਜ਼ਿਆਦਾ ਹੈ। ਸ਼ਹਿਰਾਂ ਵਿਚ ਵਸੇ ਲੋਕ ਖੇਤੀ ਅਤੇ ਉਸ ਨਾਲ ਜੁੜੇ ਕੰਮ ਛੱਡ ਕੇ ਆਉਂਦੇ ਹਨ। ਸ਼ਹਿਰੀ ਆਬਾਦੀ ਵਧਣ ਦੇ ਨਾਲ ਹੀ ਕੁੱਲ ਘਰੇਲੂ ਉਤਪਾਦ ਵਿਚ ਖੇਤੀਬਾੜੀ ਖੇਤਰ ਦਾ ਯੋਗਦਾਨ ਸਿਰਫ਼ 15 ਪ੍ਰਤਿਸ਼ਤ ਰਹਿ ਗਿਆ ਹੈ। ਜਦ ਕਿ ਨਿਰਮਾਣ ਤੇ ਸੇਵਾ ਖੇਤਰ ਇਸ ਵਿਚ 70 ਪ੍ਰਤਿਸ਼ਤ ਤਕ ਦਾ ਯੋਗਦਾਨ ਪਾ ਰਹੇ ਹਨ। ਇਸ ਲਈ ਵਿਕਾਸ ਦੀਆਂ ਨੀਤੀਆਂ ਬਣਾਉਂਦੇ ਵਕਤ ਇਨ੍ਹਾਂ ਤੱਥਾਂ ਨੂੰ ਵੀ ਧਿਆਨ ਵਿਚ ਰੱਖਣਾ ਹੋਵੇਗਾ। ਤੇਜ਼ੀ ਨਾਲ ਵਧਦੇ ਸ਼ਹਿਰਾਂ ਵਿਚ ਬੁਨਿਆਦੀ ਜ਼ਰੂਰਤਾਂ ਜਿਵੇਂ ਪਾਣੀ, ਬਿਜਲੀ, ਪਰਿਵਹਿਨ ਅਤੇ ਸੀਵਰੇਜ਼ ਦੇ ਇੰਤਜ਼ਾਮ ਵਿਚ ਵਾਧਾ ਕਰਨਾ ਹੋਵੇਗਾ। ਸ਼ਹਿਰ ਭਵਿੱਖ 'ਚ ਵਿਕਾਸ ਦੇ ਕੇਂਦਰ ਹੋਣਗੇ ਇਸ ਲਈ ਨੀਤੀ ਬਣਾਉਣ ਵਾਲਿਆਂ ਨੂੰ ਇਸ ਉਤੇ ਧਿਆਨ ਦੇਣਾ ਪਵੇਗਾ। 12ਵੀਂ ਪੰਜ ਸਾਲਾ ਯੋਜਨਾ 'ਚ ਦੇਸ਼ ਅੰਦਰ ਬੁਨਿਆਦੀ ਸਹੂਲਤਾਂ ਲਈ ਇਕ ਲੱਖ ਕਰੋੜ ਡਾਲਰ ਦੇ ਨਿਵੇਸ਼ ਦੀ ਵਿਵਸਥਾ ਕੀਤੀ ਗਈ ਹੈ।

ਦੇਸ਼ ਭਰ ਵਿਚ ਨਵੇਂ-ਨਵੇਂ ਸ਼ਹਿਰ ਜਿਸ ਤੇਜ਼ੀ ਨਾਲ ਵਧ ਰਹੇ ਹਨ ਉਸ ਦਾ ਅਸਰ ਉਨ੍ਹਾਂ ਦੀਆਂ ਸੀਮਾਵਾਂ ਦੇ ਕੋਲ-ਕੋਲ ਵੀ ਦੇਖਿਆ ਜਾ ਸਕਦਾ ਹੈ। ਨੋਇਡਾ, ਗੁੜਗਾਂਵ, ਬੰਗਲੌਰ, ਹੈਦਰਾਬਾਦ, ਮੈਸੂਰ ਆਦਿ ਨੂੰ ਆਈ ਟੀ ਹੱਬ ਅਤੇ ਚੇਨੱਈ, ਪੁਣੇ, ਔਰੰਗਾਬਾਦ ਤੇ ਅਹਿਮਦਾਬਾਦ ਨੂੰ ਆਟੋਮੋਬਾਇਲ ਹੱਬ ਦੇ ਰੂਪ ਵਿਚ ਉੱਭਰਦੇ ਦੇਖਿਆ ਗਿਆ ਹੈ। ਇਹ ਬਦਲਾਅ ਦੇਸ਼ ਵਿਚ ਵੱਡੇ ਪੈਮਾਨੇ ਉਤੇ ਸ਼ਹਿਰੀਕਰਨ ਦਾ ਹੀ ਨਤੀਜਾ ਹੈ। ਭਾਰਤ ਵਿਚ ਸ਼ਹਿਰੀਕਰਨ ਨੂੰ ਹੱਲਾਸ਼ੇਰੀ ਦੇਣ ਅਤੇ ਉਸ ਦੇ ਤੌਰ ਤਰੀਕਿਆਂ ਨੂੰ ਲੈ ਕੇ ਕਈ ਸਵਾਲ ਉੱਠ ਰਹੇ ਹਨ। ਪਰ ਸ਼ਹਿਰਾਂ ਦੀ ਸਮੱਸਿਆ ਵਧਣ ਦੀ ਸਚਾਈ ਨਾਲ ਕੋਈ ਵਿਵਾਦ ਨਹੀਂ ਹੈ। ਇਸ ਵੇਲੇ ਦੇਸ਼ ਵਿਚ 10 ਲੱਖ ਜਾਂ ਇਸ ਤੋਂ ਵੱਧ ਆਬਾਦੀ ਵਾਲੇ 53 ਸ਼ਹਿਰ ਹਨ ਅਤੇ ਸ਼ਹਿਰੀਕਰਨ ਦੇ ਮੌਜੂਦਾ ਦੌਰ ਦੇ ਜਾਰੀ ਰਹਿੰਦਿਆਂ 2030 ਤਕ 100 ਸ਼ਹਿਰ ਹੋਰ ਸਾਹਮਣੇ ਆ ਸਕਦੇ ਹਨ।

ਅਸੀਂ 21ਵੀਂ ਸਦੀ ਦੇ ਦੂਜੇ ਦਹਾਕੇ ਵਿਚ ਪਹੁੰਚ ਚੁੱਕੇ ਹਾਂ। ਆਰਥਿਕ ਉਦਾਰੀਕਰਨ ਦੇ ਪਿਛਲੇ 20 ਸਾਲਾਂ ਵਿਚ ਕਈ ਕਸਬੇ ਨਗਰ ਅਤੇ ਮਹਾਂਨਗਰ ਵਿਚ ਤਬਦੀਲ ਹੋ ਚੁੱਕੇ ਹਨ। ਮੈਕਿਗਸੇ ਦੀ ਇਕ ਤਾਜ਼ਾ ਰਿਪੋਰਟ ਮੁਤਾਬਕ 2030 ਤਕ ਭਾਰਤ ਦੀ ਅਰਥਵਿਵਸਥਾ ਪੰਜ ਗੁਣਾ ਵੱਧ ਹੋਵੇਗੀ। ਦੇਸ਼ ਦੇ ਲਗਭਗ 60 ਕਰੋੜ ਲੋਕ ਵੱਡੇ ਸ਼ਹਿਰਾਂ ਵਿਚ ਰਹਿ ਰਹੇ ਹੋਣਗੇ ਜਿਨ੍ਹਾਂ ਦਾ ਦੇਸ਼ ਦੇ ਵਿਕਾਸ ਵਿਚ ਅਹਿਮ ਯੋਗਦਾਨ ਹੋਵੇਗਾ। ਪਿਛਲੇ ਦਹਾਕੇ ਵਿਚ ਜਿੰਨੀਆਂ ਸੜਕਾਂ, ਮੈਟਰੋ ਰੇਲ, ਸਭ ਤੋਂ ਵੱਧ ਬਣੇ ਹਨ ਤੇ ਆਉਣ ਵਾਲੇ ਸਮੇਂ ਵਿਚ ਉਸ ਤੋਂ 20 ਗੁਣਾਂ ਵਧੇਰੇ ਦਾ ਨਿਰਮਾਣ ਕਰਨਾ ਹੋਵੇਗਾ। ਇੰਨੇ ਵੱਡੇ ਪੈਮਾਨੇ ਉਤੇ ਹੋ ਰਹੇ ਸ਼ਹਿਰੀਕਰਨ ਦੇ ਮੱਦੇਨਜ਼ਰ ਕਾਰੋਬਾਰੀ ਸ਼ਹਿਰੀਕਰਨ ਉਤੇ ਜ਼ੋਰ ਦੇਣਾ ਜ਼ਰੂਰੀ ਹੈ। ਇਸ ਵਾਸਤੇ ਘੱਟ ਕੀਮਤ ਵਾਲੇ ਘਰਾਂ ਦਾ ਨਿਰਮਾਣ ਤੇ ਆਵਾਜਾਈ ਜਾਂ ਆਪਸੀ-ਜੋੜ ਸੰਪਰਕ ਦੀ ਅਹਿਮੀਅਤ ਬਹੁਤ ਵਧ ਜਾਂਦੀ ਹੈ। ਜਮਨਾ ਐਕਸਪ੍ਰੈੱਸ ਤੇ ਦਿੱਲੀ-ਮੁੰਬਈ ਕੋਰੀਡੋਰ ਵਰਗੀਆਂ ਪਰਿਯੋਜਨਾ ਤੋਂ ਪ੍ਰੇਰਨਾ ਲੈਣ ਦੀ ਜ਼ਰੂਰਤ ਹੈ। ਇਸੇ ਤਰ੍ਹਾਂ ਦਿੱਲੀ, ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਗੁਜਰਾਤ ਨੂੰ ਜੋੜਦਿਆਂ ਹੋਇਆਂ, 24 ਨਵੇਂ ਸ਼ਹਿਰ ਤੇ 12 ਆਰਥਿਕ ਖੇਤਰ (ਐਸ ਈ ਜ਼ੈਡ) ਵਿਕਸਤ ਕਰਨ ਦਾ ਪ੍ਰਸਤਾਵ ਵੀ ਹੈ।

ਪਿੰਡਾਂ ਵਿਚ ਖੇਤੀ ਅਤੇ ਉਸ ਨਾਲ ਜੁੜੇ ਕੰਮਾਂ ਨੂੰ ਛੱਡ ਕੇ ਸੇਵਾ ਤੇ ਉਦਯੋਗਾਂ ਵੱਲ ਵਧਦੇ ਰੁਝਾਨ ਦੇ ਚਲਦਿਆਂ ਸ਼ਹਿਰੀਕਰਨ ਦੇ ਵਧਣ ਨੂੰ ਸਾਫ਼ ਦੇਖਿਆ ਜਾ ਸਕਦਾ ਹੈ। ਬਹੁਤੀਆਂ ਕੰਪਨੀਆਂ ਅਤੇ ਸੰਸਥਾਵਾਂ ਵੱਡੇ ਸ਼ਹਿਰਾਂ ਨੂੰ ਹੀ ਆਪਣਾ ਕਾਰਜ ਖੇਤਰ ਬਣਾ ਰਹੀਆਂ ਹਨ। ਭਾਵੇਂ ਦੇਸ਼ ਵਿਚ ਜਨਸੰਖਿਆ ਦੇ ਆਧਾਰ 'ਤੇ ਕਸਬਿਆਂ ਵਿਚ ਵੀ ਸ਼ਹਿਰੀਕਰਨ ਦੇ ਦੌਰ ਨੂੰ ਦੇਖਿਆ ਜਾ ਸਕਦਾ ਹੈ। ਜੋ ਇਲਾਕੇ ਜਨਗਣਨਾ ਵਿਚ ਤੈ ਤਿੰਨ ਮਾਪਦੰਡਾਂ ਉਤੇ ਖਰੇ ਉਤਰਦੇ ਹਨ ਉਨ੍ਹਾਂ ਨੂੰ ਕਸਬਿਆਂ ਦਾ ਦਰਜਾ ਦਿਤਾ ਜਾਂਦਾ ਹੈ। ਇਨ੍ਹਾਂ ਮਾਪਦੰਡਾਂ ਦੇ ਮੁਤਾਬਕ ਕਿਸੇ ਪਿੰਡ ਨੂੰ ਫਿਰ ਕਸਬੇ ਦਾ ਦਰਜਾ ਦਿਤਾ ਜਾਂਦਾ ਹੈ ਜਦ ਉਸ ਦੀ ਆਬਾਦੀ ਪੰਜ ਹਜ਼ਾਰ ਤੋਂ ਜ਼ਿਆਦਾ ਹੋਵੇ, ਜਨਸੰਖਿਆ ਦਾ ਘਣਤਵ ਪ੍ਰਤਿ ਵਰਗ ਕਿਲੋਮੀਟਰ ਚਾਰ ਸੌ ਤੋਂ ਜ਼ਿਆਦਾ ਅਤੇ ਉਸ ਦੀ 75 ਪ੍ਰਤਿਸ਼ਤ ਤੋਂ ਜ਼ਿਆਦਾ ਆਬਾਦੀ ਖੇਤੀ ਦਾ ਕੰਮ ਨਾ ਕਰਦੀ ਹੋਵੇ। ਅਜਿਹੇ ਵਰਗੀਕਰਨ ਦੇ ਚਲਦਿਆਂ ਸਾਲ 2001 ਅਤੇ 2011 ਦੇ ਵਿਚਾਲੇ 2732 ਨਵੇਂ ਕਸਬੇ ਬਣੇ। ਇਸ ਤਰ੍ਹਾਂ, ਇਸ ਸਮੇਂ ਦੌਰਾਨ ਸ਼ਹਿਰੀਕਰਨ ਦਾ ਵਿਕਾਸ 23 ਪ੍ਰਤਿਸ਼ਤ ਦੀ ਦਰ ਨਾਲ ਹੋਇਆ।

ਅੱਜ ਅਜਿਹੇ ਕਈ ਵੱਡੇ ਕਸਬੇ ਹਨ ਜੋ ਬੀਤੇ ਵਿਚ ਕਾਫ਼ੀ ਛੋਟੇ ਰਹੇ ਹੋਣਗੇ। ਮਹਾਂਰਾਸ਼ਟਰ ਵਿਚ ਨਾਸਿਕ, ਵਿਭੰਡੀ ਤੇ ਔਰੰਗਾਬਾਦ, ਆਂਧਰ ਪ੍ਰਦੇਸ਼ ਵਿਚ ਮੀਰਆਲਾਗੁਡਾ, ਉੱਤਰਾਖੰਡ ਵਿਚ ਰੁਦਰਪੁਰ, ਗੁਜਰਾਤ ਵਿਚ ਸੂਰਤ ਅਤੇ ਬਾਪੀ, ਉੱਤਰ ਪ੍ਰਦੇਸ਼ ਵਿਚ ਅਕਬਰਪੁਰ, ਬਿਹਾਰ ਵਿਚ ਸਹਿਰਸਾ ਤੇ ਝਾੜਖੰਡ ਵਿਚ ਧਨਵਾਦ ਅਜਿਹੇ ਹੀ ਸ਼ਹਿਰ ਹਨ। ਦਰਅਸਲ, ਅਸੀਂ ਸਾਰੇ ਜਾਣਦੇ ਹਾਂ ਕਿ ਸ਼ਹਿਰ ਵਧਣ ਦਾ ਕਾਰਨ ਪਿੰਡਾਂ ਦੇ ਮੁਕਾਬਲੇ ਉਥੇ ਬੇਹਤਰ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਮੌਕੇ ਉਪਲਬਧ ਹੋਣਾ ਹਨ। ਰੁਜ਼ਗਾਰ ਅਤੇ ਬੇਹਰਤ ਜ਼ਿੰਦਗੀ ਦੀ ਭਾਲ ਵਿਚ ਲੋਕ ਸ਼ਹਿਰਾਂ ਵੱਲ ਚਲੇ ਆਉਂਦੇ ਹਨ। ਇਸ ਨਾਲ ਸ਼ਹਿਰੀ ਵਾਸੀਆਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਤੇਜ਼ ਸ਼ਹਿਰੀਕਰਨ ਦਾ ਨਤੀਜਾ ਹੈ ਕਿ ਅਗਲੇ 10 ਸਾਲਾਂ ਵਿਚ ਬੁਨਿਆਦੀ ਸਹੂਲਤਾਂ ਦੇ ਵਿਕਾਸ ਵਿਚ ਭਾਰੀ ਖਰਚ ਕਰਨ ਦੀ ਜ਼ਰੂਰਤ ਹੋਵੇਗੀ।

ਦੇਸ਼ ਅੰਦਰ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨ ਨੂੰ ਲੈ ਕੇ ਪਹਿਲਾਂ ਹੀ ਸੰਕਟ ਹੈ। ਦਿੱਲੀ, ਮੁੰਬਈ ਤੇ ਬੰਗਲੌਰ ਵਰਗੇ ਸ਼ਹਿਰਾਂ ਵਿਚ ਜਨਸੰਖਿਆ ਘਣਤਵ ਵਧਣਾ ਇਕ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ। ਜੇ ਕਾਰੋਬਾਰੀ ਸ਼ਹਿਰੀਕਰਨ ਨਾ ਹੋਇਆ ਤਾਂ ਸ਼ਹਿਰਾਂ ਦੀਆਂ ਮੁਸ਼ਕਿਲਾਂ ਹੋਰ ਵਧ ਜਾਣਗੀਆਂ। ਸ਼ਹਿਰਾਂ ਵਿਚ ਬੇਹਿਸਾਬ ਬੋਝ ਵਧਣ ਨਾਲ ਉਨ੍ਹਾਂ ਵਿਚ ਉਤਪਾਦਕਤਾ, ਬਿਜਲੀ, ਪਾਣੀ, ਪਰਿਵਹਿਨ ਵਰਗੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਮੁਸ਼ਕਿਲ ਹੋਵੇਗਾ। ਇਸ ਨਾਲ ਲੋਕਾਂ ਦੇ ਜੀਵਨ ਪੱਧਰ ਵਿਚ ਗਿਰਾਵਟ ਆ ਸਕਦੀ ਹੈ। ਇਸ ਲਈ ਨਵੇਂ ਸ਼ਹਿਰ ਵਸਾਉਣ ਤੋਂ ਪਹਿਲਾਂ ਮੌਜੂਦਾ ਸ਼ਹਿਰਾਂ ਵਿਚ ਕੁਝ ਅਹਿਮ ਸਵਾਲਾਂ ਦੇ ਜਵਾਬ ਤਲਾਸ਼ ਲੈਣਾ ਵੀ ਬਹੁਤ ਜ਼ਰੂਰੀ ਹੈ। ਸ਼ਹਿਰੀ ਪ੍ਰਸ਼ਾਸਨ ਨੂੰ ਆਰਥਿਕ ਨੀਤੀਆਂ ਅਤੇ ਉਨ੍ਹਾਂ 'ਤੇ ਅਮਲ ਵਿਚਾਲੇ ਤਾਲਮੇਲ ਵਿਕਸਤ ਕਰਨ ਦੀ ਜ਼ਰੂਰਤ ਹੈ। ਮਹਾਂਨਗਰਾਂ ਉਤੇ ਬੋਝ ਘਟਾਉਣ ਲਈ ਜ਼ਰੂਰੀ ਹੈ ਜੈਪੁਰ, ਦੇਹਰਾਦੂਨ, ਮੁਰਾਦਾਬਾਦ, ਗਵਾਲੀਅਰ ਤੇ ਆਗਰਾ ਵਰਗੇ ਦੂਜੇ ਅਤੇ ਤੀਜੇ

ਦਰਜੇ ਦੇ ਸ਼ਹਿਰਾਂ 'ਤੇ ਜ਼ਿਆਦਾ ਧਿਆਨ ਦੇਣਾ।

ਸ਼ਹਿਰੀ ਇਲਾਕਿਆਂ ਵਿਚ ਲੋਕਾਂ ਦੀ ਔਸਤ ਆਮਦਨ ਰਾਸ਼ਟਰੀ ਆਮਦਨ ਤੋਂ ਜ਼ਿਆਦਾ ਹੈ। ਵਧਦੀ ਆਮਦਨ ਦੇ ਨਾਲ ਹੀ ਇਸ ਸ਼ਹਿਰੀ ਆਬਾਦੀ ਨੂੰ ਰਿਹਾਇਸ਼ੀ, ਸਿਹਤ, ਸਿੱਖਿਆ ਤੇ ਆਉਣ ਜਾਣ ਵਰਗੀਆਂ ਸਹੂਲਤਾਂ ਵੀ ਮੁਹੱਈਆ ਕਰਾਉਣੀਆਂ ਹੋਣਗੀਆਂ। ਇਸ ਲਈ ਦੇਸ਼ ਨੂੰ ਆਪਣੇ ਸ਼ਹਿਰਾਂ ਦੇ ਰੱਖ-ਰਖਾਅ ਵਿਚ ਬਹੁਤ ਵੱਡਾ ਨਿਵੇਸ਼ ਕਰਨ ਦੀ ਲੋੜ ਪਵੇਗੀ। ਲਗਾਤਾਰ ਵਧਦੀ ਪੜ੍ਹੀ-ਲਿਖੀ ਆਬਾਦੀ ਨੂੰ ਉਚਿਤ ਰੁਜ਼ਗਾਰ ਦੇਣ ਅਤੇ ਲੋਕਾਂ ਦੇ ਜੀਵਨ ਪੱਧਰ ਵਿਚ ਸੁਧਾਰ ਲਿਆਉਣ ਲਈ ਸਰਕਾਰ ਨੂੰ ਆਪਣੀ ਆਰਥਿਕ ਵਿਕਾਸ ਦਰ ਨੂੰ 10 ਤੋਂ 12 ਪ੍ਰਤਿਸ਼ਤ ਰਖਣਾ ਪਵੇਗਾ। ਇੰਨੀ ਉੱਚੀ ਵਿਕਾਸ ਦਰ ਨੂੰ ਹਾਸਲ ਕਰਨ ਲਈ ਭਾਰਤ ਨੂੰ ਪੇਂਡੂ ਅਰਥਵਿਵਸਥਾ ਵਿਚ ਸੁਧਾਰ ਦੇ ਨਾਲ-ਨਾਲ ਸ਼ਹਿਰਾਂ ਨੂੰ ਵੀ ਕਾਰੋਬਾਰੀ ਰੂਪ ਦੇਣਾ ਪਵੇਗਾ। ਸ਼ਹਿਰੀਕਰਨ ਦੀ ਰਫ਼ਤਾਰ ਵਿਚ ਆਰਥਿਕ ਵਿਕਾਸ ਦੇ ਅਨੇਕ ਮੌਕੇ ਛੁਪੇ ਹੋਏ ਹਨ।

2030 ਤਕ ਭਾਰਤ ਨੂੰ ਆਪਣੇ ਸ਼ਹਿਰੀਕਰਨ ਨੂੰ ਸਹੀ ਰੂਪ ਦੇਣ ਲਈ 55 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਨਿਵੇਸ਼ ਦੀ ਜ਼ਰੂਰਤ ਹੈ। ਅੱਜ ਭਾਰਤ ਆਪਣੇ ਸ਼ਹਿਰਾਂ ਦੇ ਵਿਕਾਸ ਵਿਚ ਜਿੰਨਾ ਖਰਚ ਕਰਦਾ ਹੈ ਉਸ ਦਾ ਲਗਭਗ ਅੱਠ ਗੁਣਾ ਵਧੇਰੇ ਖਰਚ ਕਰਨਾ ਹੋਵੇਗਾ। ਇਸ ਸਮੇਂ ਭਾਰਤ ਦੇ ਵਧੇਰੇ ਵੱਡੇ ਸ਼ਹਿਰ ਨਾਗਰਿਕ ਸਹੂਲਤਾਂ ਦੇ ਮਾਮਲੇ ਵਿਚ ਵਿਸ਼ਵ ਔਸਤ ਤੋਂ ਬਹੁਤ ਪਿੱਛੇ ਹਨ। ਜੇ 2030 ਤਕ ਅਸੀਂ ਇਸੇ ਦਰ ਉਤੇ ਚਲਦੇ ਰਹੇ ਤਾਂ ਬੁਨਿਆਦੀ ਸਹੂਲਤਾਂ ਦੇ ਮਾਮਲੇ ਵਿਚ ਸਥਿਤੀ ਪਹਿਲਾਂ ਨਾਲੋਂ ਵੀ ਜ਼ਿਆਦ ਖਰਾਬ ਹੋ ਜਾਵੇਗੀ। ਦੇਸ਼ ਦੇ ਵਿਕਾਸ ਦੇ ਤਰੀਕਿਆਂ ਨੂੰ ਧਿਆਨ ਵਿਚ ਰਖਿਆ ਜਾਵੇ ਤਾਂ ਸ਼ਹਿਰੀਕਰਨ ਵਧਣਾ ਤੈ ਹੈ। ਅਜਿਹੇ ਹਾਲਾਤ ਵਿਚ ਸ਼ਹਿਰਾਂ ਵਿਚ ਯੋਜਨਾਬਧ ਵਿਕਾਸ ਲਈ ਨਿਵੇਸ਼ ਵਧਾਉਣ ਨੂੰ ਪਿੰਡ ਵਿਰੋਧੀ ਕਹਿਣਾ ਗਲਤ ਹੋਵੇਗਾ। ਸ਼ਹਿਰੀਕਰਨ ਲਈ ਠੋਸ ਤੇ ਦੂਰਗਾਮੀ ਫ਼ੈਸਲੇ ਕਰਕੇ ਹੀ ਸਰਕਾਰ ਵੱਧ ਤੋਂ ਵੱਧ ਲੋਕਾਂ ਲਈ ਆਰਥਿਕ ਤੇ ਸਮਾਜਿਕ ਵਿਕਾਸ ਦੇ ਨਵੇਂ ਦਰਵਾਜ਼ੇ ਖੋਲ੍ਹ ਸਕਦੀ ਹੈ।

ਭਾਰਤ ਵਿਚ ਵਧਦੇ ਸ਼ਹਿਰਾਂ ਵਿਚ ਜਨਸੰਖਿਆ ਘਣਤਵ ਵਧਣਾ ਸਰਕਾਰ ਦੇ ਸਾਹਮਣੇ ਵੱਡੀ ਚੁਣੌਤੀ ਹੈ। ਦਿੱਲੀ ਵਿਚ ਜਨਸੰਖਿਆ ਘਣਤਵ ਪ੍ਰਤਿ ਵਰਗ ਕਿਲੋਮੀਟਰ 11 ਹਜ਼ਾਰ 2 ਸੌ 97 ਵਿਅਕਤੀ ਹੈ। ਇਸ ਦੇ ਵਧਣ ਦੀ ਇਹੀ ਦਰ ਰਹੀ ਤਾਂ 2030 ਤਕ ਜਨਸੰਖਿਆ ਘਣਤਵ ਪ੍ਰਤਿ ਵਰਗ ਕਿਲੋਮੀਟਰ 15 ਹਜ਼ਾਰ 2 ਸੌ ਗਿਆਰਾਂ ਵਿਅਕਤੀ ਹੋ ਜਾਵੇਗੀ। ਇਸ ਲਈ ਅਜਿਹੀਆਂ ਯੋਜਨਾਵਾਂ ਤਿਆਰ ਕਰਨ ਦੀ ਜ਼ਰੂਰਤ ਹੈ ਕਿ ਦੇਸ਼ ਦੇ ਚਾਰ ਪੰਜ ਸ਼ਹਿਰਾਂ ਵਿਚ ਹੀ ਨਹੀਂ ਸਗੋਂ ਸਾਰੇ ਸ਼ਹਿਰਾਂ ਵਿਚ ਰੁਜ਼ਗਾਰ ਦੇ ਮੌਕੇ ਉਪਲਬਧ ਹੋਣ। ਸ਼ਹਿਰਾਂ ਵਿਚ ਆਮਦਨੀ ਵਧਾਉਣ ਦੇ ਤਰੀਕਿਆਂ ਅਨੁਕੂਲ ਕਾਰੋਬਾਰੀ ਮਾਹੌਲ ਤੇ ਕੁਸ਼ਲ ਕਾਰੀਗਰਾਂ ਦੇ ਮਿਲਣ ਨਾਲ ਹੀ ਸ਼ਹਿਰਾਂ ਦੀ ਅਹਿਮੀਅਤ ਵਧੀ ਹੈ। ਇਹ ਸਹੂਲਤਾਂ ਦੇਸ਼ ਦੇ ਹੋਰ ਸ਼ਹਿਰਾਂ ਵਿਚ ਉਪਲਬਧ ਕਰਾ ਕੇ ਸਿਰਫ਼ ਕੁਝ ਕੁ ਸ਼ਹਿਰਾਂ ਵਾਂਗ ਤੇਜ਼ੀ ਨਾਲ ਵਧ ਰਹੀ ਆਬਾਦੀ ਨੂੰ ਰੋਕਣ ਵਿਚ ਸਫਲ ਹੋ ਸਕਦੇ ਹਾਂ।

ਭਾਰਤੀ ਸ਼ਹਿਰਾਂ ਵਿਚ ਬਹੁਤ ਸਾਰੀਆਂ ਅਨੁਕੂਲ ਸੰਭਾਵਨਾਵਾਂ ਹਨ ਇਸ ਲਈ ਵਕਤ ਦੀ ਜ਼ਰੂਰਤ ਹੈ ਕਿ ਯੋਜਨਾਵਾਂ ਅਤੇ ਨੀਤੀਆਂ ਨੂੰ ਤਿਆਰ ਕਰਦੇ ਸਮੇਂ ਉਨ੍ਹਾਂ ਸੰਭਾਵਨਾਵਾਂ ਨੂੰ ਆਂਕਿਆ ਜਾਵੇ ਜੋ ਅੱਗੇ ਜਾ ਕੇ ਬੇਹਤਰ ਨਤੀਜੇ ਦੇਣ। ਨਾਲ ਹੀ ਯੋਜਨਾਵਾਂ ਨੂੰ ਸਹੀ ਢੰਗ ਨਾਲ ਲਾਗੂ ਕਰਕੇ ਉਚਿਤ ਕਾਰੋਬਾਰੀ ਮਾਹੌਲ ਅਤੇ ਨਿਵੇਸ਼ ਨੂੰ ਵੀ ਵਧਾਇਆ ਜਾਵੇ। ਸ਼ਹਿਰੀ ਪ੍ਰਸ਼ਾਸਨ ਨੂੰ ਅਜਿਹੀ ਵਿਵਸਥਾ ਬਣਾਉਣੀ ਚਾਹੀਦੀ ਹੈ ਜਿਸ ਨਾਲ ਲੋਕਾਂ ਨੂੰ ਤੁਰੰਤ ਰਾਹਤ ਮਿਲੇ ਅਤੇ ਆਉਣ ਵਾਲੇ ਸਮੇਂ ਵਿਚ ਪੈਦਾ ਹੋਣ ਵਾਲੀਆਂ ਚੁਣੌਤੀਆਂ ਨਾਲ ਨਿਪਟਿਆ ਜਾ ਸਕੇ। ਦੇਸ਼ ਵਿਚ ਬੇਰੁਜ਼ਗਾਰੀ ਅਤੇ ਆਰਥਿਕ ਬਦਹਾਲੀ ਨੂੰ ਦੂਰ ਕਰਨ ਦੀ ਦਿਸ਼ਾ ਵਿਚ ਨਵੀ ਸਰਕਾਰ ਦਾ 100 ਨਵੇਂ ਸ਼ਹਿਰ ਬਣਾਉਣ ਦਾ ਐਲਾਨ ਇਸ ਦਿਸ਼ਾ ਵਿਚ ਉਮੀਦ ਜਗਾਉਂਦਾ ਹੈ।

*(ਲੇਖਿਕਾ ਸੁਤੰਤਰ ਪੱਤਰਕਾਰ ਹੈ।)*

*e-mail : suvidhakumra@gmail.com*


## ਮੈਂਬਰਸ਼ਿੱਪ ਕੂਪਨ

❑ ਨਵੀਂ ਮੈਂਬਰਸ਼ਿੱਪ ❑ ਨਵੀਨੀਕਰਨ ❑ ਪਤਾ ਬਦਲਣ ਵਾਸਤੇ

(ਜੋ ਲਾਗੂ ਹੁੰਦਾ ਹੋਵੇ ਉਸ ਉਤੇ '✓' ਦਾ ਚਿੰਨ੍ਹ ਲਾਓ।)

ਮੈਂ .................................................................................................... (ਪੱਤ੍ਰਿਕਾ ਦਾ ਨਾਮ ਅਤੇ ਭਾਸ਼ਾ) ਦਾ

❑ ਸਾਲਾਨਾ (` 100) ❑ ਦੋ ਸਾਲ (` 180) ❑ ਤਿੰਨ ਸਾਲ (` 250) ਮੈਂਬਰ ਬਣਨ ਦਾ/ਦੀ ਇੱਛੁਕ ਹਾਂ।

ਡਿਮਾਂਡ ਡਰਾਫਟ/ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਨੰ: .................................. ਤਾਰੀਖ .......................................

ਨਾਮ ............................................................................ਵਰਗ ❑ ਵਿਦਿਆਰਥੀ ❑ ਅਧਿਆਪਕ ❑ ਸੰਸਥਾ ❑ ਹੋਰ

ਪਤਾ ...............................................................................................................................................

..........................................................................................................ਪਿਨ.........................................

ਨਵੀਨੀਕਰਨ/ਪਤਾ ਬਦਲਣ ਲਈ ਕ੍ਰਿਪਾ ਕਰਕੇ ਆਪਣਾ ਮੈਂਬਰਸ਼ਿੱਪ ਨੰਬਰ ਇੱਥੇ ਲਿਖੋ ......................................................

ਡਿਮਾਂਡ ਡਰਾਫਟ/ਭਾਰਤੀ ਪੋਸਟਲ ਆਰਡਰ/ਮਨੀ ਆਰਡਰ **ADG (i/c), Publications Division** ਦੇ ਨਾਂ 'ਤੇ ਬਣਾ ਕੇ ਕੂਪਨ ਸਮੇਤ ਇਸ ਪਤੇ ਉਤੇ ਭੇਜੋ :

**Business Manager (Circulation & Advertisement),**
**Publications Division, Ministy of I&B**
**East Block-4, Level-7, R.K. Puram, New Delhi-110066**

# ਮਹਾਂਨਗਰਾਂ ਦੇ ਵਧਦੇ ਆਕਾਰ ਤੇ ਸਮੱਸਿਆਵਾਂ

ਜਸਵਿੰਦਰ ਕੌਰ ਬਿੰਦਰਾ

ਕਿਸੇ ਕੰਮਕਾਜ ਦੇ ਸਿਲਸਿਲੇ ਵਿਚ ਜਾਂ ਕਿਸੇ ਸਮਾਰੋਹ ਲਈ ਦਿੱਲੀ ਤੋਂ ਬਾਹਰਲੇ ਥਾਵਾਂ 'ਤੇ ਜਾਈਏ ਤਾਂ ਜ਼ਿਆਦਾਤਰ ਮਿਲਣ ਵਾਲੇ ਇਹੀ ਗੱਲ ਕਹਿੰਦੇ ਹਨ, 'ਦਿੱਲੀ ! ਉਫ਼ – ਉਹ ਤਾਂ ਬਹੁਤ ਵੱਡਾ ਸ਼ਹਿਰ ਹੈ। ਬੰਦਾ ਤਾਂ ਉਥੇ ਗਵਾਚ ਹੀ ਜਾਂਦਾ ਹੈ।' ਸੁਣ ਕੇ ਇਕ ਪਾਸੇ ਤਾਂ ਮਨ ਨੂੰ ਗੁੱਝੀ ਖ਼ੁਸ਼ੀ ਹੁੰਦੀ ਹੈ ਕਿ ਮੈਂ ਦਿੱਲੀ ਜਿਹੇ ਸ਼ਹਿਰ ਦੀ ਜੰਮਪਲ ਹਾਂ। ਆਜ਼ਾਦੀ ਦੇ 67 ਵਰ੍ਹਿਆਂ ਮਗਰੋਂ ਵੀ ਦਿੱਲੀ ਬਾਰੇ ਬਹੁਤ ਸਾਰੇ ਲੋਕ ਇੰਜ ਦਾ ਸੋਚਦੇ ਹਨ।

ਭਾਰਤ ਵਿਚ ਦਿੱਲੀ ਦਾ ਰੁਤਬਾ ਆਰੰਭ ਤੋਂ ਹੀ ਵੱਡਾ ਰਿਹਾ ਹੈ। ਇਸ ਨੂੰ ਦੇਸ਼ ਦੀ ਰਾਜਧਾਨੀ ਹੋਣ ਦਾ ਮਾਣ ਪ੍ਰਾਪਤ ਹੈ। ਇਸੇ ਲਈ ਦਿੱਲੀ ਹਿੰਦੁਸਤਾਨ ਦਾ ਦਿਲ ਜਿਹੇ ਵਾਕ ਪ੍ਰਚਲਿਤ ਹਨ। ਪਿਛਲੇ 15–20 ਸਾਲਾਂ ਵਿਚ ਦਿੱਲੀ ਵਿਚ ਹੋਏ ਵਿਕਾਸ ਤੋਂ ਲੋਕ ਬਹੁਤ ਹੈਰਾਨ ਹਨ।

*ਦਿੱਲੀ ਮਹਾਂਨਗਰ ਦਾ ਵਿਸਤਾਰ ਲਗਾਤਾਰ ਹੋ ਰਿਹਾ ਹੈ। ਇਸੇ ਕਰਕੇ ਇਹ ਫੈਲਦਾ ਜਾ ਰਿਹਾ ਹੈ। ਰਾਜਧਾਨੀ ਖੇਤਰ ਕਈ ਗੁਆਂਢੀ ਰਾਜਾਂ ਤਕ ਜਾ ਪਹੁੰਚਾ ਹੈ। ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼ ਤਕ ਇਸ ਦੀ ਆਵਾਜਾਈ ਸੰਬੰਧੀ ਪਹੁੰਚ ਆਸਾਨੀ ਨਾਲ ਹੋਣ ਲੱਗ ਪਈ ਹੈ। ਦਿੱਲੀ ਪਹਿਲਾਂ ਹੀ ਵੱਡਾ ਸ਼ਹਿਰ ਸੀ, ਹੁਣ ਇਹ ਵਿਸ਼ਵ ਦੇ ਮਹਾਂਨਗਰਾਂ ਵਿਚ ਸ਼ਾਮਿਲ ਹੈ। ਆਜ਼ਾਦੀ ਤੋਂ ਪਹਿਲਾਂ ਵੀ ਦਿੱਲੀ, ਕੋਲਕਾਤਾ, ਚੇਨੱਈ ਤੇ ਮੁੰਬਈ ਮੈਟਰੋ ਸ਼ਹਿਰ ਆਖੇ ਜਾਂਦੇ ਸਨ। ਅੱਜ ਵੀ ਇਨ੍ਹਾਂ ਦਾ ਇਹ ਪੱਧਰ ਕਾਇਮ ਹੈ।*

ਦਿੱਲੀ ਵਾਂਗ ਇਹ ਸਾਰੇ ਸ਼ਹਿਰ ਪਹਿਲਾਂ ਤੋਂ ਕਿਤੇ ਵੱਧ ਫੈਲ ਚੁੱਕੇ ਹਨ। ਕਿਸੇ ਦੇਸ਼ ਦੀ ਤਰੱਕੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਥੇ ਕਿੰਨੇ ਮਹਾਂਨਗਰ ਸ਼ਹਿਰ ਹਨ। ਵੱਡੇ-ਵੱਡੇ ਸ਼ਹਿਰ ਜਾਂ ਮਹਾਂਨਗਰ ਦੇਸ਼ ਦੀ ਪਛਾਣ ਚਿੰਨ੍ਹ ਬਣਦੇ ਹਨ ਤੇ ਉਸ ਦੀ ਤਰੱਕੀ ਦਾ ਰਾਜ ਵੀ ਖੋਲ੍ਹਦੇ ਹਨ।

ਕਿਸੇ ਸ਼ਹਿਰ ਦਾ ਜਦੋਂ ਵਿਸਤਾਰ ਹੁੰਦਾ ਹੈ ਤਾਂ ਹਰ ਪਖੋਂ ਉਸ ਦਾ ਫੈਲਾਅ ਹੋਣਾ ਜ਼ਰੂਰੀ ਹੁੰਦਾ ਹੈ। ਜੇ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਅਚੇਤ ਤੌਰ ਤੇ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਸਿਰਫ਼ ਇਹ ਸੋਚ ਕੇ ਖ਼ੁਸ਼ੀ ਹਾਸਲ ਨਹੀਂ ਕੀਤੀ ਜਾ ਸਕਦੀ ਕਿ ਇਹ ਸ਼ਹਿਰ ਫੈਲ ਰਿਹਾ ਹੈ। ਮਹਾਂਨਗਰ ਦਾ ਆਪਣਾ ਇਕ ਆਕਰਸ਼ਣ ਹੁੰਦਾ ਹੈ। ਕਸਬਿਆਂ ਤੇ ਛੋਟੇ ਸ਼ਹਿਰਾਂ ਤੋਂ ਲੈ ਕੇ ਅਕਸਰ ਵੱਡੇ ਸ਼ਹਿਰਾਂ ਵਿਚ ਸੰਭਾਵਨਾਵਾਂ ਵੀ ਕਾਫ਼ੀ ਵੱਡੀਆਂ ਹੁੰਦੀਆਂ ਹਨ। ਇਸੇ ਲਈ ਇਥੇ ਹੱਥ-ਪੈਰ ਮਾਰਨ ਵਾਲੇ ਤੇ ਵਧੇਰੇ ਸਮਝ-ਬੂਝ ਰਖਣ ਵਾਲੇ ਆਸਾਨੀ ਨਾਲ ਆਪਣਾ ਕੰਮਕਾਜ ਖੋਲ੍ਹ ਕੇ ਵਧਾ ਲੈਂਦੇ ਹਨ। ਉਂਜ ਨੌਕਰੀ ਦੇ ਵੀ ਅਨੇਕ ਮੌਕੇ ਮਿਲਦੇ ਹਨ। ਕਈ ਵਾਰ ਨੌਕਰੀ ਦੇ ਸਿਲਸਿਲੇ ਵਿਚ 'ਬਦਲੀ' ਹੋਣ ਕਾਰਨ ਵੀ ਮੈਟਰੋ ਸ਼ਹਿਰਾਂ ਵਿਚ ਜਾਣ ਦਾ ਮੌਕਾ ਅਨੇਕ ਲੋਕਾਂ ਨੂੰ ਮਿਲਦਾ ਹੈ। ਜਦੋਂ ਉਹ ਇਥੋਂ ਦੀਆਂ ਸੁਖ-ਸਹੂਲਤਾਂ ਤੇ ਚਮਕ-ਦਮਕ ਨੂੰ ਦੇਖਦੇ ਹਨ ਤਾਂ ਫਿਰ ਉਨ੍ਹਾਂ ਦਾ ਮਨ ਕਿਸੇ ਹੋਰ ਸ਼ਹਿਰ ਵਿਚ ਜਾਣ ਨੂੰ ਕਰਦਾ ਹੀ ਨਹੀਂ। ਛੋਟੇ ਸ਼ਹਿਰਾਂ ਤੇ ਕਸਬਿਆਂ ਤੋਂ ਉਹ ਕੰਨੀ ਕਤਰਾਉਣ ਲਗਦੇ ਹਨ। ਬਹੁਤ ਸਾਰੇ ਲੋਕ ਆਪਣੇ ਜ਼ੱਦੀ ਸ਼ਹਿਰ ਜਾਂ ਪਿੰਡ ਮੁੜਨਾ ਨਹੀਂ ਚਾਹੁੰਦੇ। ਬਹੁਤਾ ਕਰਕੇ ਲੋਕ ਸੇਵਾ-ਮੁਕਤ ਹੋਣ ਤੋਂ ਬਾਅਦ ਆਪਣੇ ਪਿੰਡਾਂ, ਸ਼ਹਿਰਾਂ ਜਾਂ ਵਿਦੇਸ਼ਾਂ ਦੀ ਥਾਂ ਆਪਣੇ ਸ਼ਹਿਰ ਨੂੰ ਪ੍ਰਮੁੱਖਤਾ ਦਿੰਦੇ ਹਨ।

ਇਹੀ ਹਾਲ ਵਿਦਿਆਰਥੀ ਵਰਗ ਦਾ ਹੁੰਦਾ ਹੈ। ਜਦੋਂ ਉਹ ਉਚੇਰੀ ਪੜ੍ਹਾਈ ਲਈ ਵੱਡੇ ਮੈਟਰੋ ਸ਼ਹਿਰਾਂ ਵਿਚ ਆਉਂਦੇ ਹਨ। ਪੜ੍ਹਾਈ ਮਗਰੋਂ ਇਥੇ ਹੀ ਵੱਡੀਆਂ ਕੰਪਨੀਆਂ ਵਿਚ ਨੌਕਰੀ ਹਾਸਿਲ ਕਰਨ ਲਈ ਜੱਦੋ-ਜਹਿਦ ਕਰਦੇ ਹਨ। ਨੌਕਰੀ ਮਿਲ ਜਾਣ 'ਤੇ ਫਿਰ ਆਪਣੇ ਸ਼ਹਿਰਾਂ ਵਿਚ ਵਾਪਸ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਫਿਰ ਉਥੇ ਹੀ ਵਿਆਹ, ਪਰਿਵਾਰ ਤੇ ਗ੍ਰਹਿਸਥੀ ਬਣ ਜਾਂਦੀ ਹੈ। ਇਉਂ ਸਿੱਧੀ ਜਿਹੀ ਗੱਲ ਹੈ ਕਿ ਕਿਸੇ ਵੀ ਪਿੰਡ, ਕਸਬੇ, ਛੋਟੇ ਸ਼ਹਿਰ ਤੋਂ ਜਦੋਂ ਕੋਈ ਇਕ ਬੰਦਾ ਨੌਕਰੀ, ਕਾਮਕਾਜ, ਰੁਜ਼ਗਾਰ ਜਾਂ ਪੜ੍ਹਾਈ ਦੇ ਸਿਲਸਿਲੇ ਵਿਚ ਕਿਸੇ ਮਹਾਂਨਗਰ ਵੱਲ ਜਾਂਦਾ ਹੈ ਤਾਂ ਸਮਝੋ ਉਹ ਆਪਣੇ ਪਰਿਵਾਰ, ਆਪਣੇ ਮਿੱਤਰਾਂ, ਆਪਣੀ ਬਿਰਾਦਰੀ ਲਈ ਉਸ ਮੈਟਰੋ ਸ਼ਹਿਰ ਵਿਚ ਆਉਣ ਦਾ ਰਾਹ ਖੋਲ੍ਹਦਾ ਹੈ। ਪਹਿਲੇ ਆਏ ਬੰਦੇ ਦੀ ਕਾਮਯਾਬੀ ਤੇ ਸਥਾਪਤੀ ਉਸ ਦੇ ਆਪਣੇ ਕੁਨਬੇ ਦੇ ਲੋਕਾਂ ਤੇ ਪਿੰਡ-ਬਿਰਾਦਰੀ ਆਦਿ ਲਈ ਉਦਾਹਰਣ ਬਣ, ਦੂਜੇ ਲੋਕਾਂ ਨੂੰ ਵੀ ਇਥੇ ਆਉਣ ਲਈ ਪ੍ਰੇਰਿਤ ਕਰਦੀ ਹੈ। ਇੰਜ ਹੀ ਲੋਕਾਂ ਦਾ ਵਾਧਾ ਹੁੰਦਾ ਜਾਂਦਾ ਹੈ, ਜੋ ਸਿਲਸਿਲਾ ਮੁੱਕਣ ਨਹੀਂ ਦਿੰਦਾ।

ਰੁਜ਼ਗਾਰ, ਕੰਮਕਾਰ ਦੇ ਨਵੇਂ-ਨਵੇਂ ਰਾਹ, ਮੌਕੇ, ਵੱਡੀਆਂ ਕੰਪਨੀਆਂ, ਬਹੁ-ਰਾਸ਼ਟਰੀ ਕੰਪਨੀਆਂ ਦੀ ਆਮਦ ਵੱਡੇ-ਵੱਡੇ ਸ਼ਹਿਰਾਂ ਨੂੰ ਹੋਰ ਵੱਡਾ ਤੇ ਵਿਸਤਾਰਿਤ ਕਰਦੀ ਹੈ। ਹਜੂਮ ਦਾ ਹਜੂਮ ਰੋਜ਼ ਵੱਡੇ-ਵੱਡੇ ਸ਼ਹਿਰਾਂ ਵੱਲ ਜਾਂਦਾ ਹੈ। ਦਿੱਲੀ ਮੈਟਰੋ, ਬੱਸਾਂ, ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਕਾਰਨ ਲੋਕ 80 ਜਾਂ 100 ਕਿਲੋਮੀਟਰ ਤਕ ਆਮ ਹੀ ਆਉਣ-ਜਾਣ ਲੱਗ ਪਏ ਹਨ।

ਇਸ ਵਿਚ ਸ਼ੱਕ ਨਹੀਂ ਕਿ ਜਿਹੜੇ ਵੀ ਲੋਕ ਵੱਡੇ-ਵੱਡੇ ਸ਼ਹਿਰਾਂ ਦੇ ਆਕਰਸ਼ਣ ਵਿਚ ਬੱਝੇ ਇਧਰ ਜਿਸ ਵੀ ਇਰਾਦੇ ਨਾਲ ਇਥੇ ਆਉਂਦੇ

ਹਨ, ਉਹ ਆਪਣੀ ਕਾਬਲੀਅਤ, ਮਿਹਨਤ, ਸੂਝ-ਬੂਝ ਨਾਲ, ਇਸ ਦੇ ਵਿਸਤਾਰਿਤ ਰੂਪ ਵਿਚ ਆਪਣਾ ਹਿੱਸਾ ਪਾਉਂਦੇ ਹਨ। ਉਨ੍ਹਾਂ ਸਾਰਿਆਂ ਦੇ ਸਰੀਰਕ, ਮਾਨਸਿਕ ਜਤਨਾਂ ਸਦਕਾ ਹੀ ਇਹ ਸੰਭਵ ਹੁੰਦਾ ਹੈ ਕਿ ਮੈਟਰੋ ਸ਼ਹਿਰ ਦਿਨ ਦੂਣੀ ਤਰੱਕੀ ਕਰਕੇ ਮਹਾਂਨਗਰਾਂ ਵਿਚ ਤਬਦੀਲ ਹੋ ਕੇ ਆਪਣੀ ਚਮਕ-ਦਮਕ ਬਣਾਉਣ ਵਿਚ ਕਾਮਯਾਬ ਹੁੰਦੇ ਹਨ। ਪਰ ਹਰ ਚੀਜ਼ ਦੀ ਇਕ ਸੀਮਾ ਹੁੰਦੀ ਹੈ। ਲੱਖਾਂ ਲੋਕਾਂ ਦਾ ਬੋਝ ਸਹਿਣ ਕਰਨਾ ਵੀ ਸੌਖਾ ਨਹੀਂ ਹੁੰਦਾ। ਹਜ਼ਾਰਾਂ-ਲੱਖਾਂ ਦੀ ਗਿਣਤੀ ਵਿਚ ਲੋਕ ਜਦੋਂ ਮਹਾਂਨਗਰ ਵਿਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਵੀ ਪੂਰੀਆਂ ਕਰਨਾ ਮਹਾਂਨਗਰ ਦਾ ਫ਼ਰਜ਼ ਬਣ ਜਾਂਦਾ ਹੈ। ਰੋਟੀ-ਪਾਣੀ, ਹਵਾ, ਘਰ ਇਹ ਕੁਝ ਅਜਿਹੀਆਂ ਜ਼ਰੂਰਤਾਂ ਹਨ ਜਿਨ੍ਹਾਂ ਬਿਨਾਂ ਗੁਜ਼ਾਰਾ ਸੰਭਵ ਹੀ ਨਹੀਂ। ਜਿਹੜਾ ਸ਼ਹਿਰ ਜਿਸ ਦੀ ਆਬਾਦੀ ਕਦੇ ਚਾਰ ਲੱਖ ਹੁੰਦੀ ਸੀ, ਜੇ ਉਸ ਦੀ ਆਬਾਦੀ ਵਧ ਕੇ ਵੀਹ ਲੱਖ ਹੋ ਜਾਏ ਤਾਂ ਤੁਸੀਂ ਆਪ ਹੀ ਸੋਚੋ ਉਸ ਆਬਾਦੀ ਦੀਆਂ ਜ਼ਰੂਰਤਾਂ ਉਹ ਸ਼ਹਿਰ ਕਿਵੇਂ ਪੂਰੀਆਂ ਕਰ ਸਕੇਗਾ? ਅੱਜ ਸਿਰਫ਼ ਦਿੱਲੀ ਦੀ ਆਬਾਦੀ ਇਕ ਕਰੋੜ ਤੋਂ ਉਪਰ ਹੈ। ਸਭ ਲਈ ਬਿਜਲੀ, ਪਾਣੀ, ਰੋਟੀ, ਮਕਾਨ, ਸਿਹਤ ਸੇਵਾਵਾਂ ਦੀ ਪੂਰਤੀ ਕਰਨਾ ਜ਼ਰੂਰੀ ਹੁੰਦਾ ਹੈ।

ਇਨ੍ਹਾਂ ਸੇਵਾਵਾਂ ਦੀ ਪੂਰਤੀ ਲਈ ਹੀ ਮਕਾਨ ਛੋਟੇ ਹੋ ਕੇ ਉੱਚੀਆਂ-ਉੱਚੀਆਂ ਇਮਾਰਤਾਂ ਵਿਚ ਤਬਦੀਲ ਹੁੰਦੇ ਜਾਦੇ ਹਨ। ਜ਼ਮੀਨ ਦੇ ਭਾਅ ਅਸਮਾਨ ਛੋਹ ਰਹੇ ਹਨ। ਪਾਣੀ ਦੀ ਮੁਸ਼ਕਿਲ ਨਵੀਂ ਨਹੀਂ ਹੈ। ਬਿਜਲੀ ਦੀ ਸਮੱਸਿਆ ਸਭ ਦੇ ਸਾਹਮਣੇ ਹੈ।

ਸਰਕਾਰ ਦਿਨੋਂ-ਦਿਨ ਫਲਾਈਓਵਰ ਤੇ ਪੁਲਾਂ ਦਾ ਨਿਰਮਾਣ ਕਰ ਰਹੀ ਹੈ। ਸੜਕਾਂ ਨੂੰ ਹੋਰ ਚੌੜਾ ਕੀਤਾ ਜਾ ਰਿਹਾ ਹੈ। ਪਰ ਇਨ੍ਹਾਂ ਦੇ ਨਾਲ-ਨਾਲ ਲੋਕਾਂ ਦੀ ਆਮਦ ਵਿਚ ਤੇਜ਼ ਗਤੀ ਨਾਲ ਵਾਧਾ ਹੋ ਰਿਹਾ ਹੈ। ਹਵਾ ਵਿਚ ਪ੍ਰਦੂਸ਼ਣ ਵੱਧਦਾ ਜਾ ਰਿਹਾ ਹੈ। ਟਰੈਫ਼ਿਕ ਕਾਰਨ ਇਹ ਪ੍ਰਦੂਸ਼ਣ ਰੋਜ਼ ਹਜ਼ਾਰਾਂ ਲੋਕਾਂ ਦੇ ਸਾਹ ਰਾਹੀਂ ਉਨ੍ਹਾਂ ਦੇ ਅੰਦਰ ਜਾ ਰਿਹਾ ਹੈ, ਜਿਸ ਕਾਰਨ ਅੱਖਾਂ ਵਿਚ ਜਲਣ, ਖਾਂਸੀ ਤੇ ਸਾਹ ਦੀ ਤਕਲੀਫ਼ ਵਧਦੀ ਜਾ ਰਹੀ ਹੈ ਤੇ ਹਸਪਤਾਲ ਵੀ ਵਧਦੇ ਜਾ ਰਹੇ ਹਨ। ਸੜਕਾਂ ਨੂੰ ਚੌੜਾ ਕਰਨ ਖਾਤਿਰ ਜਾਂ ਮਕਾਨ ਬਣਾਉਣ ਲਈ ਰੋਜ਼ ਕਿੰਨੇ ਹੀ ਦਰੱਖ਼ਤਾਂ, ਬੂਟਿਆਂ ਨੂੰ ਜੜ੍ਹੋਂ ਪੁੱਟਿਆ ਜਾਂਦਾ ਹੈ। ਉਸ ਨਾਲ ਵਾਤਾਵਰਨ ਵਿਚ ਨਮੀ ਤੇ ਹਵਾ ਉਤੇ ਮਾੜਾ ਅਸਰ ਪੈ ਰਿਹਾ ਹੈ। ਜਿਸ ਦਾ ਖਾਮਿਆਜ਼ਾ ਅਸੀਂ ਭੁਗਤ ਹੀ ਰਹੇ ਹਾਂ। ਥੋੜ੍ਹੀ ਜਿਹੀ ਬਾਰਿਸ਼ ਹੋਣ ਨਾਲ ਪਾਣੀ ਰੁਕ ਜਾਂਦਾ ਹੈ। ਕਿਉਂਕਿ ਨਾਲੀਆਂ ਦਾ ਪ੍ਰਬੰਧ ਬੇਢੰਗਾ ਤੇ ਬੇਤਰਤੀਬਾ ਹੋ ਚੁਕਾ ਹੈ। ਪਾਣੀ ਦਾ ਨਿਕਾਸ ਠੀਕ ਤਰ੍ਹਾਂ ਹੁੰਦਾ ਨਹੀਂ।

ਇਨ੍ਹਾਂ ਸਮੱਸਿਆਵਾਂ ਤੋਂ ਇਲਾਵਾ ਜੋ ਇਕ ਹੋਰ ਗੱਲ ਹੋ ਰਹੀ ਹੈ, ਉਹ ਹੈ ਅਪਰਾਧਾਂ ਵਿਚ ਵਾਧਾ। ਮਹਾਂਨਗਰਾਂ ਵਿਚ ਰੋਜ਼ਾਨਾ ਠੱਗੀ, ਲੁੱਟ ਤੇ ਬਲਾਤਕਾਰਾਂ ਦੇ ਮਾਮਲੇ ਵਧ ਰਹੇ ਹਨ। ਕੁਝ ਸਾਲ ਪਹਿਲਾਂ ਤਕ ਤਾਂ ਦਿੱਲੀ ਇਹੋ ਜਿਹੀ ਨਹੀਂ ਸੀ ਕਿ ਇਥੇ ਕੁੜੀ ਜਾਂ ਔਰਤ ਬਾਹਰ ਜਾਂਦੇ ਹੋਏ ਵੀ ਡਰੇ। ਜਦੋਂ ਮੈਂ ਕਾਲਜ-ਯੂਨੀਵਰਸਿਟੀ ਵਿਚ ਪੜ੍ਹਦੀ ਸੀ, ਉਦੋਂ ਬੱਸਾਂ ਦੀ ਸਥਿਤੀ ਐਨੀ ਵਧੀਆ ਨਹੀਂ ਸੀ। ਬੱਸ ਲਈ ਲੰਮਾ ਇੰਤਜ਼ਾਰ ਕਰਨਾ ਪੈਂਦਾ ਸੀ। ਸ਼ਾਮ ਨੂੰ ਘਰ ਪਹੁੰਚਣ 'ਤੇ ਵੀ ਮਾਂ-ਬਾਪ ਜਾਂ ਖੁਦ ਮੈਨੂੰ ਕਦੇ ਡਰ ਨਹੀਂ ਲੱਗਾ ਸੀ। ਬੜੇ ਮਜ਼ੇ ਨਾਲ ਸਹੇਲੀਆਂ ਨਾਲ ਜਾਂ ਇਕੱਲਿਆਂ ਵੀ ਕਾਲਜ ਤੇ ਯੂਨੀਵਰਸਿਟੀ ਸਵੇਰ-ਸ਼ਾਮ ਆਉਂਦੇ-ਜਾਂਦੇ ਸੀ।

ਇਨ੍ਹਾਂ ਅਪਰਾਧਾਂ ਦੇ ਵਾਧੇ ਪਿੱਛੇ ਇਹ ਕਾਰਨ ਹੈ ਕਿ ਮਹਾਂਨਗਰਾਂ ਦੀ ਚਮਕ-ਦਮਕ ਤੇ ਗਲੈਮਰ ਸਾਧਾਰਨ ਬੰਦੇ ਨੂੰ ਬੇਹੱਦ ਆਕਰਸ਼ਿਤ ਕਰਦਾ ਹੈ। ਉਹ ਵੀ ਜ਼ਿੰਦਗੀ ਵਿਚ 'ਫਨ' ਹਾਸਿਲ ਕਰਨ ਦੇ ਇਰਾਦੇ ਨਾਲ ਬਲਾਤਕਾਰ ਤੇ ਰਾਹਜ਼ਨੀ ਨੂੰ ਵਧੇਰੇ ਅਪਣਾ ਲੈਂਦਾ ਹੈ। ਮਹਾਂਨਗਰਾਂ ਵਿਚ ਲੱਖਾਂ ਦੀ ਤਾਦਾਦ ਵਿਚ ਲੋਕ ਰੋਜ਼ ਆਉਂਦੇ-ਜਾਂਦੇ ਹਨ। ਕੀ ਪਤਾ ਲਗਦਾ ਹੈ, ਕਿਸ ਨੇ ਕਿਹੜਾ ਕਾਰਾ ਕਦੋਂ ਕੀਤਾ? ਭਾਂਤ-ਭਾਂਤ ਦੀ ਮਾਨਸਿਕਤਾ ਵਾਲੇ ਲੋਕ, ਥੁੜੇ-ਟੁਟੇ ਜਾਂ ਵਾਧੂ ਰੱਜੇ ਲੋਕ ਇਨ੍ਹਾਂ ਅਪਰਾਧਾਂ ਵਿਚ ਜ਼ਿਆਦਾ ਲਿਪਤ ਹੁੰਦੇ ਹਨ। ਹਰ ਕਿਸੇ ਵਿਚ ਅੱਗੇ ਵਧਣ, ਵਧੇਰਾ ਹਾਸਲ ਕਰਨ ਦੀ ਚਾਹ ਜ਼ੋਰ ਮਾਰਦੀ ਹੈ। ਜਿਸ ਦੇ ਤਹਿਤ ਚੋਰੀ, ਡਕੈਤੀ, ਠੱਗੀ ਤੇ ਰਾਜਜ਼ਨੀ ਦੇ ਮਾਮਲੇ ਵਧਦੇ ਜਾ ਰਹੇ ਹਨ। ਇਨ੍ਹਾਂ ਅਪਰਾਧਾਂ ਕਾਰਨ ਜੇਲ੍ਹ, ਹਵਾਲਾਤ ਭਰੇ ਹੋਏ ਹਨ। ਅਸੰਤੁਲਨ ਹਰ ਪਾਸੇ, ਹਰ ਖੇਤਰ ਵਿਚ ਵਧਦਾ ਜਾ ਰਿਹਾ ਹੈ ਤੇ ਸਮੱਸਿਆਵਾਂ ਦਿਨੋਂ-ਦਿਨ ਗੰਭੀਰ ਸ਼ਕਲ ਅਖ਼ਤਿਆਰ ਕਰਦੀਆਂ ਜਾ ਰਹੀਆਂ ਹਨ।

*ਸਮੱਸਿਆ ਕੋਈ ਵੀ ਹੋਵੇ, ਉਸ ਦਾ ਹੱਲ ਸੰਭਵ ਹੈ। ਮਹਾਂਨਗਰਾਂ ਦੇ ਫੈਲਾਅ ਦੀਆਂ ਸਮੱਸਿਆਵਾਂ ਤੋਂ ਬਚਣ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਹੀ ਰਾਜਾਂ ਵਿਚ ਇਨ੍ਹਾਂ ਸਹੂਲਤਾਂ ਨੂੰ ਵਧਾਉਣ। ਉਥੇ ਸ਼ਹਿਰਾਂ ਦਾ ਵਿਕਾਸ ਕੀਤਾ ਜਾਵੇ ਤਾਂ ਕਿ ਛੋਟੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਦੇ ਲੋਕ ਹਰ ਵੇਲੇ ਵੱਡੇ ਸ਼ਹਿਰਾਂ, ਮਹਾਂਨਗਰਾਂ ਵੱਲ ਚਾਲੇ ਨਾ ਪਾਈ ਰੱਖਣ। ਦੂਜੇ ਸ਼ਹਿਰਾਂ ਵਿਚ ਬੁਨਿਆਦੀ ਸਹੂਲਤਾਂ, ਸਿਹਤ ਸੰਬੰਧੀ ਸੇਵਾਵਾਂ, ਵਧੀਆ ਕਾਲਜ ਤੇ ਸੰਸਥਾਨ ਖੋਲ੍ਹੇ ਜਾਣ ਤਾਂ ਕਿ ਉਥੇ ਹੀ ਉਚੇਰੀ ਪੜ੍ਹਾਈ ਹਾਸਲਿ ਕੀਤੀ ਜਾ ਸਕੇ ਤੇ ਉਥੇ ਵਿਕਾਸ ਲਈ ਰਚਨਾਤਮਕ ਯੋਗਦਾਨ ਦਿਤਾ ਜਾ ਸਕੇ। ਜਿਵੇਂ ਹੁਣ ਸਾਡੇ ਦੇਸ਼ ਵਿਚ ਉੱਚ ਵਿੱਦਿਆ ਪ੍ਰਾਪਤੀ ਵਾਲਿਆਂ ਨੂੰ ਵਧੀਆ ਨੌਕਰੀਆਂ, ਉੱਚੇ ਪੈਕੇਜ ਮਿਲ ਰਹੇ ਹਨ ਤਾਂ ਉਹ ਵਿਦੇਸ਼ਾਂ ਵੱਲ ਜਾਣ ਬਾਰੇ ਘੱਟ ਸੋਚਣ ਲੱਗ ਪਏ ਹਨ। ਜਦੋਂ ਕੰਮਕਾਜ ਤੇ ਰੁਜ਼ਗਾਰ ਦੇ ਅਵਸਰ ਆਪਣੇ ਰਾਜਾਂ ਤੇ ਸ਼ਹਿਰਾਂ ਵਿਚ ਮਿਲਣ ਲੱਗਣ ਤਾਂ ਲੋਕ ਵੱਡੇ ਸ਼ਹਿਰਾਂ ਵੱਲ ਮੂੰਹ ਚੁੱਕ ਕੇ ਕਿਉਂ ਦੇਖਣਗੇ।*

ਹਰ ਗੱਲ, ਹਰ ਚੀਜ਼ ਤੇ ਹਰ ਸਥਿਤੀ ਉਦੋਂ ਹੀ ਸਮੱਸਿਆ ਬਣਦੀ ਹੈ ਜਦੋਂ ਉਹ ਅਸੰਤੁਲਿਤ ਹੋ ਜਾਂਦੀ ਹੈ। ਮਹਾਂਨਗਰ ਦੀ ਚਮਕ-ਦਮਕ ਉਦੋਂ ਹੀ ਆਕਰਸ਼ਿਤ ਕਰਦੀ ਹੈ, ਜਦੋਂ ਆਪਣੇ ਸ਼ਹਿਰਾਂ ਵਿਚ ਉਸ ਦਾ ਅਭਾਵ ਨਜ਼ਰ ਆਉਂਦਾ ਹੈ। ਇਹ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਹੋਰ ਸ਼ਹਿਰਾਂ, ਕਸਬਿਆਂ ਵਿਚ ਇਹੋ ਜਿਹੇ ਅਵਸਰ ਪੈਦਾ ਕਰਨ ਤਾਂ ਕਿ ਵੱਡੇ ਸ਼ਹਿਰਾਂ ਵੱਲ ਪਲਾਇਨ ਘੱਟ ਸਕੇ। ਹਾਂ, ਕਦੇ-ਕਦੇ ਕਿਸੇ ਮਹਾਂਨਗਰ ਦੀ ਸੈਰ ਕਰਨਾ ਮਾੜਾ ਨਹੀਂ। ਪਰ ਜੇ ਸਦਾ ਲਈ ਇਸ ਦਾ ਹਿੱਸਾ ਬਣਨਾ ਚਾਹੁੰਦੇ ਹੋ ਤਾਂ ਫਿਰ ਮਹਾਂਨਗਰਾਂ ਦੀ ਚਮਕ-ਦਮਕ ਦੇ ਨਾਲ-ਨਾਲ ਨਿਯੰਤ੍ਰਿਤ ਭੀੜ, ਆਵਾਜਾਈ, ਬਿਜਲੀ-ਪਾਣੀ ਦਾ ਸੰਕਟ, ਪ੍ਰਦੂਸ਼ਿਤ ਹਵਾ ਦਾ ਵੀ ਹਿੱਸਾ ਬਣਨਾ ਪਵੇਗਾ।

*(ਲੇਖਿਕਾ ਸੁਤੰਤਰ ਪੱਤਰਕਾਰ ਹੈ।)*

# ਗੰਗਾ ਦਰਿਆ 'ਚ ਵਾਤਾਵਰਨਿਕ ਪਾਣੀ ਦਾ ਵਹਾਅ ਯਕੀਨੀ ਬਣਾਉਣਾ

ਐੱਚ.ਐੱਸ ਸੇਨ, ਦਿਪਾਂਕਰ ਘੋਰਾਇ

***"ਸਾਂਝੇ ਤੱਟ ਵਾਲੇ ਗੁਆਂਢੀਆਂ ਵਿਚ ਸਹਿਯੋਗ ਦੀ ਭਾਵਨਾ ਕਿਤੇ ਵੀ ਇੰਨੀ ਨਾਜ਼ੁਕ ਨਹੀਂ ਜਿੰਨੀ ਦੱਖਣੀ ਏਸ਼ੀਆ ਦੀ ਗੰਗਾ-ਬ੍ਰਹਮਪੁੱਤਰ ਘਾਟੀ ਵਿਚ ਹੈ। ਕਿਤੇ ਵੀ ਸਹਿਯੋਗ ਦੇ ਫ਼ਾਇਦੇ ਇਸ ਵਿਚ ਸ਼ਾਮਿਲ ਦੇਸ਼ਾਂ ਲਈ ਇੰਨੇ ਸ਼ਾਨਦਾਰ ਨਹੀਂ ਹਨ ਅਤੇ ਸਹਿਯੋਗ ਨਾ ਕਰਨ ਲਈ ਜੁਰਮਾਨਾ ਕਿਤੇ ਵੀ ਇੰਨਾ ਭਿਆਨਕ ਨਹੀਂ।" ਜਗਨ ਮਹਿਤਾ***


ਭਾਰਤ ਅਤੇ ਬੰਗਲਾਦੇਸ਼ ਵਿਚਾਲੇ ਵਹਿੰਦੇ ਹੁਗਲੀ-ਭਾਗੀਰਥੀ ਅਤੇ ਗੰਗਾ/ਪਦਮਾ-ਬ੍ਰਹਮਪੁੱਤਰ ਦਰਿਆਵਾਂ ਦੇ ਹੇਠਲੇ ਮੁਹਾਨਿਆਂ ਵਿਚ ਤੇਜ਼ੀ ਨਾਲ ਵਾਤਾਵਰਨਿਕ ਵਹਾਅ ਵਿਚ ਗਿਰਾਵਟ ਆ ਰਹੀ ਹੈ। ਉਪ ਮਹਾਂਦੀਪ ਦੇ ਡੈਲਟਾ ਖੇਤਰ ਵਿਚ ਸਥਾਈ ਵਾਤਾਵਰਨ ਯਕੀਨੀ ਬਣਾਉਣ ਲਈ ਅੰਤਰਝਾਤ ਮਾਰਨ ਤੇ ਢੁੱਕਵੇਂ ਕਾਰਜ ਦੀ ਲੋੜ ਹੈ ਤਾਂ ਜੋ ਦਰਿਆਈ ਪ੍ਰਨਾਲੀ ਦੇ ਵਾਤਾਵਰਨ ਵਹਾਅ ਨੂੰ ਮੁੜ ਜੀਵਤ ਕੀਤਾ ਜਾ ਸਕੇ। ਗੰਗਾ ਨੂੰ ਮੁੜ ਜੀਵਤ ਕਰਨ ਲਈ ਢੁੱਕਵੀ ਦਖ਼ਲਅੰਦਾਜ਼ੀ ਦੀ ਲੋੜ ਹੈ ਤਾਂ ਜੋ ਵਾਤਾਵਰਨਿਕ ਵਹਾਅ ਦੇ ਸਭ ਤੋਂ ਅਹਿਮ ਅੰਗ, ਜਲ-ਵਿਗਿਆਨ ਦੇ ਮਾੜੇ ਰੁਝਾਨ ਨੂੰ ਠੱਲ੍ਹ ਪਾਈ ਜਾ ਸਕੇ ਅਤੇ ਨਿਸਚਿਤ ਸਮੇਂ ਵਿਚ ਇਸ ਨੂੰ ਸਥਾਈ ਵਾਤਾਵਰਨ ਵੱਲ ਮੋੜਿਆ ਜਾ ਸਕੇ ਜਿਸ ਸਦਕਾ ਆਜੀਵਕਾ ਵਿਚ ਸੁਧਾਰ ਹੋ ਸਕੇ (ਸੇਨ, 2010, ਸੇਨ, 2012)। ਵਾਤਾਵਰਨਿਕ ਵਹਾਅ ਦੇ ਦੂਸਰੇ ਮਹੱਤਵਪੂਰਨ ਅੰਗ ਸਮਾਜਿਕ, ਸਭਿਆਚਾਰਕ, ਭੂਗੋਲਿਕ, ਪ੍ਰਕਿਰਤਿਕ, ਪਾਣੀ ਦੀ ਗੁਣਵੱਤਾ ਅਤੇ ਜੈਵਿਕ ਭਿੰਨਤਾ ਹੋ ਸਕਦੇ ਹਨ (ਕੌਸ਼ਲ, 2014), ਇਹ ਨਿਰਭਰ ਕਰਦਾ ਹੈ ਕਿ ਕਿਸੇ ਦਰਿਆ ਨੂੰ ਖੇਤਰ ਵਿਚ ਇਸ ਦੇ ਫ਼ਾਇਦਿਆਂ ਲਈ ਕਿਸ ਤਰ੍ਹਾਂ ਵੇਖਿਆ ਜਾਂਦਾ ਹੈ, ਜੋ ਰਲ ਕੇ ਸੰਗਠਿਤ ਜਲ ਸਰੋਤ ਵਿਕਾਸ ਅਤੇ ਪ੍ਰਬੰਧਨ ਨੂੰ ਜਨਮ ਦਿੰਦੇ ਹਨ ਜਿਸ ਦੀ ਕਲਪਨਾ ਭਾਰਤ ਸਰਕਾਰ ਦੇ ਕੇਂਦਰੀ ਜਲ ਆਯੋਗ (ਸੀ ਡਬਲਯੂ ਸੀ, 2008) ਵਲੋਂ ਵਾਤਾਵਰਨਿਕ ਵਹਾਅ ਮੁੱਖ ਤੌਰ ਤੇ ਪਣ-ਬਿਜਲੀ ਵਿਕਾਸ ਅਤੇ ਸਿੰਜਾਈ ਯੋਜਨਾਵਾਂ ਦੇ ਕਾਰਕਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਪਾਣੀ ਵਰਤਣ ਦੀ ਮਾਤਰਾ ਨਿਰਧਾਰਨ ਕਰਨ ਵਾਲੇ ਨਿਯਮ, ਜੋ ਵਹਾਅ ਦੀ ਦਰ ਅਨੁਸਾਰ ਹੁੰਦੇ ਹਨ, ਦਾ ਨਿਰਧਾਰਨ ਹਾਲੇ ਤਕ ਮਨ-ਮਾਨੇ ਤਰੀਕੇ ਨਾਲ ਕੀਤਾ ਜਾਂਦਾ ਹੈ ਜੋ ਯੋਜਨਾਬੰਦੀ ਦੌਰਾਨ ਫ਼ੈਸਲੇ ਲਏ ਜਾਂਦੇ ਹਨ ਜਿਸ ਵਿਚ ਪੈਣ ਵਾਲੇ ਪ੍ਰਭਾਵਾਂ ਦੀ ਸਮੀਖਿਆ ਦਾ ਕੋਈ ਪ੍ਰਾਵਧਾਨ ਨਹੀਂ ਹੁੰਦਾ, ਭਾਵੇਂ ਕਿ ਹਾਲ ਹੀ ਵਿਚ ਅਜਿਹੀ ਸਮੀਖਿਆ ਲਈ ਯਤਨ ਕੀਤੇ ਗਏ ਹਨ, ਜਿਨ੍ਹਾਂ ਵਿਚ ਵਰਨਣ ਯੋਗ ਡਬਲਯੂ ਡਬਲਯੂ ਡਬਲਯੂ ਐੱਫ (ਕੌਸ਼ਲ, 2014) ਜੋ ਦਰਿਆ ਦੇ ਸਾਰੇ ਰਸਤੇ 'ਤੇ ਕੀਤਾ ਗਿਆ ਹੈ। ਗੰਗਾ ਦੇ ਲਾਭ ਦਾ ਵਿਸਥਾਰਪੂਰਵਕ ਵਰਨਣ ਕੀਤਾ ਜਾ ਚੁੱਕਾ ਹੈ ਜਿਸ ਵਿਚ ਗੰਗਾ ਨੂੰ ਦੁਨੀਆਂ ਦੇ ਸਭ ਤੋਂ ਉੱਚ ਦਰਜੇ ਵਿਚ ਰੱਖਿਆ ਗਿਆ ਹੈ। ਜਿਹੜੇ ਜ਼ਿਆਦਾ ਪਾਣੀ ਵਰਤਣ ਅਤੇ ਪਾਣੀ ਦੇ ਪ੍ਰਦੂਸ਼ਨ ਕਰਕੇ ਖ਼ਤਰੇ ਵਿਚ ਹਨ (ਸੰਘੀ ਅਤੇ ਕੌਸ਼ਲ, 2014)। ਇਸ ਸੰਬੰਧ ਵਿਚ ਡਬਲਯੂ ਡਬਲਯੂ ਐੱਫ – ਇੰਟਰਨੈਸ਼ਨਲ, ਹਾਲੈਂਡ, ਸਵਿਟਜ਼ਰਲੈਂਡ ਦੇ ਅੰਕੜਿਆਂ ਦਾ ਹਵਾਲਾ ਦਿਤਾ ਗਿਆ ਹੈ। ਪੱਛਮੀ ਬੰਗਾਲ ਦੇ ਫਰੱਕਾ ਬੰਨ੍ਹ 'ਤੇ ਪੁੱਜਣ ਤੋਂ ਪਹਿਲਾਂ ਵੱਖ-ਵੱਖ ਰਾਜਾਂ ਥਾਣੀ ਗੁਜ਼ਰਨ ਵਾਲੇ ਦਰਿਆਈ ਪਾਣੀ ਨੂੰ ਭਾਰਤ ਵਲੋਂ ਇਕੱਲੇ ਤੌਰ ਤੇ ਵਰਤਣ ਦੀ ਭੂਮਿਕਾ, ਜਨਤਕ ਅਤੇ ਨਿੱਜੀ ਖੇਤਰਾਂ ਵਲੋਂ ਦੱਖਣੀ ਬੰਗਾਲ (ਭਾਰਤ) ਅਤੇ ਬੰਗਲਾਦੇਸ਼ ਵਿਚ ਤਥਾਕਥਿਤ ਗਲਤੀਆਂ ਦਾ ਪ੍ਰਭਾਵ ਇਸ ਖੋਜ ਲਈ ਅਹਿਮ ਹੈ, ਜੋ ਇਸ ਪਰਚੇ ਦਾ ਬਿੰਦੂ ਹੈ। ਇਹ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਆਪਸੀ ਸਮਝੌਤੇ ਤਹਿਤ, ਇਕ ਸਮੁੱਚੀ ਯੋਜਨਾ ਦੀ ਜ਼ਰੂਰਤ ਨੂੰ ਉਭਾਰਦਾ ਹੈ।




## ਫਰੱਕਾ ਬੰਨ੍ਹ ਤੇ ਭਾਰਤ-ਬੰਗਲਾਦੇਸ਼ ਸੰਧੀ

ਗੰਗਾ ਤੇ ਫਰੱਕਾ ਬੰਨ੍ਹ ਦੀ ਉਸਾਰੀ ਅਤੇ ਭਾਗੀਰਥੀ ਵੱਲ ਪਾਣੀ ਮੋੜਨ ਦਾ ਸੁਝਾਅ 1853 ਵਿਚ ਪਹਿਲਾਂ ਸਰ ਆਰਥਰ ਕਾਟਨ ਵਲੋਂ ਦਿਤਾ ਗਿਆ ਸੀ, ਜਿਸ ਨੂੰ ਪੱਛਮੀ ਬੰਗਾਲ ਵਿਚ ਫਰੱਕਾ ਦੇ ਨਾਮ 'ਤੇ ਰੱਖਿਆ ਗਿਆ ਜੋ ਦਰਿਆ ਦੇ ਹੁਗਲੀ-ਭਾਗੀਰਥੀ ਵਿਚ ਮਿਲਣ ਤੋਂ 17 ਕਿਲੋਮੀਟਰ ਦਰਿਆ ਦੇ ਉਤਲੇ ਪਾਸੇ ਸਥਿਤ ਹੈ ਜੋ ਭਾਰਤ ਵਿਚ ਵੀ ਵਗਦਾ ਹੈ ਅਤੇ ਪਦਮਾ-

ਚਿੱਤਰ-1: ਗੰਗਾ, ਇਸ ਦੀਆਂ ਸਹਾਇਕ ਨਦੀਆਂ ਅਤੇ ਜਲ ਪ੍ਰਬੰਧਨ ਢਾਂਚਿਆਂ ਦਾ ਰੇਖਾ-ਚਿੱਤਰ




ਸਰੋਤ: ਰਾਸ਼ਟਰੀ ਦਰਿਆਈ ਸਾਂਭ-ਸੰਭਾਲ ਨਿਰਦੇਸ਼ਾਲਾ (2009), ਮੁਫ਼ਤ ਪਹੁੰਚ ਦੀ ਆਗਿਆ ਹੈ।

ਬ੍ਰਹਮਪੁੱਤਰ-ਘੇਮਨਾ ਅਤੇ ਇਨ੍ਹਾਂ ਦੀਆਂ ਸਹਾਇਕ ਨਦੀਆਂ ਜੋ ਬੰਗਲਾਦੇਸ਼ ਵਿਚ ਵੀ ਵਗਦੀਆਂ ਹਨ – ਇਹ ਸਾਰੇ ਦਰਿਆ ਅਤੇ ਨਦੀਆਂ ਆਖ਼ਰ ਨੂੰ ਬੰਗਾਲ ਦੀ ਖਾੜੀ ਵਿਚ ਜਾ ਕੇ ਸਮਾ ਜਾਂਦੇ ਹਨ। ਜਲ-ਵਿਗਿਆਨ ਦਾ ਅਨੁਮਾਨ ਜੋ ਬੰਨ੍ਹ ਦੇ ਹੱਕ ਵਿਚ ਲਗਾਇਆ ਗਿਆ ਸੀ, ਅਖੀਰ ਗਾਰ ਕੱਢਣ ਜਾਂ ਕੋਲਕਾਤਾ ਬੰਦਰਗਾਹ ਲਈ ਜਹਾਜ਼ਰਾਨੀ ਦੀ ਸੰਭਾਵਨਾ ਦੇ ਪੱਖ ਤੋਂ ਨਾਕਾਫ਼ੀ ਸਾਬਿਤ ਹੋਇਆ। ਇਹੀ ਹਾਲ ਖੁਸ਼ਕ ਮੌਸਮ ਦੌਰਾਨ ਦੋਹਾਂ ਦੇਸ਼ਾਂ ਦੇ ਆਪਸੀ ਫ਼ਾਇਦੇ ਲਈ ਪਾਣੀ ਦੀ ਸਾਂਝੀ ਵਰਤੋਂ ਦਾ ਹੋਇਆ, ਜਿਸ ਮਕਸਦ ਲਈ ਇਸ ਦਾ ਸੁਪਨਾ ਵੇਖਿਆ ਗਿਆ ਸੀ।

1971 ਵਿਚ ਬੰਗਲਾਦੇਸ਼ ਦੀ ਆਜ਼ਾਦੀ ਦੇ ਇਕਦਮ ਬਾਅਦ, ਪਦਮਾ-ਬ੍ਰਹਮਪੁੱਤਰ-ਮੇਘਨਾ ਦਰਿਆਈ ਪ੍ਰਣਾਲੀ ਵਿਚ ਘੱਟ ਹੋਏ ਪਾਣੀ ਦੇ ਵਹਾਅ ਦੀ ਸਮੱਸਿਆ ਨੂੰ ਵੇਖਦਿਆਂ ਹੋਇਆਂ, ਦੋਹਾਂ ਦੇਸ਼ਾਂ ਵਿਚਾਲੇ ਕੁਝ ਥੋੜ੍ਹੀ ਮਿਆਦ ਦੇ ਸਮਝੌਤੇ ਕੀਤੇ ਗਏ। ਪਹਿਲਾਂ 1974 ਵਿਚ ਤਿੰਨ ਸਾਲਾਂ ਲਈ ਕੀਤਾ ਗਿਆ, ਫਿਰ 1977 ਅਤੇ ਅੱਸੀਵਿਆਂ ਵਿਚ ਦੋ ਹੋਰ ਸਮਝੌਤੇ ਕੀਤੇ ਗਏ, ਜੋ ਸਾਰੇ ਹੀ ਸਿਰੇ ਨਾ ਚੜ੍ਹ ਸਕੇ। ਗੰਗਾ ਦੇ ਪਾਣੀ ਦੀ ਵਰਤੋਂ ਬਾਰੇ ਭਾਰਤ-ਬੰਗਲਾਦੇਸ਼ ਸਮਝੌਤਾ (1996), ਜੋ ਹੁਣ 30 ਸਾਲਾਂ ਲਈ ਸਹੀ ਹੈ, ਉਸ ਦਾ ਆਧਾਰ ਬੀਤੇ 4 ਦਹਾਕਿਆਂ (1949-1988) ਦਰਮਿਆਨ ਦਰਿਆ ਦਾ ਔਸਤ ਵਹਾਅ ਸੀ। 1977 ਦੇ ਲੇਖੇ ਤਹਿਤ ਲਿਆਂਦੇ ਗਏ ਵਹਾਅ ਅਤੇ ਫਰੱਕਾ 'ਤੇ ਉਪਲਬਧ ਅਸਲ ਵਹਾਅ ਵਿਚਾਲੇ ਬਹੁਤ ਘੱਟ ਅਨੁਕੂਲਤਾ ਸੀ, ਜਿਸ ਦਾ ਮੁੱਖ ਕਾਰਨ ਦਰਿਆ ਦੇ ਉਪਰਲੇ ਹਿੱਸਿਆਂ ਵਿਚ ਬਣੇ ਪਣ-ਬਿਜਲੀ ਘਰਾਂ ਦੀ ਲੰਮੀ ਸੂਚੀ ਅਤੇ ਬਾਅਦ ਦੇ ਦਹਾਕਿਆਂ ਵਿਚ ਸਿੰਜਾਈ ਯੋਜਨਾਵਾਂ ਕਾਰਨ ਵੱਡੇ ਵੱਧਰ 'ਤੇ, ਨਿਰੰਤਰ ਪਾਣੀ ਨੂੰ ਮੋੜਾ ਲਾਉਣਾ ਸੀ।


## ਪਣ-ਬਿਜਲੀ ਵਿਕਾਸ ਦੀ ਸੂਚੀ ਅਤੇ ਸਿੰਜਾਈ ਯੋਜਨਾਵਾਂ, ਪਾਣੀ ਦੀ ਗੁਣਵੱਤਾ

ਗੰਗਾ ਦਰਿਆ ਦੇ ਭਾਗੀਰਥੀ ਅਤੇ ਅਲਕਨੰਦਾ ਨਦੀ ਦੀਆਂ ਘਾਟੀਆਂ ਵਿਚ ਵੱਡੀ ਸੰਖਿਆ ਵਿਚ ਪਣ-ਬਿਜਲੀ ਅਤੇ ਸਿੰਜਾਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ (ਸੰਘੀ ਅਤੇ ਕੌਸ਼ਲ, 2014, ਦੱਖਣੀ ਏਸ਼ੀਆ ਵਿਚ ਬੰਨ੍ਹਾਂ, ਦਰਿਆਵਾਂ ਅਤੇ ਲੋਕਾਂ ਦਾ ਨੈੱਟਵਰਕ)। ਗੰਗਾ ਦੇ ਪਾਣੀ ਦੇ ਵਹਾਅ ਬਾਰੇ ਇਕ ਰੇਖਾ-ਚਿੱਤਰ, ਨਾਲ ਪਹਿਲਾਂ ਹੀ ਕੰਮ ਕਰ ਰਹੇ ਵੱਡੀ ਸੰਖਿਆ ਵਿਚ ਪ੍ਰਜੈਕਟ, ਭਵਿੱਖ ਵਿਚ ਹੋਰ ਬਹੁਤ ਸਾਰੇ ਬਣਨ ਵਾਲੇ ਪ੍ਰਜੈਕਟ (ਬੰਨ੍ਹ, ਦਰਿਆਵਾਂ ਅਤੇ ਲੋਕਾਂ ਬਾਰੇ ਦੱਖਣੀ ਏਸ਼ੀਆ ਦਾ ਨੈੱਟਵਰਕ, ਦਰਿਆ ਤੇ ਲੋਕ, ਰਾਸ਼ਟਰੀ ਦਰਿਆਈ ਸੁਰੱਖਿਆ ਨਿਰਦੇਸ਼ਾਲਾ, 2009) ਇਹ 1, 2 ਚਿੱਤਰ ਵਿਚ ਵਿਖਾਏ ਗਏ ਹਨ। ਅਲਕਨੰਦਾ, ਭਾਗੀਰਥੀ ਅਤੇ ਇਨ੍ਹਾਂ ਦੀਆਂ ਸਹਾਇਕ ਨਦੀਆਂ ਦੇ ਪ੍ਰਭਾਵਿਤ ਹਿੱਸੇ (ਤਾਲਿਕਾ-1) ਉੱਤਰਾਖੰਡ ਵਿਚ ਗੰਗਾ ਦੇ ਪਾਣੀ ਦੇ ਸਰੋਤਾਂ ਨੂੰ ਵਿਸ਼ਾਲ ਪੱਧਰ 'ਤੇ ਪਣ-ਬਿਜਲੀ ਸਟੇਸ਼ਨਾਂ ਲਈ ਵਰਤੋਂ ਕਰਦਿਆਂ ਦਰਸਾਏ ਗਏ ਹਨ (ਭਾਰਤ ਦਾ ਜੰਗਲੀ ਜੀਵ ਸੰਸਥਾਨ, 2012) ਇਹ ਇਕ ਉਦਾਹਰਣ ਹੈ। ਇਸ ਤੋਂ ਇਲਾਵਾ, ਦਰਿਆ ਦੇ ਉਪਰਲੇ ਹਿੱਸੇ ਵਿਚ ਪ੍ਰਦੂਸ਼ਨ ਦੇ ਵੱਖ-ਵੱਖ ਸਪੱਸ਼ਟ ਅਤੇ ਅਸਪੱਸ਼ਟ ਸਰੋਤ ਵੀ ਦਰਸਾਏ ਗਏ ਹਨ (ਸੰਘੀ ਅਤੇ ਕੌਸ਼ਲ, 2014)। ਇਹ ਕੁਝ ਖ਼ਾਸ ਹਾਲਾਤ ਵਿਚ ਵਾਤਾਵਰਨਿਕ ਵਹਾਅ ਵਿਚ ਜ਼ਿਆਦਾ ਯੋਗਦਾਨ ਪਾਉਣ ਵਾਲੇ ਹੋ ਸਕਦੇ ਹਨ। ਗੰਗਾ ਦੇ ਪੂਰੇ ਰਸਤੇ ਵਿਚ ਪਾਣੀ ਦੀ ਘਟੀਆ ਗੁਣਵੱਤਾ (ਤ੍ਰਿਵੇਦੀ) ਚਿੱਤਰ-3, 4 ਵਿਚ ਦਿਖਾਈ ਗਈ ਹੈ; ਇਹ ਅੰਕੜੇ ਅੱਗੇ ਸੁਝਾਉਂਦੇ ਹਨ ਕਿ ਭਾਰਤ ਸਰਕਾਰ ਵਲੋਂ ਗੰਗਾ ਐਕਸ਼ਨ ਪਲਾਨ-1 (1985), ਗੰਗਾ ਐਕਸ਼ਨ ਪਲਾਨ-2 (1993), ਰਾਸ਼ਟਰੀ ਦਰਿਆ ਸੁਰੱਖਿਆ ਪਲਾਨ (1996) ਰਾਹੀਂ ਵੀ ਮਿਲਜੁਲੀ ਸਫਲਤਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੋ ਭਵਿੱਖ ਵਿਚ ਜ਼ਿਆਦਾ ਸਪੱਸ਼ਟ ਅਤੇ ਵਿਸਥਾਰਪੂਰਨ ਯੋਜਨਾਬੰਦੀ ਦੀ ਹੱਕਦਾਰ ਹੈ (ਸੰਘੀ ਅਤੇ ਕੌਸ਼ਲ, 2014, ਰਾਸ਼ਟਰੀ ਦਰਿਆ ਸੁਰੱਖਿਆ ਨਿਰਦੇਸ਼ਾਲਾ, 2009)। ਇਨ੍ਹਾਂ ਸਾਰਿਆਂ ਤੋਂ ਉਤੇ, ਵਾਤਾਵਰਨ ਵਿਚ ਬਦਲਾਅ ਦਾ ਵਾਤਾਵਰਨਿਕ ਵਹਾਅ ਦੇ ਸਾਰੇ ਅੰਗਾਂ 'ਤੇ ਪਤੱਖ

ਤਾਲਿਕਾ-1 : ਅਲਕਨੰਦਾ, ਭਾਗੀਰਥੀ ਦਰਿਆਵਾਂ ਤੇ ਉਨ੍ਹਾਂ ਦੀਆਂ ਸਹਾਇਕ ਨਦੀਆਂ ਦੀ ਲੰਬਾਈ ਤੇ ਉੱਤਰਾਖੰਡ ਵਿਚ ਪਣ-ਬਿਜਲੀ ਪਰਿਯੋਜਨਾਵਾਂ 'ਤੇ ਪਏ ਪ੍ਰਭਾਵ

| ਦਰਿਆ ਭਾਗੀਰਥੀ ਘਾਟੀ | ਦਰਿਆ ਦੀ ਕੁੱਲ ਲੰਬਾਈ (ਮੀਟਰ) | ਦਰਿਆ ਦਾ ਮੋੜਿਆ ਹਿੱਸਾ (ਮੀਟਰ) | ਦਰਿਆ ਦਾ ਡੁੱਬਿਆ ਭਾਗ (ਮੀਟਰ) | ਪ੍ਰਭਾਵਿਤ ਲੰਬਾਈ (ਮੀਟਰ) | ਮੋੜੇ ਗਏ ਦਰਿਆ ਦਾ ਪ੍ਰਤਿਸ਼ਤ | ਡੁੱਬੇ ਦਰਿਆ ਦ ਪ੍ਰਤਿਸ਼ਤ | ਦਰਿਆ ਦੀ ਪ੍ਰਭਾਵਤ ਲੰਬਾਈ ਦਾ ਪ੍ਰਤਿਸ਼ਤ |
|---|---|---|---|---|---|---|---|
| ਭਾਗੀਰਥੀ | 217000 | 68031 | 85400 | 153431 | 31 | 39 | 70.71 |
| ਅਸੀਗੰਗਾ | 20500 | 10945 | 0 | 10945 | 53 | 0 | 53.39 |
| ਭੀਲਾਗਨਾ | 109000 | 20369 | 19000 | 39369 | 19 | 17 | 36.12 |
| ਬਾਲ ਗੰਗਾ | 37000 | 14721 | 0 | 14721 | 40 | 0 | 39.79 |
| ਛੋਟੀਆਂ ਨਦੀਆਂ | 73000 | 16401 | 0 | 16401 | 22 | 0 | 22.47 |
| *ਅਲਕਨੰਦਾ ਘਾਟੀ* | | | | | | | |
| ਅਲਕਨੰਦਾ | 224000 | 60412 | 47100 | 107512 | 27 | 21 | 48.00 |
| ਧੌਲੀਗੰਗਾ | 50000 | 46794 | 0 | 46794 | 94 | 0 | 93.59 |
| ਰਿਸ਼ੀ ਗੰਗਾ | 38500 | 10426 | 600 | 11026 | 27 | 2 | 28.64 |
| ਬਿਰਾਹੀ ਗੰਗਾ | 29500 | 21926 | 0 | 21926 | 74 | 0 | 74.32 |
| ਨੰਦਾਕਨੀ | 44500 | 15507 | 0 | 15507 | 35 | 0 | 34.85 |
| ਮੰਦਾਕਨੀ | 81000 | 34875 | 500 | 35375 | 43 | 1 | 43.67 |
| ਪਿੰਡਾਰ | 114000 | 24974 | 10000 | 34974 | 22 | 9 | 30.68 |

*ਸਰੋਤ : ਭਾਰਤ ਦਾ ਜੰਗਲੀ ਜੀਵਨ ਬਾਰੇ ਸੰਸਥਾਨ, 2012; ਦਰਿਆ ਦੇ ਉਪਰਲੇ ਭਾਗਾਂ ਨੂੰ ਇਸ ਵਿਚ ਸ਼ਾਮਿਲ ਨਹੀਂ ਕੀਤਾ ਗਿਆ।*





*ਸਰੋਤ : ਦੱਖਣੀ ਏਸ਼ੀਆ ਦਾ ਬੰਨ੍ਹਾਂ, ਦਰਿਆਵਾਂ ਅਤੇ ਲੋਕਾਂ ਬਾਰੇ ਨੈੱਟਵਰਕ, ਅਧਿਕਾਰੀਆਂ ਦੀ ਆਗਿਆ ਨਾਲ ਦੁਬਾਰਾ ਛਾਪਿਆ ਗਿਆ ਹੈ।*


ਪ੍ਰਭਾਵ ਵਿਹਾਰਕ ਪੱਧਰ 'ਤੇ ਵੇਖਣ ਨੂੰ ਮਿਲਦਾ ਹੈ। ਇਹ ਹੁਣ ਚੰਗੀ ਤਰ੍ਹਾਂ ਮੰਨ ਲਿਆ ਗਿਆ ਹੈ ਕਿ ਦੁਨੀਆਂ ਵਿਚ ਵਧ ਰਹੀ ਤਪਸ਼ ਕਾਰਨ ਦੁਨੀਆਂ ਭਰ, ਖ਼ਾਸ ਕਰਕੇ ਹਿੰਦੂਕੁਸ਼ ਹਿਮਾਲਿਆ ਪਰਬਤਮਾਲਾ ਦੇ ਗਲੇਸ਼ੀਅਰ ਪਿਘਲ ਰਹੇ ਹਨ। ਕਾਠਮੰਡੂ ਸਥਿਤ ਸੰਗਠਿਤ ਪਹਾੜੀ ਵਿਕਾਸ ਬਾਰੇ ਅੰਤਰਰਾਸ਼ਟਰੀ ਕੇਂਦਰ (ਆਈ ਸੀ ਆਈ ਐੱਮ ਡੀ) ਵਲੋਂ ਕਰਵਾਈ ਖੋਜ ਮੁਤਾਬਕ ਗਲੇਸ਼ੀਅਰਾਂ ਤੋਂ ਦਰਿਆਵਾਂ ਦੀਆਂ ਘਾਟੀਆਂ ਵੱਲ ਪਾਣੀ ਦਾ ਅਨੁਮਾਨਤ ਵਹਾਅ ਇਸ ਸਦੀ ਦੇ ਅੰਤ ਤਕ 25-50 ਪ੍ਰਤਿਸ਼ਤ ਤਕ ਘਟ ਜਾਵੇਗਾ।

ਰਾਸ਼ਟਰੀ ਦਰਿਆਈ ਸਾਂਭ-ਸੰਭਾਲ ਨਿਰਦੇਸ਼ਾਲਾ (2009) ਦੇ ਮੁਤਾਬਕ ਕਾਰਜ ਅਤੇ ਰੱਖ-ਰਖਾਅ ਦੀਆਂ ਸਮੱਸਿਆਵਾਂ ਦੇ ਬਾਵਜੂਦ ਦਰਿਆ ਪਾਣੀ ਦੀ ਗੁਣਵੱਤਾ ਵਿਚ (ਡੀ ਓ ਅਤੇ ਬੀ ਡੀ ਓ ਦੇ ਮਾਮਲੇ ਵਿਚ) ਗੰਗਾ ਐਕਸ਼ਨ ਪਲਾਨ ਤੋਂ ਪਹਿਲਾਂ ਦੇ ਸਮੇਂ ਨਾਲੋਂ ਸਪੱਸ਼ਟ ਸੁਧਾਰ ਨਜ਼ਰ ਆ ਰਿਹਾ ਹੈ। ਇਹ ਸੁਧਾਰ ਜਨਸੰਖਿਆ ਵਿਚ ਵੱਡੇ ਵਾਧੇ ਅਤੇ ਜੈਵਿਕ ਪ੍ਰਦੂਸ਼ਣ ਦੀ ਮਾਤਰਾ ਵਿਚ ਵੱਡੇ ਵਾਧੇ ਦੇ ਸੰਦਰਭ ਵਿਚ ਵੇਖਿਆ ਜਾ ਰਿਹਾ ਹੈ। ਜਦੋਂ ਸਾਰੀਆਂ ਚਾਲੂ ਯੋਜਨਾਵਾਂ ਸੰਪੂਰਨ ਹੋ ਜਾਣਗੀਆਂ ਅਤੇ ਪੈਦਾ ਹੋ ਰਹੇ ਸਾਰੇ ਖਰਾਬ ਪਾਣੀ ਦੀ ਸਮੱਸਿਆ ਨੂੰ ਹੱਲ ਕਰ ਲਿਆ ਜਾਵੇਗਾ ਤਾਂ ਦਰਿਆਈ ਪਾਣੀ ਦੀ ਗੁਣਵੱਤਾ ਵਿਚ ਹੋਰ ਸੁਧਾਰ ਹੋਣ ਦੀ ਆਸ ਕੀਤੀ ਜਾਂਦੀ ਹੈ। ਗੰਗਾ ਐਕਸ਼ਨ ਪਲਾਨ ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਨੂੰ ਧਿਆਨ ਵਿਚ ਰੱਖ ਕੇ, ਤਿੰਨ ਪ੍ਰਮੁੱਖ ਮਾਪਦੰਡਾਂ - ਡੀ ਓ, ਬੀਡੀ ਓ ਅਤੇ ਕੌਲੀਫਾਰਮਜ਼ ਦੀ ਜੇ ਤੁਲਨਾ ਕੀਤੀ ਜਾਵੇ ਤਾਂ ਦਰਿਆ ਦੇ ਪੂਰੇ ਰਸਤੇ ਵਿਚ ਨਤੀਜੇ ਹਾਲੇ ਵੀ ਸੰਤੋਖਜਨਕ ਨਹੀਂ ਹਨ। ਦਰਿਆ ਦੇ ਹੇਠਲੇ ਖੇਤਰਾਂ ਵਿਚ ਘਟ ਰਿਹਾ ਪਾਣੀ ਦਾ ਵਹਾਅ ਅਤੇ ਖਰਾਬ ਹੋ ਰਹੀ ਪਾਣੀ ਦੀ ਗੁਣਵੱਤਾ ਨੇ ਰੋਜ਼ੀ-ਰੋਟੀ 'ਤੇ ਕਈ ਪਾਸਿਓਂ ਬਹੁਤ ਬੁਰਾ ਅਸਰ ਪਾਇਆ ਹੈ। ਮਿਸਾਲ ਦੇ ਤੌਰ ਤੇ ਬਾਂਸ ਦੀ ਕਟਾਈ ਤੋਂ ਬਾਅਦ ਦਾ ਸਮਾਂ (ਘੋਰਾਇ ਅਤੇ ਸੇਨ, 2014)।

ਇਹ ਸੱਚ ਹੈ ਕਿ ਫਰੱਕਾ ਬੰਨ੍ਹ ਦੀ ਉਸਾਰੀ ਕਰਨ ਨਾਲ ਗੰਗਾ ਦੇ ਪ੍ਰਬੰਧਨ ਵਿਚ ਦਖ਼ਲਅੰਦਾਜ਼ੀਆਂ ਹੋਈਆਂ ਹਨ ਜਿਸ ਨੇ ਸਮੱਸਿਆਵਾਂ ਅਤੇ ਨੁਕਸਾਨ ਨੂੰ ਜਨਮ ਦਿਤਾ ਹੈ - ਪਾਣੀ ਦੇ ਪੱਧਰ ਵਿਚ ਤਬਦੀਲੀਆਂ, ਪਾਣੀ ਛੱਡਣ, ਗਾਰ ਦਾ ਤੁਰਨਾ, ਤਲ ਦੀ ਢਲਾਣ ਆਦਿ, ਜੋ ਤਲ 'ਤੇ ਗਾਰ ਦੀ ਜਮਾਅ ਵਧਣ ਅਤੇ ਘਟਣ ਨਾਲ ਹੁੰਦੇ ਹਨ। ਇਹ ਪ੍ਰਕਿਰਿਆ ਰਾਜਮਹਲ ਤੋਂ ਫਰੱਕਾ ਦੇ ਨਦੀ ਦੇ ਉਤਲੇ ਹਿੱਸਿਆਂ ਵਿਚ ਪੂਰੇ ਰਸਤੇ ਅਤੇ ਫਰੱਕਾ ਤੋਂ ਹੇਠਾਂ ਕਾਫ਼ੀ ਫ਼ਾਸਲੇ ਤਕ ਹੁੰਦੀ ਹੈ। ਸੇਮ ਵਾਲੇ ਪੱਖੇ ਸੱਜੇ ਪਾਸੇ ਬਣ ਜਾਂਦੇ ਹਨ ਅਤੇ ਗਹਿਰਾ ਮਾਰਗ ਬੰਨ੍ਹ ਦੇ ਉਪਰ ਵੱਲ ਖੱਬੇ ਪਾਸੇ ਨੂੰ ਹੋ ਜਾਂਦਾ ਹੈ। ਕੰਢਿਆਂ ਦਾ ਕਟਾਅ ਬਹੁਤ ਜ਼ਿਆਦਾ ਹੋ ਗਿਆ ਜੋ ਆਮ ਤੌਰ ਤੇ ਅਗਸਤ ਤੇ ਸਤੰਬਰ ਦੌਰਾਨ ਸਭ ਤੋਂ ਵੱਧ ਹੁੰਦਾ ਹੈ। ਗੰਗਾ-ਪਦਮਾ ਵਿਚ ਗਾਰ ਵਹਿਣ ਦੇ ਸਿੱਧੇ ਤੇ ਅਸਿੱਧੇ ਪ੍ਰਭਾਵ ਬੰਗਲਾਦੇਸ਼ ਵਿਚ ਨਜ਼ਰ ਆ ਰਹੇ ਹਨ ਜਿਸ ਨਾਲ ਅਖੀਰ ਨੂੰ ਗਾਰ ਦਾ ਘਟਣਾ ਅਤੇ ਦਰਿਆ ਦੇ ਤਲ ਅਤੇ ਕਿਨਾਰਿਆਂ ਦਾ ਕਟਾਅ ਵਧ ਜਾਵੇਗਾ ਜੋ ਮਾਰਗ ਨੂੰ ਪ੍ਰਭਾਵਿਤ ਕਰੇਗਾ ਅਤੇ ਜੀਵ-ਜੰਤੂ ਵਿਗਿਆਨ ਸੰਬੰਧੀ ਤਬਦੀਲੀਆਂ ਦੇ ਮਾਰਗ 'ਤੇ, ਵੱਖ-ਵੱਖ ਥਾਵਾਂ 'ਤੇ ਵਹਿਣ ਵਿਚ ਫਰੱਕਾ ਅਤੇ ਰਾਜਮਹਲ (ਝਾਰਖੰਡ ਵਿਚ 53 ਕਿਲੋਮੀਟਰ ਉੱਪਰ ਵੱਲ) ਵਿਚਕਾਰ ਤਬਦੀਲੀ ਆਉਣ ਕਰਕੇ ਅਤੇ ਨਤੀਜੇ ਵਜੋਂ ਜੀਵ-ਜੰਤੂ ਵਿਗਿਆਨ ਦੇ ਮਾਪਦੰਡਾਂ ਵਿਚ ਬਦਲਾਅ ਹੋਣ ਕਾਰਨ, ਦਰਿਆ ਦੇ ਕੰਢੇ ਖੁਰਨ ਅਤੇ ਹੜ੍ਹ ਆਉਣ ਸੰਬੰਧੀ ਇਕ ਵਿਸਥਾਰਤ ਅਧਿਐਨ ਕਰਵਾਇਆ ਗਿਆ। ਇਸ ਅਧਿਐਨ ਦਾ ਕਾਲਖੰਡ 1955 ਤੋਂ 2005 ਸੀ ਜੋ ਐੱਲ ਏ ਐੱਨ ਡੀ ਐੱਸ ਏ ਟੀ ਅਤੇ ਇੰਡੀਅਨ ਰਿਮੋਟ ਸੈਂਸਿੰਗ ਸੈਟੇਲਾਈਟ (ਆਈ ਆਰ ਐੱਸ) ਵਲੋਂ ਸਾਰੇ ਦਰਿਆਈ ਮਾਰਗ ਦੇ ਲਈ ਗਏ ਚਿੱਤਰਾਂ 'ਤੇ ਆਧਾਰਤ ਸੀ (ਠਾਕੁਰ, 2014)। ਇਸ ਅਧਿਐਨ ਦੀ ਰਿਪੋਰਟ ਵਿਚ ਦੱਸਿਆ ਗਿਆ ਕਿ




ਚਿੱਤਰ-4 : ਭਾਰਤੀ ਦਰਿਆਵਾਂ ਵਿਚ ਪ੍ਰਦੂਸ਼ਨ (ਲੇਖਕ ਦੀ ਆਗਿਆ ਨਾਲ ਪ੍ਰਕਾਸ਼ਿਤ ਕੀਤੇ ਗਏ ਅੰਕੜਿਆਂ 'ਤੇ ਆਧਾਰਿਤ ਆਰ.ਸੀ.ਤ੍ਰਿਵੇਦੀ, **http://www.old.cseindia.org/misc/ganga/state_pollution.pdf**




ਦਰਿਆ ਦੇ ਕਿਨਾਰੇ ਖੁਰਨ ਦਾ ਮੁੱਖ ਕਾਰਨ ਦਰਿਆ ਦੇ ਤਲ 'ਤੇ ਮਿੱਟੀ ਦਾ ਪਰਤੀਕਰਨ ਹੋਣਾ, ਰਾਜਮਹਲ ਵਿਚ ਸਖਤ ਚੱਟਾਨ ਦਾ ਖੇਤਰ ਹੋਣਾ, ਗਾਰ ਦੀ ਜ਼ਿਆਦਾ ਮਿਕਦਾਰ ਅਤੇ ਫਰੱਕਾ ਬੰਨ੍ਹ ਦੀ ਉਸਾਰੀ ਆਪਣੇ ਆਪ ਵਿਚ ਇਕ ਸਮੱਸਿਆ ਸੀ ਜੋ ਪਾਣੀ ਦੇ ਕੁਦਰਤੀ ਵਹਾਅ ਵਿਚ ਰੁਕਾਵਟ ਉਤਪੰਨ ਕਰਦਾ ਹੈ। ਇਸ ਦੇ ਸ਼ਿਕਾਰ ਮੁੱਖ ਤੌਰ ਤੇ ਮਾਲਟਾ ਜ਼ਿਲ੍ਹੇ ਦੇ ਮਾਨਿਕਚੱਕ ਅਤੇ ਕਾਲੀਆਚੱਕ-2 ਕਾਲੀਆਚੱਕ-3 ਅਤੇ ਰਤੂਆ ਬਲਾਕ-1 ਹਨ। ਜਿਥੇ ਇਨ੍ਹਾਂ ਬਲਾਕਾਂ ਵਿਚ ਹੀ 1977 ਤੋਂ ਲੈ ਕੇ ਲਗਭਗ 1670 ਹੈਕਟੇਅਰ ਖੇਤੀ ਵਾਲੀ ਜ਼ਮੀਨ ਦਾ ਨੁਕਸਾਨ ਹੋ ਚੁੱਕਾ ਹੈ। ਇਹੀ ਵਰਤਾਰਾ ਮੁਰਸ਼ੀਦਾਬਾਦ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਦਾ ਹੈ ਜਿਥੇ ਵੱਡੇ ਪੱਧਰ 'ਤੇ ਬਾਰ-ਬਾਰ ਕਿਨਾਰੇ ਖੁਰਨ, ਜ਼ਮੀਨ ਵਿਚ ਪਾਣੀ ਭਰਨ ਅਤੇ ਸਿੱਟੇ ਵਜੋਂ ਪਿੰਡਾਂ ਵਿਚਲੀ ਵਸੋਂ ਦੀ ਹਿਜਰਤ ਦੀਆਂ ਘਟਨਾਵਾਂ ਹੋਈਆਂ ਹਨ (ਬੈਨਰਜੀ, 1999, ਰੁਦਰਾ, 2004) ਜਿਸ ਨਾਲ ਭਾਰਤੀ ਇਲਾਕੇ ਵਿਚ ਸੰਪਤੀ ਦੇ ਵੱਡੀ ਪੱਧਰ 'ਤੇ ਨੁਕਸਾਨ ਹੋਏ ਹਨ, ਜੋ ਕਿ ਸਾਲਾਨਾ ਘਟਨਾ ਬਣ ਗਈ ਹੈ।

*ਪ੍ਰਸ਼ਾਸਨ ਵਲੋਂ ਗਾਰ ਨਾਲ ਘਟੇ ਦਰਿਆ ਦੇ ਤਲ 'ਚੋਂ ਸੜਕਾਂ ਦਾ ਪ੍ਰਬੰਧ ਕਰਨ ਦੀ ਭਾਰਤੀ ਸੁੰਦਰਬਨ 'ਚ, ਰੁਝਾਨ, ਜਿਸ ਦੀ ਕੀਮਤ ਦਰਿਆਵਾਂ ਦੇ ਖੁਸ਼ਕ ਹੋਣ ਦੇ ਰੂਪ ਵਿਚ ਚੁਕਾਉਣੀ ਪੈਂਦੀ ਹੈ, ਇਹ ਵਿਕਾਸ ਦੇ ਬਿਲਕੁਲ ਉਲਟ ਹੈ, ਜਿਸ ਵਿਚ, ਗਲਤੀ ਨਾਲ ਖੇਤਰ ਦੇ ਵਾਤਾਵਰਨ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।*

ਬੰਗਲਾਦੇਸ਼ ਦੇ ਤੱਟੀ ਖੇਤਰਾਂ ਵਿਚ ਵੀ ਗਾਰ ਜਮ੍ਹਾਂ ਹੋਣ ਅਤੇ ਜਲ ਨਿਕਾਸੀ ਘਾਟੀਆਂ ਅਤੇ ਦਰਿਆਈ ਮਾਰਗਾਂ ਵਿਚ ਅਨਾਵਰਣ ਦੀ ਪ੍ਰਕਿਰਿਆ ਦੀ ਵੱਡੀ ਦਰ ਬਾਰੇ ਰਿਪੋਰਟਾਂ ਇਸਲਾਮ (1999) ਵਲੋਂ ਦਿਤੀਆਂ ਗਈਆਂ ਹਨ ਜਿਸ ਨਾਲ ਦੇਸ਼ ਵਿਚ ਬਾਰ-ਬਾਰ ਹੜ੍ਹ ਆਉਂਦੇ ਹਨ (ਬੰਗਲਾਪੀਡੀਆ)।

## ਜੈਵਿਕ ਭਿੰਨਤਾ ਦੀ ਹਾਨੀ

ਅਕਸਰ ਦਰਿਆ ਦੇ ਹੇਠਲੇ ਮੁਹਾਨਿਆਂ, ਖ਼ਾਸ ਕਰਕੇ ਦੋਹਾਂ ਦੇਸ਼ਾਂ ਵਿਚ ਫੈਲੇ ਸੁੰਦਰਬਨ ਵਿਚ ਪਾਣੀ ਦੇ ਵਹਾਅ ਵਿਚ ਆ ਰਹੀ ਕਮੀ ਕਰਕੇ ਜੈਵਿਕ ਭਿੰਨਤਾ ਦੇ ਰੁਝਾਨ ਵਿਚ ਵਾਪਰ ਰਹੀਆਂ ਤਬਦੀਲੀਆਂ ਬਾਰੇ ਸਵਾਲ ਉਠਾਏ ਜਾਂਦੇ ਹਨ। ਹੁਣ ਵਾਤਾਵਰਨ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਜੰਗਲ ਦੀਆਂ ਕੁਝ ਪ੍ਰਜਾਤੀਆਂ ਦੇ ਲੋਪ ਹੋਣ ਨਾਲ ਜੈਵਿਕ-ਭਿੰਨਤਾ ਤੇਜ਼ੀ ਨਾਲ ਨਸ਼ਟ ਹੋ ਰਹੀ ਹੈ। ਪਰ ਫਿਰ ਵੀ ਇਹ ਕਈ ਵਿਲੱਖਣ ਪੌਦਿਆਂ ਅਤੇ ਜਾਨਵਰਾਂ ਦੇ ਘਰ ਵਜੋਂ ਕੰਮ ਕਰ ਰਹੀ ਹੈ। ਸਾਰੇ ਡੈਲਟਾ ਖੇਤਰ ਵਿਚ ਜੈਵਿਕ ਭਿੰਨਤਾ ਦੇ ਨਸ਼ਟ ਹੋਣ ਦੇ ਕਈ ਕਾਰਨ ਲੱਭੇ ਗਏ ਹਨ। ਭਾਵੇਂ ਕਿ ਇਸ ਹਾਨੀ ਦਾ ਦੋਸ਼ ਵੱਖ-ਵੱਖ ਤੱਤਾਂ ਤੇ ਗਿਣਾਤਮਕ ਪੱਖੋਂ ਮੜ੍ਹਨਾ ਸੰਭਵ ਨਹੀਂ ਹੈ, ਪਰ ਇਨ੍ਹਾਂ ਤੱਤਾਂ ਵਿਚੋਂ ਬਹੁਤ ਸਾਰੇ ਮਾਨਵ ਦੁਆਰਾ ਸਿਰਜੇ ਕਾਰਕਾਂ ਨਾਲ ਮਿਲ ਕੇ, ਪਾਣੀ ਦੇ ਘਟੇ ਵਹਾਅ ਲਈ ਸਿੱਧੇ ਜਾਂ ਅਸਿੱਧੇ ਰੂਪ ਵਿਚ ਜ਼ਿੰਮੇਵਾਰ ਹਨ।

## ਬੰਗਲਾਦੇਸ਼ 'ਚ ਪਾਣੀ ਛੱਡਣਾ ਤੇ ਖਾਰੇਪਨ ਦੀ ਘੁਸਪੈਠ : ਆਲੋਚਨਾਤਮਕ ਮੁੱਲੰਕਣ

ਬੰਗਲਾਦੇਸ਼ ਵਿਚ ਹੇਠਲੀ ਗੰਗਾ ਦਾ ਡੈਲਟਾ ਖੇਤਰ ਖੇਤਰਫਲ ਪੱਖੋਂ ਕਾਫੀ ਵਿਸ਼ਾਲ ਹੈ ਅਤੇ ਗੰਭੀਰ ਧਿਆਨ ਦੀ ਮੰਗ ਕਰਦਾ ਹੈ। 1970 ਤੋਂ 2011 ਦੇ ਸਮੇਂ ਦੇ ਗੰਗਾ ਦੇ ਪਾਣੀ ਛੱਡਣ ਦੇ ਅੰਕੜੇ ਇਹ ਦਰਸਾਉਂਦੇ ਹਨ ਕਿ ਖੁਸ਼ਕ

ਮੌਸਮ (ਨਵੰਬਰ-ਮਈ) ਦੌਰਾਨ ਪਾਣੀ ਦਾ ਵਹਾਅ, ਫਰੱਕਾ ਬੰਨ੍ਹ ਹੋਂਦ ਵਿਚ ਆਉਣ ਉਪਰੰਤ 82 ਪ੍ਰਤਿਸ਼ਤ ਤਕ ਘਟ ਗਿਆ ਹੈ (ਆਫ਼ਰੋਜ਼ ਅਤੇ ਰਹਿਮਾਨ, 2013)।

*ਬੰਗਲਾਦੇਸ਼ ਵਲੋਂ ਵੱਖ-ਵੱਖ ਭਾਗਾਂ ਬਾਰੇ ਤਿਆਰ ਕੀਤੇ ਅੰਕੜੇ ਅਤੇ ਫਰੱਕਾ ਬੰਨ੍ਹ ਤੋਂ ਪਾਣੀ ਮੋੜਨ ਕਰਕੇ ਦੇਸ਼ ਦੇ ਵਾਤਾਵਰਨ 'ਤੇ ਪੈਣ ਵਾਲੇ ਪ੍ਰਭਾਵ, ਵਧਾ-ਚੜ੍ਹਾ ਕੇ ਪੇਸ਼ ਕੀਤੇ ਗਏ ਹਨ, ਕਿਉਂਕਿ ਉਨ੍ਹਾਂ ਦਾ ਆਧਾਰ ਹਮੇਸ਼ਾ ਵਿਗਿਆਨਕ ਮੁੱਲੰਕਣ ਨਹੀਂ ਸੀ। ਦੂਜੇ ਪਾਸੇ, ਫਰੱਕਾ ਬੰਨ੍ਹ ਤੋਂ ਪਾਣੀ ਪ੍ਰਾਪਤ ਕਰਨ ਕਰਕੇ ਭਾਰਤ ਦੀ ਸਮੀਖਿਆ ਕੁੱਝ ਧਾਰਨਾਵਾਂ 'ਤੇ ਆਧਾਰਤ ਹੈ ਜੋ ਫਰੱਕਾ ਬੰਨ੍ਹ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਦੀਆਂ ਸਨ ਅਤੇ ਇਸ ਕਰਕੇ ਇਹ ਮੁੱਲੰਕਣ ਅੰਦਾਜ਼ੇ ਤੋਂ ਘੱਟ ਪ੍ਰਤੀਤ ਹੁੰਦਾ ਹੈ।*

## ਭਵਿੱਖੀ ਨੀਤੀਗਤ ਮੁੱਦੇ ਅਤੇ ਸਮਾਪਤੀ ਟਿੱਪਣੀਆਂ

ਭਾਰਤ (ਫਰੱਕਾ ਦੇ ਦੱਖਣ) ਤੇ ਬੰਗਲਾਦੇਸ਼ (ਦੱਖਣ ਪੱਛਮ) ਦੀ ਹੇਠਲੀ ਗੰਗਾ ਦਾ ਡੈਲਟਾ ਖੇਤਰ ਦਾ ਵਾਤਾਵਰਨ ਇਕੋ ਜਿਹਾ ਹੈ ਅਤੇ ਇਸ ਖੇਤਰ ਨੂੰ ਫਰੱਕਾ ਬੰਨ੍ਹ ਤੋਂ ਘੱਟ ਵੱਧ ਪਾਣੀ ਛੱਡਣ ਅਤੇ ਭਾਰਤ ਵਿਚ ਵੱਖ-ਵੱਖ ਥਾਵਾਂ 'ਤੇ ਦਰਿਆ ਦੇ ਉਤਲੇ ਖੇਤਰਾਂ ਵਿਚ ਪਾਣੀ ਦੀ ਵਿਗੜ ਰਹੀ ਗੁਣਵੱਤਾ ਕਰਕੇ ਖ਼ਤਰਾ ਪੇਸ਼ ਆ ਰਿਹਾ ਹੈ। ਦੋਵਾਂ ਦੇਸ਼ਾਂ ਲਈ ਇਹ ਸਾਂਝਾ ਤੌਖਲਾ ਹੋਣ ਕਰਕੇ, ਜ਼ਰੂਰਤ ਹੈ ਕਿ ਸਮੁੱਚਿਤ ਅਤੇ ਕੇਂਦਰਿਤ ਪਹੁੰਚ ਅਪਣਾਈ ਜਾਵੇ ਜਿਸ ਵਾਸਤੇ ਹੇਠਾਂ ਕੁਝ ਸੁਝਾਅ ਗਏ ਹਨ ਜੋ ਸੁਖਾਵੇਂ ਹੱਲ ਲਈ ਫੌਰੀ ਤੌਰ ਤੇ ਲਾਗੂ ਕਰਨੇ ਚਾਹੀਦੇ ਹਨ।

- ਫਰੱਕਾ ਬੰਨ੍ਹ ਦੀ ਬਨਾਵਟ ਅਤੇ ਇਥੋਂ ਪਾਣੀ ਛੱਡਣ ਅਤੇ ਵੰਡ 'ਤੇ ਦੁਬਾਰਾ ਗੌਰ ਕਰਨ ਦੀ ਲੋੜ ਹੈ ਜੋ ਗੰਗਾ ਦਰਿਆ ਦੇ ਉਪਰਲੇ ਖੇਤਰਾਂ ਵਿਚ ਪਾਣੀ ਦੇ ਅਨੁਮਾਨਤ ਵਹਾਅ ਨੂੰ ਧਿਆਨ ਵਿਚ ਰੱਖ ਕੇ ਲੰਮੇ ਸਮੇਂ ਦੀ ਸੋਚ ਮੁਤਾਬਕ ਕੀਤਾ ਜਾਣਾ ਚਾਹੀਦਾ ਹੈ। ਇਹ ਦੋਨਾਂ ਦੇਸ਼ਾਂ ਦੇ ਹਿਤ ਵਿਚ ਹੋਵੇਗਾ ਅਤੇ ਜੇ ਜ਼ਰੂਰੀ ਹੋਵੇ ਤਾਂ ਨਵੇਂ ਨਿਯਮਾਂ ਬਾਰੇ ਵੀ ਫ਼ੈਸਲਾ ਲਿਆ ਜਾ ਸਕਦਾ ਹੈ।

- ਤਿੱਬਤ ਤੋਂ ਨਿਕਲਣ ਵਾਲੇ ਗੰਗਾ-ਬ੍ਰਹਮਪੁੱਤਰ ਦਰਿਆਵਾਂ ਦੇ ਪਾਣੀ ਦਾ ਅਨੁਮਾਨਤ ਵਹਾਅ ਜਿਸ ਦਾ ਆਧਾਰ ਪਿਘਲ ਰਹੇ ਗਲੇਸ਼ੀਅਰ ਅਤੇ ਵਾਤਾਵਰਨ ਵਿਚ ਬਦਲਾਅ ਕਾਰਨ ਪੈਦਾ ਹੋ ਰਹੇ ਮਾਪਦੰਡਾਂ ਦੀਆਂ ਅਨਿਸ਼ਚਿਤਤਾਵਾਂ ਹਨ, ਬਾਰੇ ਮੁੜ ਤੋਂ ਅਧਿਐਨ ਕਰਨ ਅਤੇ ਢੁਕਵੇਂ ਵਾਤਾਵਰਨਿਕ ਮਾਡਲਾਂ ਨਾਲ ਪਾਣੀ ਦੀ ਵੰਡ ਦੇ ਭਵਿੱਖੀ ਨੇਮ ਤੈ ਕਰਨ ਦੀ ਲੋੜ ਹੈ ਤਾਂ ਜੋ ਫਰੱਕਾ ਬੰਨ੍ਹ ਤੋਂ ਵੱਖ-ਵੱਖ ਸਮਿਆਂ ਦੌਰਾਨ ਪੂਰੀ ਸਟੀਕਤਾ ਨਾਲ ਪਾਣੀ ਦੀ ਵੰਡ ਕੀਤੀ ਜਾ ਸਕੇ।

- ਭਾਰਤ ਵਿਚ ਨਵੀਆਂ ਸਥਾਪਿਤ ਕੀਤੀਆਂ ਜਾਣ ਵਾਲੀਆਂ ਪਣ-ਬਿਜਲੀ ਯੋਜਨਾਵਾਂ ਤੇ ਸਿੰਜਾਈ ਯੋਜਨਾਵਾਂ 'ਤੇ ਗੰਭੀਰ ਵਿਚਾਰ ਵਟਾਂਦਰਾ ਕੀਤੇ ਜਾਣ ਦੀ ਲੋੜ ਹੈ। ਇਸ ਦੇ ਲਈ ਉਤਲੇ ਖੇਤਰਾਂ ਵਿਚ ਦਰਿਆਈ ਪਾਣੀ ਛੱਡਣ ਦੇ ਸਖ਼ਤ ਕਾਨੂੰਨ ਤੇ ਮੁੱਲੰਕਣ ਜ਼ਰੂਰੀ ਲੋੜ ਹੋਣੇ ਚਾਹੀਦੇ ਹਨ ਤਾਂ ਕਿ ਖੇਤਰ ਦਾ ਵਾਤਾਵਰਨ ਪ੍ਰਭਾਵਿਤ ਨਾ ਹੋਵੇ।

- ਉਤਲੇ ਖੇਤਰਾਂ ਵਿਚ ਪਹਿਲਾਂ ਤੋਂ ਸਥਾਪਿਤ ਅਤੇ ਕੰਮ ਕਰ ਰਹੀਆਂ ਪਣ-ਬਿਜਲੀ ਅਤੇ ਸਿੰਜਾਈ ਯੋਜਨਾਵਾਂ ਦੀ, ਪਾਣੀ ਛੱਡਣ ਦੇ ਨੇਮਾਂ ਦੇ ਸੰਦਰਭ ਵਿਚ, ਮੁੜ ਤੋਂ ਸਮੀਖਿਆ ਕੀਤੇ ਜਾਣ ਦੀ ਲੋੜ ਹੈ ਅਤੇ ਜੇ ਜ਼ਰੂਰਤ ਹੋਵੇ ਤਾਂ ਇਨ੍ਹਾਂ ਨੂੰ ਸੋਧਿਆ ਜਾਵੇ ਤਾਂ ਕਿ ਖੇਤਰ ਦਾ ਵਾਤਾਵਰਨ ਸੰਤੁਲਨ ਬਣਿਆ ਰਹੇ।

- ਪਾਣੀ ਦੀ ਗ਼ੈਰ-ਕਾਨੂੰਨੀ ਚੋਰੀ ਨੂੰ ਡੱਕਣ ਲਈ, ਜੋ ਭਾਰਤ ਵਿਚ ਨਿੱਜੀ ਏਜੰਸੀਆਂ ਵਲੋਂ ਕੀਤੀ ਜਾਂਦੀ ਹੈ, ਪ੍ਰਸ਼ਾਸਨਿਕ ਚੌਕਸੀ ਬਣਾਈ ਰੱਖਣੀ ਚਾਹੀਦੀ ਹੈ।

- ਰਣਨੀਤਕ ਥਾਵਾਂ 'ਤੇ, ਵਿਸ਼ੇਸ਼ ਥਾਵਾਂ ਲਈ ਸੰਗਠਿਤ ਜਲ ਵਿਕਾਸ ਅਤੇ ਪ੍ਰਬੰਧਨ ਸਕੀਮਾਂ, ਦਰਿਆ ਦੀ ਕੁੱਲ ਲੰਬਾਈ ਵਿਚ ਅਤੇ ਵੱਖ-ਵੱਖ ਸਮਾਂ ਸਾਰਣੀ ਮੁਤਾਬਿਕ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਇਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਢੰਗ ਤਰੀਕੇ, ਜਿਸ ਵਿਚ ਸਥਾਨਕ ਵਾਸੀਆਂ ਦੀ ਉਪਯੁਕਤ ਭਾਗੀਦਾਰੀ ਹੋਵੇ, ਤਿਆਰ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਭਾਰਤ 'ਚ ਸਾਰਾ ਸਾਲ ਮਿਥਿਆ ਹੋਇਆ ਪਾਣੀ ਦਾ ਵਹਾਅ ਯਕੀਨੀ ਬਣਾਇਆ ਜਾ ਸਕੇ।

- ਭਾਰਤ ਵਿਚ ਖ਼ਾਸ ਕਰਕੇ, ਮਿੱਟੀ ਅਤੇ ਪਾਣੀ ਦੇ ਖਾਰੇਪਨ, ਵਹਾਅ ਦੀ ਦਰ, ਨਹਿਰਾਂ ਦੇ ਉਤਾਰ ਚੜ੍ਹਾਅ, ਗਾਰ ਜਲਵਿਗਿਆਨ ਦੇ ਮਾਪਦੰਡ, ਦਰਿਆਵਾਂ ਰਾਹੀਂ ਕੋਲਕਾਤਾ ਬੰਦਰਗਾਹ 'ਤੇ ਆਵਾਜਾਈ, ਧਰਤੀ ਹੇਠਲੇ ਪਾਣੀ ਦੀ ਸਤਹ ਅਤੇ ਗੁਣਵੱਤਾ, ਜੈਵਿਕ ਭਿੰਨਤਾ ਦੇ ਅਹਿਮ ਅੰਗ, ਅਤੇ ਦੂਸਰੇ ਸੰਬੰਧਿਤ ਮਾਪਦੰਡਾਂ ਨੂੰ, ਹੇਠਲੇ ਡੈਲਟਾ ਖੇਤਰਾਂ ਵਿਚ ਪਾਣੀ ਦੇ ਵਹਾਅ ਦੇ ਮਾਮਲੇ ਵਿਚ ਖਾਸ ਧਿਆਨ ਵਿਚ ਰੱਖਣਾ ਚਾਹੀਦਾ ਹੈ। ਇਸ ਦੀ ਨਿਗਰਾਨੀ ਲਈ ਪੰਜ ਸਾਲਾਂ ਦੀ ਇਕ ਸੰਗਠਿਤ ਯੋਜਨਾ ਬਣਾਈ ਜਾਵੇ ਜੋ ਇਕ ਕੇਂਦਰੀ ਕਾਰਜ ਦਲ ਹੋ ਸਕਦਾ ਹੈ ਜਿਸ ਵਿਚ ਵਿਗਿਆਨੀ, ਗ਼ੈਰ-ਸਰਕਾਰੀ ਸੰਸਥਾਵਾਂ, ਸਰਕਾਰੀ ਅਧਿਕਾਰੀ, ਸਥਾਨਕ ਵਾਸੀ ਸ਼ਾਮਿਲ ਹੋਣ ਅਤੇ ਇਸ ਨੂੰ ਜਨਤਕ ਖੇਤਰ ਵਿਚ ਰੱਖਿਆ ਜਾਵੇ। ਇਸੇ ਤਰ੍ਹਾਂ ਦੀਆਂ ਹੀ ਯੋਜਨਾਵਾਂ ਬੰਗਲਾਦੇਸ਼ ਵਲੋਂ ਵੀ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਦੋਹਾਂ ਦੇਸ਼ਾਂ ਦੇ ਪ੍ਰਮੁੱਖ ਵਿਅਕਤੀਆਂ ਦੀ ਇਕ ਟੀਮ ਨੂੰ ਆਪਸ ਵਿਚ ਗੱਲਬਾਤ ਕਰਕੇ ਸਾਲ ਵਿਚ ਇਕ ਵਾਰ ਪ੍ਰਗਤੀ ਦੀ ਸਮੀਖਿਆ ਕਰਕੇ, ਸੁਧਾਰ ਲਈ ਸੁਝਾਅ ਪੇਸ਼ ਕਰਨੇ ਚਾਹੀਦੇ ਹਨ ਤਾਂ ਕਿ ਮਿਥੇ ਟੀਚੇ ਹਾਸਲ ਹੋ ਸਕਣ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਦੋਹਾਂ ਦੇਸ਼ਾਂ ਦਾ ਹੇਠਲੀ ਗੰਗਾ ਦਾ ਡੈਲਟਾ ਖੇਤਰ ਵੱਡੇ ਤੌਰ ਤੇ ਤੱਟੀ ਇਲਾਕਾ ਹੈ ਅਤੇ ਵਾਤਾਵਰਨਿਕ ਸੰਕਟਾਂ ਕਰਕੇ ਪੈਦਾ ਹੋ ਰਹੀਆਂ ਬੇਨਿਯਮੀਆਂ ਕਰਕੇ ਕਮਜ਼ੋਰ ਹੈ, ਜਿਸ ਨੂੰ ਰੋਕਣਾ ਕਿਸੇ ਦੇ ਬਸ ਵਿਚ ਨਹੀਂ। ਗੰਗਾ ਦਰਿਆ ਦੇ ਨੈੱਟਵਰਕ ਦੇ ਵਿਗੜ ਰਹੇ ਵਾਤਾਵਰਨਿਕ ਵਹਾਅ ਤੋਂ ਪੈਦਾ ਹੋਣ ਵਾਲੇ ਦੂਜੇ ਤੱਤ ਇਲਾਕੇ ਦੇ ਵਸਨੀਕਾਂ ਦੀਆਂ ਮੁਸ਼ਕਿਲਾਂ ਵਿਚ ਵਾਧਾ ਕਰਕੇ ਹਨ। ਅਸੀਂ ਮੰਨਦੇ ਹਾਂ ਕਿ ਦੋਹਾਂ ਦੇਸ਼ਾਂ ਦੇ ਇਨ੍ਹਾਂ ਖੇਤਰਾਂ ਦੇ ਵਾਸੀਆਂ ਦੀ ਰੋਜ਼ੀ-ਰੋਟੀ ਵਿਚ ਸੁਧਾਰ ਖਾਤਰ ਵਾਤਾਵਰਨ ਵਿਚ ਸੁਧਾਰ ਕਰਨ ਦੇ ਛੋਟੇ ਰਸਤੇ ਨਹੀਂ ਅਪਣਾਉਣੇ ਚਾਹੀਦੇ। ਇਸ ਕਰਕੇ ਉਪਰ ਦਿਤੇ ਸੁਝਾਵਾਂ 'ਤੇ ਧਿਆਨਪੂਰਵਕ ਵਿਚਾਰ ਕਰਨਾ ਲੋੜੀਂਦਾ ਹੈ।

*(ਲੇਖਕ ਕ੍ਰਮਵਾਰ ਸਾਬਕ ਨਿਰਦੇਸ਼ਕ, ਸੈਂਟਰਲ ਰੀਸਰਚ ਇੰਸਟੀਚਿਊਟ ਫਾਰ ਜੂਟ ਐਂਡ ਅਲਾਈਡ ਫਾਈਬਰਜ਼, ਬੈਰਕਪੁਰ, ਪੱਛਮੀ ਬੰਗਾਲ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਸੈਂਟਰਲ ਰੀਸਰਚ ਇੰਸਟੀਚਿਊਟ ਫਾਰ ਜੂਟ ਐਂਡ ਅਲਾਈਡ ਫਾਈਬਰਜ਼, ਬੁਡਬੁਡ ਬੁਰਦਵਾਨ, ਪੱਛਮੀ ਬੰਗਾਲ ਹਨ।)*

*e-mail :hssen.india@gmail.com*

*:dipankarghoraivk@gmail.com*

# ਘੱਗਰ ਦਰਿਆ : ਪ੍ਰਦੂਸ਼ਨ ਤੇ ਸੰਭਾਵੀ ਉਪਾਅ


ਚਰਨਜੀਤ ਸਿੰਘ 'ਨਾਭਾ'

ਇਤਿਹਾਸ :ਵਰਤਮਾਨ ਘੱਗਰ ਦਰਿਆ ਕਿਸੇ ਸਮੇਂ ਸਰਸਵਤੀ ਨਦੀ ਦਾ ਹਿੱਸਾ ਸੀ, ਜਿਸ ਨੂੰ ਡੂੰਘੀਆਂ ਵਿਗਿਆਨਕ ਖੋਜਾਂ ਨੇ ਪੁਖਤਾ ਸਬੂਤਾਂ ਨਾਲ ਸਿੱਧ ਕੀਤਾ ਹੈ। ਲਗਭਗ ਦਸ ਹਜ਼ਾਰ ਸਾਲ ਪਹਿਲਾਂ ਜਦੋਂ ਮੌਸਮੀ ਤਬਦੀਲੀਆਂ ਕਾਰਨ ਹਿਮਾਲਿਆ ਤੋਂ ਵੱਡੀਆਂ ਨਦੀਆਂ ਰਾਹੀਂ ਤੇਜ਼ ਪਾਣੀ ਮੈਦਾਨੀ ਇਲਾਕਿਆਂ ਵਿਚ ਪਹੁੰਚਣੇ ਸ਼ੁਰੂ ਹੋਏ ਤਾਂ ਇਨ੍ਹਾਂ ਨਦੀਆਂ ਦੁਆਲੇ ਸਭਿਆਤਾਵਾਂ ਦਾ ਵਿਕਾਸ ਹੋਇਆ। ਪਾਣੀ ਦੀ ਉਪਲਬਧਤਾ ਅਤੇ ਜ਼ਰਖੇਜ਼ ਧਰਤੀ ਨੇ ਖੇਤੀਬਾੜੀ ਅਤੇ ਹੋਰ ਕਿੱਤਿਆਂ ਨੂੰ ਵਧਾਇਆ। ਅੱਜ ਦਾ ਰਾਜਸਥਾਨ ਉਸ ਸਮੇਂ ਸਭ ਤੋਂ ਰੰਗਲਾ, ਹਰਿਆ-ਭਰਿਆ ਮੈਦਾਨ ਸੀ ਕਿਉਂਕਿ ਪੱਛਮੀ ਗੜ੍ਹਵਾਲ ਦੇ ਗਲੇਸ਼ੀਅਰਾਂ ਤੋਂ ਨਿਕਲੀ ਸਰਸਵਤੀ ਨਦੀ ਹਿਮਾਚਲ, ਪੰਜਾਬ, ਹਰਿਆਣਾ ਤੋਂ ਹੁੰਦੀ ਹੋਈ ਅਤੇ ਰਾਜਸਥਾਨ ਨੂੰ ਸਿੰਜਦੀ ਗੁਜਰਾਤੋਂ ਪਾਰ ਕੱਛ ਦੀ ਖਾੜੀ ਰਾਹੀਂ ਅਰਬ ਸਾਗਰ ਵਿਚ ਡਿਗਦੀ ਸੀ। ਇਸ ਦਾ ਜ਼ਿਕਰ ਵੱਖ-ਵੱਖ ਵੇਦਾਂ, ਪੁਰਾਣਾਂ, ਮਨੂ ਸਮ੍ਰਿਤੀ, ਮਹਾਂਭਾਰਤ ਆਦਿ ਗ੍ਰੰਥਾਂ ਵਿਚ ਵੀ ਆਉਂਦਾ ਹੈ। ਰਿਗਵੇਦ ਅਨੁਸਾਰ ਇਸ ਖੇਤਰ ਵਿਚ ਸੱਤ ਵੱਡੀਆਂ ਨਦੀਆਂ ਵਹਿੰਦੀਆਂ ਸਨ : ਜਿਨ੍ਹਾਂ ਵਿਚ ਸਰਸਵਤੀ ਅਤੇ ਸਿੰਧੂ ਪ੍ਰਮੁੱਖ ਨਦੀਆਂ ਤੋਂ ਇਲਾਵਾ ਸ਼ਤਾਦਰੂ (ਸਤਲੁਜ), ਬਿਪਾਸ਼ਾ (ਬਿਆਸ), ਅਸਕਿਨੀ (ਚਨਾਬ), ਅਰਾਵਤੀ (ਰਾਵੀ) ਅਤੇ ਵਿਤਾਸ਼ਾ (ਜੇਹਲਮ) ਸਨ।

ਸਰਸਵਤੀ ਦੀਆਂ ਸਹਾਇਕ ਨਦੀਆਂ ਵਿਚ ਸ਼ਤਾਦਰੂ (ਸਤਲੁਜ), ਯਮੁਨਾ ਅਤੇ ਦ੍ਰਿਸਦੇਵਤੀ (ਘੱਗਰ) ਪ੍ਰਮੁੱਖ ਸਨ। ਲਗਭਗ 2000 ਸਾਲ ਤਕ ਸਰਸਵਤੀ ਇਸ ਜ਼ਰਖੇਜ਼ ਧਰਤੀ ਦੀ ਰੂਹ ਬਣੀ ਰਹੀ। ਪਰ ਹੁਣ ਤੋਂ ਅੰਦਾਜ਼ਨ 6000 ਸਾਲ ਪਹਿਲਾਂ ਹਿਮਾਲਿਆ ਦੀ ਹੋਈ ਉਥਲ-ਪੁਥਲ ਤੋਂ ਬਾਅਦ ਸਰਸਵਤੀ ਨਦੀ ਆਪਣੇ ਮੂਲ ਜਲ ਸਰੋਤਾਂ ਤੋਂ ਨਿੱਖੜ ਗਈ ਅਤੇ ਸਿਰਫ਼ ਸਹਾਇਕ ਨਦੀਆਂ ਦੇ ਨੀਰ ਨਾਲ ਜਿਉਂਦੀ ਰਹੀ। ਫਿਰ ਸਹਾਇਕ ਨਦੀਆਂ ਖ਼ਾਸ ਕਰਕੇ ਸਤਲੁਜ ਅਤੇ ਯਮੁਨਾ ਨੇ ਆਪਣਾ ਰੁਖ਼ ਬਦਲ ਲਿਆ ਅਤੇ ਸਰਸਵਤੀ ਨੀਰ-ਰਹਿਤ ਹੁੰਦੀ ਚਲੀ ਗਈ। ਸਬਜ਼ ਰਾਜਸਥਾਨ ਰੇਤਲਾ ਅਤੇ ਬੰਜਰ ਬਣਨ ਲੱਗਾ ਅਤੇ ਇਹ ਸਰਸਵਤੀ ਰਾਜਸਥਾਨ ਦੇ ਰੇਤ ਦੇ ਟਿੱਬਿਆਂ ਵਿਚ ਆਪਣਾ ਵਜੂਦ ਗੁਆ ਬੈਠੀ। ਇਸ ਨਦੀ ਨੂੰ ਰਾਜਸਥਾਨ ਵਿਚ ਹਜਰਾ ਅਤੇ ਸਿੰਧ ਵਿਚ ਨਾਰਾ ਨਦੀ ਕਹਿੰਦੇ ਹਨ।

## ਮੌਜੂਦਾ ਭੂਗੋਲਿਕ ਸਥਿਤੀ

ਘੱਗਰ ਅੱਜ ਸਰਸਵਤੀ ਦੇ ਅਵਸ਼ੇਸ਼ ਵਜੋਂ ਹਿਮਾਚਲ, ਹਰਿਆਣਾ ਅਤੇ ਪੰਜਾਬ ਦੀ ਧਰਤੀ 'ਤੇ ਮੌਜੂਦ ਹੈ ਜਿਸ ਦੇ ਨੀਰ ਦਾ ਆਪਣਾ ਕੋਈ ਸਰੋਤ ਨਹੀਂ ਰਿਹਾ ਜਿਸ ਕਾਰਨ ਇਹ ਸਹਿਕਦੀ ਹੀ ਨਜ਼ਰ ਆਉਂਦੀ ਹੈ। ਸਿਰਮੌਰ ਦੀ ਪਹਾੜੀ ਤੋਂ ਬਰਸਾਤੀ ਪਾਣੀ ਦੇ ਨਿਕਾਸ ਦੇ ਤੌਰ ਤੇ ਇਸ ਦਾ ਆਰੰਭ ਹੁੰਦਾ ਹੈ ਅਤੇ ਇਹ ਹਰਿਆਣਾ ਦੇ ਮੋਰਨੀ ਪਹਾੜਾਂ ਵਿਚ ਹੁੰਦੀ ਪੰਜਾਬ ਦੇ ਮੈਦਾਨੀ ਇਲਾਕੇ ਵਿਚ ਪੰਜਾਬ ਅਤੇ ਹਰਿਆਣਾ ਦੀ ਸੂਬਾਈ ਹੱਦ ਬਣਦੀ ਰਾਜਸਥਾਨ ਦੇ ਟਿੱਬਿਆਂ ਵਿਚ ਲੋਪ ਹੋ ਜਾਂਦੀ ਹੈ। ਹੁਣ ਘੱਗਰ ਦਰਿਆ ਜਿਹੜੇ ਕਦੇ ਸਰਸਵਤੀ ਨਦੀ ਦੇ ਤੌਰ ਤੇ ਵੇਦਾਂ, ਪੁਰਾਣਾਂ ਅਤੇ ਹੋਰ ਧਾਰਮਿਕ ਗ੍ਰੰਥਾਂ ਵਿਚ ਪੂਜਿਆ ਜਾਂਦਾ ਸੀ, ਦਾ ਵਜੂਦ ਅੱਜ ਪੰਜਾਬ ਦੇ ਮਾਲਵੇ ਦੇ ਵੱਡੇ ਖਿੱਤੇ, ਹਰਿਆਣਾ ਅਤੇ ਹਿਮਾਚਲ ਦੇ ਕੁਝ ਖੇਤਰ ਦਾ ਸੀਵਰੇਜ ਅਤੇ ਬਰਸਾਤ ਦਾ ਪਾਣੀ ਲਿਜਾਉਣ ਵਾਲੇ ਨਾਲੇ ਦੇ ਰੂਪ ਵਿਚ ਹੀ ਰਹਿ ਗਿਆ ਹੈ।



ਪੁਰਾਤਨ ਅਤੇ ਵਰਤਮਾਨ ਸਮੇਂ ਵਿਚ ਦਰਿਆਵਾਂ ਦਾ ਵਹਾਅ

## ਦੂਸ਼ਿਤ ਪਾਣੀ ਦੀ ਸਮੱਸਿਆ

ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਦੇ ਪੰਨਾ 438 'ਤੇ ਇਸ ਨਦੀ ਦੀ ਇਤਿਹਾਸਕ ਮਹੱਤਤਾ ਨੂੰ ਦਰਸਾਇਆ ਗਿਆ ਹੈ, ਪਰ ਹੁਣ ਇਹ ਨਦੀ ਦੂਸ਼ਿਤ ਨਦੀ ਵਜੋਂ ਵੀ ਇਤਿਹਾਸ ਦੇ ਪੰਨਿਆਂ 'ਤੇ ਆਪਣਾ ਨਾਮ ਅੰਕਿਤ ਕਰਵਾਉਣ ਲਈ ਸਭ ਤੋਂ ਅੱਗੇ ਹੈ। ਇਸ ਨਦੀ ਦੇ ਜਲ ਪ੍ਰਦੂਸ਼ਨ ਦੇ ਸਰੋਤਾਂ ਨੂੰ ਸਮਝਣ ਲਈ ਇਸ ਦੇ ਸਹਾਇਕ ਨਾਲਿਆਂ ਨੂੰ ਮੌਜੂਦਾ ਭੂਗੋਲਿਕ ਹੱਦਾਂ ਦੇ ਦਾਇਰੇ ਹੇਠ ਰਹਿ ਕੇ ਵਿਚਾਰਨਾ ਹੋਵੇਗਾ।

- *ਹਿਮਾਚਲ ਪ੍ਰਦੇਸ਼ :* ਕਿਉਂਕਿ ਇਹ ਦਰਿਆ ਸਿਰਮੌਰ ਦੀਆਂ ਪਹਾੜੀਆਂ ਤੋਂ ਨਿਕਲਦਾ ਹੈ ਤਾਂ ਨਾਹਨ, ਕਾਲਾ ਅੰਬ, ਪਰਵਾਣੂ ਆਦਿ ਦਾ ਨਿਕਾਸ ਇਸ ਨੂੰ ਪਲੀਤ ਕਰਨਾ ਸ਼ੁਰੂ ਕਰਦਾ ਹੈ। ਕਾਲੇ ਅੰਬ ਦਾ ਨਿਕਾਸ ਜੱਟਾਂ ਵਾਲੇ ਚੋਅ ਰਾਹੀਂ ਮਾਰਕੰਡਾ ਨਦੀ ਵਿਚ ਪੈਂਦਾ ਹੈ ਜਦ ਕਿ ਪਰਵਾਣੂ ਦਾ ਨਿਕਾਸ ਕੁਸ਼ੱਲਿਆ ਚੋਅ ਦੁਆਰਾ ਘੱਗਰ ਵਿਚ ਪੈਂਦਾ ਹੈ।
- *ਹਰਿਆਣਾ :* ਜਦੋਂ ਇਹ ਦਰਿਆ

ਹਰਿਆਣਾ ਵਿਚ ਦਾਖ਼ਲ ਹੁੰਦਾ ਹੈ ਤਾਂ ਪੰਚਕੂਲਾ ਦਾ ਨਿਕਾਸ ਸਿੰਘ ਚੋਅ ਰਾਹੀਂ ਸੁਖਨਾ ਚੋਅ ਵਿਚ ਅਤੇ ਅੰਤ ਸੁਖਨਾ ਚੋਅ ਜ਼ੀਰਕਪੁਰ ਨੇੜੇ ਘੱਗਰ ਤਕ ਲੈ ਜਾਂਦਾ ਹੈ।

***ਘੇਲ ਨਾਲਾ :*** ਇਹ ਨਾਲਾ ਅੰਬਾਲਾ ਸ਼ਹਿਰ ਅਤੇ ਉਦਯੋਗਾਂ ਦਾ ਸਾਰਾ ਅਣਸੋਧਿਆ ਨਿਕਾਸ ਲੈ ਕੇ ਪਿੰਡ ਉਨਤਸਰ (ਜ਼ਿਲ੍ਹਾ ਪਟਿਆਲਾ) ਨੇੜੇ ਘੱਗਰ ਦਰਿਆ ਵਿਚ ਡਿੱਗਦਾ ਹੈ।

***ਟਾਂਗਰੀ-ਮਾਰਕੰਡਾ ਨਦੀਆਂ :*** ਇਨ੍ਹਾਂ ਨਦੀਆਂ ਵਿਚ ਹਰਿਆਣਾ ਦੇ ਕੁਝ ਸ਼ਹਿਰਾਂ, ਖ਼ਾਸ ਕਰਕੇ ਸ਼ਾਹਬਾਦ ਮਾਰਕੰਡਾ, ਸਢੌਰਾ ਆਦਿ ਅਤੇ ਲਾਗਲੇ ਪਿੰਡਾਂ ਦਾ ਅਣਸੋਧਿਆ ਪਾਣੀ ਅਤੇ ਵੱਖ-ਵੱਖ ਉਦਯੋਗਾਂ ਦਾ ਨਿਕਾਸ ਪੈਂਦਾ ਹੈ। ਟਾਂਗਰੀ ਨਦੀ ਪਿੰਡ ਬੁੱਧਮੌੜ (ਪੰਜਾਬ) ਲਾਗੇ ਮਾਰਕੰਡਾ ਨਦੀ ਵਿਚ ਮਿਲਦੀ ਹੈ ਜੋ ਅੱਗੇ ਹਰਿਆਣਾ ਦੇ ਪਿੰਡ ਧਨਹੋਤਾ ਨੇੜੇ ਘੱਗਰ ਵਿਚ ਮਿਲ ਜਾਂਦੀ ਹੈ।

***ਸਾਗਰ ਪਾੜਾ ਨਾਲਾ :*** ਇਸ ਨੂੰ ਸਰਸਵਤੀ ਡਰੇਨ ਵੀ ਕਿਹਾ ਜਾਂਦਾ ਹੈ ਜੋ ਕੁਰੂਕਸ਼ੇਤਰ, ਸ਼ਾਹਬਾਦ ਅਤੇ ਪਹੇਵਾ ਸ਼ਹਿਰ ਦਾ ਗੰਦਾ ਪਾਣੀ ਅਤੇ ਲਾਗਲੇ ਉਦਯੋਗਾਂ ਦਾ ਗੰਦਾ ਪਾਣੀ ਪਿੰਡ ਰਸੌਲੀ (ਪਾਤੜਾਂ) ਨੇੜੇ ਘੱਗਰ ਵਿਚ ਪਾਉਂਦਾ ਹੈ।


***ਕੈਥਲ ਨਾਲਾ :*** ਇਹ ਨਾਲਾ ਕੈਥਲ ਅਤੇ ਇਸ ਡਰੇਨ ਦੇ ਲਾਗਲੇ ਪਿੰਡ ਅਤੇ ਉਦਯੋਗਾਂ ਦਾ ਨਿਕਾਸ ਖਨੌਰੀ (ਪੰਜਾਬ) ਨੇੜੇ ਘੱਗਰ ਵਿਚ ਸੁੱਟਦਾ ਹੈ।

- *ਪੰਜਾਬ :* ਘੱਗਰ ਨਦੀ ਪੰਜਾਬ ਅਤੇ ਹਰਿਆਣਾ ਦੀ ਹੱਦ ਦੇ ਨਾਲ-ਨਾਲ ਵਹਿੰਦੀ ਅੰਤਰਰਾਜੀ ਸਰਹੱਦ ਵੀ ਹੈ, ਜਿਸ ਕਾਰਨ ਇਸ ਦੀ ਦੁਰਦਸ਼ਾ ਹੋਰ ਦਰਿਆਵਾਂ ਨਾਲੋਂ ਜ਼ਿਆਦਾ ਹੈ ਕਿਉਂਕਿ ਇਸ ਦੀ ਗੁਣਵੱਤਾ ਨੂੰ ਸਿਆਸੀ ਗੁਣਵੱਤਾ ਦੇ ਪੈਮਾਨੇ 'ਤੇ ਜ਼ਿਆਦਾ ਪਰਖਿਆ ਜਾਂਦਾ ਹੈ। ਤਦੇ ਇਸ ਦੇ ਲਾਗਲੇ ਲੋਕ ਆਏ ਸਾਲ ਬਰਸਾਤ ਵਿਚ ਹੜ੍ਹਾਂ ਦੀ ਮਾਰ ਝੱਲਦੇ ਹਨ। ਹੜ੍ਹਾਂ ਦੀ ਮਾਰ ਵੀ ਆਮ ਦਰਿਆਵਾਂ ਦੇ ਹੜ੍ਹਾਂ ਤੋਂ ਵੱਖਰੀ ਹੁੰਦੀ ਹੈ ਕਿਉਂਕਿ ਘੱਗਰ ਦੇ ਹੜ੍ਹਾਂ ਨਾਲ ਸਮੁੱਚਾ ਗੰਦਾ ਪਾਣੀ ਜੋ ਇਸ ਵਿਚ ਵਹਿ ਰਿਹਾ ਹੁੰਦਾ ਹੈ, ਆਲੇ-ਦੁਆਲੇ ਵੜ ਕੇ ਖੇਤਾਂ, ਘਰਾਂ ਵਿਚ ਕਹਿਰ ਢਾਹੁੰਦਾ ਹੈ। ਜਦੋਂ ਇਹ ਦਰਿਆ ਜ਼ੀਰਕਪੁਰ ਨੇੜੇ ਪੰਜਾਬ ਵਿਚ ਦਾਖ਼ਲ ਹੁੰਦਾ ਹੈ ਉਦੋਂ ਤੋਂ ਹੀ ਵੱਖ-ਵੱਖ ਚੋਅ ਅਤੇ ਨਾਲੇ ਇਸ ਨੂੰ ਦੂਸ਼ਿਤ ਕਰਨ ਲਗਦੇ ਹਨ।

***ਸੁਖਨਾ ਚੋਅ :*** ਇਹ ਚੰਡੀਗੜ੍ਹ ਅਤੇ ਪੰਚਕੂਲਾ ਦਾ ਨਿਕਾਸ ਲੈ ਕੇ ਭੰਖਰਪੁਰ ਨੇੜੇ ਘੱਗਰ ਵਿਚ ਡਿੱਗਦਾ ਹੈ।

***ਢਾਬੀ ਨਾਲਾ :*** ਇਸ ਵਿਚ ਡੇਰਾਬਸੀ ਸ਼ਹਿਰ ਦਾ ਨਿਕਾਸ ਖੁੱਲ੍ਹੇ ਨਾਲੇ ਰਾਹੀਂ ਅਤੇ ਉਦਯੋਗਿਕ ਫੋਕਲ ਪੁਆਇੰਟ ਡੇਰਾਬਸੀ ਦਾ ਪਾਣੀ ਡਿੱਗਦਾ ਹੈ ਅਤੇ ਇਹ ਢਾਬੀ ਨਾਲਾ ਵੀ ਭੰਖਰਪੁਰ ਨੇੜੇ ਘੱਗਰ ਵਿਚ ਡਿੱਗਦਾ ਹੈ।

***ਬਰਸੌਲੀ ਨਾਲਾ :*** ਇਹ ਨਾਲਾ ਛਛਰੌਲੀ ਤੋਂ ਸ਼ੁਰੂ ਹੋ ਕੇ ਜੌਲਾਂ-ਕਲਾਂ, ਸਰਸਿਣੀ, ਸਿਤਾਰਪੁਰ ਅਤੇ ਬਰਸੌਲੀ ਆਦਿ ਅਤੇ ਲਾਗਲੇ ਪਿੰਡਾਂ ਦਾ ਨਿਕਾਸ ਲੈ ਕੇ ਝਰਮਲ ਚੋਅ ਵਿਚ ਮਿਲ ਜਾਂਦਾ ਹੈ।



ਘੱਗਰ ਦਰਿਆ ਦੇ ਪ੍ਰਦੂਸ਼ਣ ਸਰੋਤ

***ਝਰਮਲ ਚੋਅ :*** ਇਹ ਚੋਅ ਦੱਪਰ, ਚੌਂਧਹੇੜੀ, ਸਮਾਲਹੇੜੀ, ਹਸਨਪੁਰ, ਲਾਲੜੂ, ਡੈਹਰ ਅਤੇ ਟਿਵਾਣਾ ਪਿੰਡਾਂ ਦਾ ਨਿਕਾਸ ਲੈ ਕੇ ਟਿਵਾਣਾ ਪਿੰਡ ਤੋਂ ਥੋੜ੍ਹਾ ਥੱਲੇ ਘੱਗਰ ਵਿਚ ਲੀਨ ਹੋ ਜਾਂਦਾ ਹੈ।

***ਹਸਨਪੁਰ ਅਤੇ ਸਰਸਿਣੀ ਚੋਅ :*** ਇਹ ਚੋਅ ਵੀ ਘੱਗਰ ਦਰਿਆ ਵਿਚ ਡਿੱਗਦੇ ਹਨ।

***ਢਕਾਨਸੂ ਨਾਲਾ :*** ਇਸ ਵਿਚ ਚੰਡੀਗੜ੍ਹ, ਮੁਹਾਲੀ ਦੇ ਨਿਕਾਸ ਤੋਂ ਇਲਾਵਾ ਬਨੂੜ, ਰਾਜਪੁਰਾ ਦਾ ਅਣਸੋਧਿਆ ਪਾਣੀ ਡਿੱਗਦਾ ਹੈ ਅਤੇ ਇਹ ਨਾਲਾ ਸਰਾਲਾ ਖੁਰਦ (ਘਨੌਰ) ਲਾਗੇ ਘੱਗਰ ਦਰਿਆ ਵਿਚ ਮਿਲ ਜਾਂਦਾ ਹੈ।

***ਪਟਿਆਲਾ ਨਦੀ :*** ਇਸ ਨੂੰ ਪਟਿਆਲਾ ਕੀ ਰਾਓ ਕਰਕੇ ਵੀ ਜਾਣਿਆ ਜਾਂਦਾ ਰਿਹਾ ਹੈ ਜਿਸ ਦਾ ਆਰੰਭ ਸ਼ਿਵਾਲਿਕ ਦੀਆਂ ਪਹਾੜੀਆਂ (ਜ਼ਿਲ੍ਹਾ ਰੋਪੜ) ਤੋਂ ਸ਼ੁਰੂ ਹੁੰਦਾ ਰਿਹਾ ਹੈ। ਇਹ ਨਦੀ ਵੀ ਵੱਖ-ਵੱਖ ਸ਼ਹਿਰਾਂ ਤੇ ਪਿੰਡਾਂ ਦੇ ਨਿਕਾਸ ਤੋਂ ਬਿਨਾਂ ਕੁਝ ਵੀ ਨਹੀਂ ਕਿਉਂਕਿ ਇਸ ਦੇ ਪਾਣੀਆਂ ਨੂੰ ਮੁੱਲਾਂਪੁਰ ਗਰੀਬਦਾਸ ਨੇੜੇ ਪਿੰਡ ਪੜਚ ਲਾਗੇ ਬੰਨ੍ਹ ਮਾਰ ਕੇ ਖੇਤੀ ਲਈ ਵਰਤਿਆ ਜਾਣ ਲੱਗਾ ਹੈ। ਇਸ ਵਿਚ ਪਟਿਆਲਾ ਅਤੇ ਸਨੌਰ ਤੋਂ ਇਲਾਵਾ ਧਨੌਰੀ, ਡਕਾਲਾ, ਡਰੋਲਾ, ਡਰੋਲੀ, ਦੂਧਨ, ਜਲਾਲਖੇੜਾ, ਕਲਾਰਾਂ, ਭੈਣੀ, ਪੁਸਰੋਪੁਰ, ਮੈਣ, ਸ਼ੇਰਮਾਜਰਾ, ਤਰੇਨ, ਹਾਜੀਮਾਜਰਾ ਪਿੰਡਾਂ ਦਾ ਪਾਣੀ ਲੈ ਕੇ ਰਤਨਹੇੜੀ ਨੇੜੇ ਘੱਗਰ ਵਿਚ ਪੈਂਦੀ ਹੈ।

***ਝੰਬੋਵਾਲੀ ਚੋਅ :*** ਇਹ ਚੋਅ ਸਮਾਣਾ, ਦੁਗਾਲ, ਹਰਿਆਓਂ, ਖਾਨੇਵਾਲ, ਨਵਾਂ ਗਾਉਂ, ਪਾਤੜਾਂ ਦਾ ਨਿਕਾਸ ਲੈ ਕੇ ਪਿੰਡ ਚੰਦੂ (ਸੰਗਰੂਰ) ਨੇੜੇ ਘੱਗਰ ਵਿਚ ਡਿੱਗਦਾ ਹੈ।

***ਸਰਹੰਦ ਚੋਅ :*** ਇਸ ਵਿਚ ਸਰਹੰਦ, ਬਸੀ ਪਠਾਣਾ, ਮੰਡੀ ਗੋਬਿੰਦਗੜ੍ਹ, ਨਾਭਾ, ਸੰਗਰੂਰ, ਸੁਨਾਮ, ਲੌਂਗੋਵਾਲ, ਭੀਖੀ ਦਾ ਨਿਕਾਸ ਪੈਂਦਾ ਹੈ ਅਤੇ ਇਹ ਪਿੰਡ ਖਾਈ (ਜ਼ਿਲ੍ਹਾ ਮਾਨਸਾ) ਲਾਗੇ ਘੱਗਰ ਵਿਚ ਡਿੱਗਦਾ ਹੈ।

***ਲਹਿਰਾਗਾਗਾ ਚੋਅ :*** ਇਹ ਲਹਿਰਾਗਾਗਾ ਸ਼ਹਿਰ ਅਤੇ ਲਾਗਲੇ ਪਿੰਡਾਂ ਦਾ ਨਿਕਾਸ ਲੈ ਕੇ ਪਿੰਡ ਚਾਂਦਪੁਰ (ਹਰਿਆਣਾ) ਲਾਗੇ ਘੱਗਰ ਵਿਚ ਮਿਲਦਾ ਹੈ।

ਇਨ੍ਹਾਂ ਚੋਆਂ ਅਤੇ ਨਾਲਿਆਂ ਸਮੇਤ ਪੰਜਾਬ ਦੇ ਰਤਨਹੇੜੀ, ਹਰਚੰਦਪੁਰਾ, ਨਵਾਂ ਹਰਚੰਦਪੁਰਾ, ਰਸੌਲੀ, ਛਿਛਰਵਾਲ, ਖਨੌਰੀ, ਅਰਨੇਟੂ, ਚੰਦੂ, ਮੰਡਵੀ, ਮਕਰੌੜ ਸਾਹਿਬ, ਫਲਾਦ, ਮੂਣਕ, ਭੂੰਦੜ, ਸਰਦੂਲਗੜ੍ਹ (ਥੋੜ੍ਹਾ ਸੋਧਣ ਬਾਅਦ) ਅਤੇ ਹਰਿਆਣਾ ਦੇ ਜਾਖਲ ਅਤੇ ਰੱਤੀਆਂ ਦਾ ਨਿਕਾਸ ਸਿੱਧੇ ਤੌਰ ਤੇ ਘੱਗਰ ਦਰਿਆ ਵਿਚ ਡਿੱਗਦਾ ਰਿਹਾ ਹੈ।

ਉਪਰੋਕਤ ਸਾਰੇ ਨਾਲਿਆਂ, ਚੋਆਂ ਅਤੇ ਘੱਗਰ ਦਰਿਆ ਦੇ ਨਾਲ-ਨਾਲ ਪੰਜਾਬ ਵਿਚ ਸਥਿਤੀ ਸਾਰੇ ਵੱਡੇ, ਦਰਮਿਆਨੇ ਅਤੇ ਛੋਟੇ ਉਦਯੋਗਾਂ ਨੇ ਬੇਸ਼ੱਕ ਜਲ ਸੋਧਕ ਯੰਤਰ ਲਗਾਏ ਹੋਏ ਹਨ ਅਤੇ ਇਨ੍ਹਾਂ ਪਲਾਂਟਾਂ ਦੀ ਨਿਰੰਤਰ ਮੋਨੀਟਰਿੰਗ ਕੀਤੀ ਜਾਂਦੀ ਹੈ ਅਤੇ ਪਾਣੀ ਕਿਸੇ ਵੀ ਨਦੀ ਨਾਲੇ ਜਾਂ ਚੋਅ ਵਿਚ ਪਾਏ ਜਾਣਾ ਕਾਨੂੰਨੀ ਤੌਰ ਤੇ ਵਰਜਿਤ ਹੈ ਪਰ ਇਨ੍ਹਾਂ ਉਦਯੋਗਾਂ ਨੂੰ ਪੂਰੀ ਤਰ੍ਹਾਂ ਕਲੀਨ ਚਿਟ ਵੀ ਨਹੀਂ ਦਿਤੀ ਜਾ ਸਕਦੀ ਅਤੇ ਇਨ੍ਹਾਂ 'ਤੇ ਬਾਜ ਅੱਖ ਰੱਖਣੀ ਸਮੇਂ ਦੀ ਮੰਗ ਹੈ। ਜਦ ਕਿ ਹਰਿਆਣਾ ਦੇ ਬਹੁਤੇ ਉਦਯੋਗ ਅਜੇ ਵੀ ਨਾਲਿਆਂ, ਚੋਆਂ ਅਤੇ

ਨਦੀਆਂ ਵਿਚ ਗੰਦੇ-ਪਾਣੀ ਤੇ ਰਸਾਇਣ ਦਾ ਨਿਕਾਸ ਕਰਕੇ ਘੱਗਰ ਤਕ ਪਹੁੰਚਾ ਰਹੇ ਹਨ।

## ਉਪਰਾਲੇ

ਘੱਗਰ ਦੇ ਦੂਸ਼ਿਤ ਪਾਣੀ ਦੀ ਇਕ ਵਿਕਰਾਲ ਸਮੱਸਿਆ ਹੈ ਜਿਸ ਬਾਰੇ ਲੰਬੇ ਸਮੇਂ ਦੀ ਟਾਲ-ਮਟੋਲ ਤੋਂ ਬਾਅਦ ਹੁਣ ਸਰਕਾਰਾਂ ਨੇ ਸੋਚਣਾ ਹੀ ਨਹੀਂ ਸਗੋਂ ਕਾਰਗਰ ਕਦਮ ਚੁੱਕਣੇ ਸ਼ੁਰੂ ਕੀਤੇ ਹਨ। ਜਿਸ ਵਿਚ ਵੱਖ-ਵੱਖ ਸ਼ਹਿਰਾਂ ਜਿਨ੍ਹਾਂ ਦਾ ਗੰਦਾ ਪਾਣੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਘੱਗਰ ਵਿਚ ਡਿੱਗ ਰਿਹਾ ਹੈ, ਵਿਚ ਸੀਵੇਜ ਟਰੀਟਮੈਂਟ ਪਲਾਂਟ ਲਗਾਉਣਾ ਪ੍ਰਮੁੱਖ ਹਨ।


● *ਹਿਮਾਚਲ ਪ੍ਰਦੇਸ਼ :* ਨਾਹਨ, ਕਾਲਾ ਅੰਬ ਅਤੇ ਪ੍ਰਵਾਣੂ ਦੇ ਉਦਯੋਗਾਂ ਅਤੇ ਸ਼ਹਿਰੀ ਨਿਕਾਸ ਦਾ ਕੋਈ ਟਰੀਟਮੈਂਟ ਪਲਾਂਟ ਅਜੇ ਨਹੀਂ ਲਗਾਇਆ ਗਿਆ ਜਿਸ ਕਾਰਨ ਇਨ੍ਹਾਂ ਸ਼ਹਿਰਾਂ ਦਾ ਅਣਸੋਧਿਆ ਨਿਕਾਸ ਅਜੇ ਵੀ ਘੱਗਰ ਵਿਚ ਪੈ ਰਿਹਾ ਹੈ।

● *ਹਰਿਆਣਾ :* ਹਰਿਆਣਾ ਦੇ 20 ਸ਼ਹਿਰਾਂ ਦਾ ਨਿਕਾਸ ਘੱਗਰ ਵਿਚ ਪੈ ਰਿਹਾ ਸੀ, ਜਿਨ੍ਹਾਂ ਵਿਚੋਂ ਗਿਆਰਾਂ ਸ਼ਹਿਰਾਂ, ਨਰਾਇਣਗੜ੍ਹ, ਕੈਥਲ, ਕਲਾਇਤ, ਅੰਬਾਲਾ ਸ਼ਹਿਰ, ਗੂਹਲਾ ਚੀਕਾ, ਟੋਹਾਣਾ, ਫ਼ਤਿਆਬਾਦ, ਸਿਰਸਾ (ਕੁੱਝ ਹਿੱਸਾ) ਨਰਵਾਣਾ (ਕੁਝ ਹਿੱਸਾ) ਪੰਚਕੂਲਾ ਅਤੇ ਚੰਡੀ ਮੰਦਿਰ ਦੇ ਕੁੱਲ 199.5 ਮਿਲੀਅਨ ਲੀਟਰ ਪ੍ਰਤਿ ਦਿਨ (ਐੱਮ.ਐੱਲ.ਡੀ.) ਦੀ ਸਮਰੱਥਾ ਵਾਲੇ ਸੀਵੇਜ ਟਰੀਟਮੈਂਟ ਪਲਾਂਟ ਲੱਗ ਚੁੱਕੇ ਹਨ ਅਤੇ ਚਾਲੂ ਹਨ ਅਤੇ ਬਾਕੀ ਨੌਂ ਸ਼ਹਿਰਾਂ ਪਹੇਵਾ, ਸ਼ਾਹਬਾਦ, ਕਾਲਕਾ, ਪਿੰਜੌਰ, ਅੰਬਾਲਾ ਛਾਉਣੀ, ਰੱਤੀਆ, ਸਿਰਸਾ (ਬਾਕੀ ਹਿੱਸਾ) ਏਲਨਾਬਾਦ, ਨਰਵਾਣਾ (ਬਾਕੀ ਹਿੱਸਾ) ਦੇ 73 ਐੱਮ.ਐੱਲ.ਡੀ. ਦੇ ਸੀਵੇਜ ਟਰੀਟਮੈਂਟ ਪਲਾਂਟ ਦਸੰਬਰ 2015 ਤਕ ਲੱਗ ਕੇ ਚਾਲੂ ਹੋ ਜਾਣਗੇ।

● *ਪੰਜਾਬ :* ਕੁੱਲ 21 ਸ਼ਹਿਰਾਂ ਦਾ ਪਾਣੀ ਸਿੱਧੇ, ਅਸਿੱਧੇ ਰੂਪ ਵਿਚ ਘੱਗਰ ਵਿਚ ਜਾ ਰਿਹਾ ਹੈ ਜਿਨ੍ਹਾਂ ਵਿਚੋਂ ਚਾਰ ਸ਼ਹਿਰ, ਜ਼ੀਰਕਪੁਰ, ਸਰਦੂਲਗੜ੍ਹ, ਮੋਹਾਲੀ ਅਤੇ ਸਮਾਣਾ ਦੇ ਕੁੱਲ 76.4 ਐੱਮ.ਐੱਲ.ਡੀ. ਸਮਰੱਥਾ ਦੇ ਸੀਵੇਜ ਟਰੀਟਮੈਂਟ ਪਲਾਂਟ ਚੱਲ ਚੁੱਕੇ ਹਨ। ਜਦ ਕਿ 8 ਸ਼ਹਿਰਾਂ, ਰਾਜਪੁਰਾ, ਮੰਡੀ ਗੋਬਿੰਦਗੜ੍ਹ, ਪਟਿਆਲਾ, ਲਹਿਰਾਗਾਗਾ, ਬਨੂੜ, ਖਨੌਰੀ, ਮੂਣਕ, ਪਾਤੜਾਂ ਦੇ ਕੁੱਲ 109 ਐੱਮ.ਐੱਲ. ਡੀ. ਦੇ ਟਰੀਟਮੈਂਟ ਪਲਾਂਟ ਜੂਨ 2015 ਤਕ ਚਾਲੂ ਹੋ ਜਾਣ ਦੀ ਉਮੀਦ ਹੈ। ਇਸ ਤੋਂ ਇਲਾਵਾ 5 ਸ਼ਹਿਰਾਂ, ਡੇਰਾਬਸੀ, ਬਸੀ ਪਠਾਣਾ, ਸਰਹੰਦ, ਨਾਭਾ, ਸਨੌਰ ਦੇ 32 ਐੱਮ.ਐੱਲ.ਡੀ. ਦੇ ਟਰੀਟਮੈਂਟ ਪਲਾਟਾਂ ਦੇ ਪਲਾਟ ਨੂੰ ਅੰਤਿਮ ਛੋਹਾਂ ਦਿਤੀਆਂ ਜਾ ਰਹੀਆਂ ਹਨ ਜਦ ਕਿ ਲੌਂਗੋਵਾਲ, ਸੁਨਾਮ, ਸੰਗਰੂਰ ਅਤੇ ਭੀਖੀ ਦੇ ਲਗਾਏ ਜਾਣ ਵਾਲੇ ਸੀਵਰੇਜ਼ ਟਰੀਟਮੈਂਟ ਪਲਾਂਟ ਅਜੇ ਮੁੱਢਲੀ ਯੋਜਨਾਬੰਦੀ ਅਧੀਨ ਹਨ।

## ਸੁਝਾਅ

● ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਘੱਗਰ ਦਰਿਆ ਵਿਚ ਦੂਸ਼ਿਤ ਪਾਣੀ ਦੀ ਸਮੱਸਿਆ ਇਸ ਦਰਿਆ ਦੇ ਆਪਣੇ ਮੂਲ ਜਲ




ਸ਼ਤਾਦਰੂ (ਸਤਲੁਜ) ਦਾ ਰੁਖ ਸਰਸਵਤੀ ਨਦੀ ਤੋਂ ਟੁਟਦਾ ਹੋਇਆ

ਸਰੋਤ ਤੋਂ ਪੂਰੀ ਤਰ੍ਹਾਂ ਟੁੱਟ ਜਾਣ ਕਾਰਨ ਸ਼ੁਰੂ ਹੋਈ ਹੈ ਕਿਉਂਕਿ ਸਵੱਛ ਪਾਣੀ ਵਿਚ ਸਵੈ ਸ਼ੁੱਧੀਕਰਨ ਦੀ ਇਕ ਬਹੁਤ ਵੱਡੀ ਖ਼ੂਬੀ ਕੁਦਰਤੀ ਨੇ ਨਿਵਾਜ਼ੀ ਹੋਈ ਹੈ। ਜਿੰਨੀ ਦੇਰ ਇਸ ਦਰਿਆ ਲਈ ਲਗਾਤਾਰ ਸਾਫ਼ ਪਾਣੀ ਦੀ ਆਮਦ ਦਾ ਸਰੋਤ ਲੱਭਿਆ ਅਤੇ ਮਿਥਿਆ ਨਹੀਂ ਜਾਂਦਾ ਉਨੀ ਦੇਰ ਸਰਕਾਰ ਦੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਬੂਰ ਪੈਣ ਦੀ ਸੰਭਾਵਨਾ ਬਹੁਤ ਘੱਟ ਹੈ। ਨਦੀਆਂ ਦਾ ਪਾਣੀ ਰਾਜਾਂ ਦਾ ਅਧਿਕਾਰ ਹੈ ਅਤੇ ਇਹ ਦਰਿਆ ਅੰਤਰਰਾਜੀ ਤੇ ਹੱਦ ਹੋਣ ਕਾਰਨ ਇਸ ਵਿਚ ਸਾਫ਼ ਪਾਣੀ ਦੀ ਆਮਦ ਲਈ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਸਿਆਸੀ ਭੇੜਾਂ ਤੋਂ ਉੱਪਰ ਉੱਠ ਕੇ ਪਵਿੱਤਰ ਕਾਲੀ ਵੇਂਈ ਦੀ ਤਰਜ਼ 'ਤੇ ਭਾਖੜਾ ਮੇਨ ਲਾਈਨ ਜਾਂ ਨਰਵਾਣਾ ਫੀਡਰ ਤੋਂ ਪਾਣੀ ਪਾਉਣ ਲਈ ਵਿਚਾਰ ਕਰਨਾ ਚਾਹੀਦਾ ਹੈ ਅਤੇ ਪਾਏ ਜਾਣ ਵਾਲੇ ਪਾਣੀ ਦੀ ਮਾਤਰਾ ਘੱਗਰ ਨਾਲ ਲਗਦੇ ਪੰਜਾਬ ਅਤੇ ਹਰਿਆਣਾ ਦੇ ਖੇਤਰਾਂ ਦੇ ਅਨੁਪਾਤ ਅਨੁਸਾਰ ਮਿੱਥ ਲੈਣੀ ਚਾਹੀਦੀ ਹੈ।

● ਵੱਖ-ਵੱਖ ਪਿੰਡਾਂ ਵਿਚ ਬਹੁਤ ਘੱਟ ਕੀਮਤ (ਜਿਸ ਵਿਚ ਬਿਜਲੀ, ਮਨੁੱਖੀ ਸ਼ਕਤੀ ਅਤੇ ਰਸਾਇਣਾਂ ਤੋਂ ਰਹਿਤ) ਦੀ ਤਕਨਾਲੋਜੀ, ਜੋ ਹੁਣ ਆਮ ਉਪਲਬਧ ਹੈ, ਰਾਹੀਂ ਪਾਣੀ ਨੂੰ ਸੋਧ ਕੇ ਜਾਂ ਤਾਂ ਖੇਤੀ ਲਈ ਵਰਤ ਲਿਆ ਜਾਵੇ ਜਾਂ ਚੋਅ ਆਦਿ ਵਿਚ ਨਿਕਾਸ ਕਰ ਦਿਤਾ ਜਾਵੇ। ਇਸ ਤਕਨਾਲੋਜੀ ਨੂੰ ਅਪਨਾਉਣ ਅਤੇ ਵਰਤਣ ਲਈ ਮਨਰੇਗਾ ਵਰਗੀਆਂ ਸਕੀਮਾਂ ਤੋਂ ਫ਼ੰਡ ਲਏ ਅਤੇ ਵਰਤੇ ਜਾ ਸਕਦੇ ਹਨ ਜਿਸ ਦੇ ਲਈ ਸਥਾਨਕ ਪੰਚਾਇਤਾਂ ਅਧਿਕਾਰਤ ਹਨ।

● ਹਿਮਾਚਲ ਪ੍ਰਦੇਸ਼ 'ਤੇ ਦਬਾਅ ਪਾਇਆ ਜਾਵੇ ਕਿ ਉਹ ਵੀ ਸੀਵੇਜ ਟਰੀਟਮੈਂਟ ਪਲਾਂਟ ਲਗਾਉਣ ਦੇ ਪੁਖਤਾ ਪ੍ਰਬੰਧ ਕਰੇ।

● ਬੇਸ਼ੱਕ ਘੱਗਰ ਲਾਗਲੇ ਸ਼ਹਿਰ ਪਿੰਡਾਂ ਵਿਚ ਪਾਣੀ ਨੂੰ ਸੋਧਣ ਲਈ ਟਰੀਟਮੈਂਟ ਪਲਾਂਟ ਲਗਾਏ ਜਾ ਰਹੇ ਹਨ ਪਰ ਫਿਰ ਵੀ ਪਟਿਆਲਾ ਨਦੀ ਲਈ ਰਤਨਹੇੜੀ ਪਿੰਡ ਨੇੜੇ ਅਤੇ ਝੰਬੋਵਾਲੀ ਚੋਅ ਲਈ ਪਿੰਡ ਚੰਦੂ ਨੇੜੇ ਵੱਖਰੇ ਜਲ ਸੋਧਕ ਪਲਾਂਟ ਲਗਾਏ ਜਾਣ ਦੀ ਤਜਵੀਜ ਵੀ ਬਣਾਈ ਜਾਵੇ ਕਿਉਂਕਿ ਸਰਹੰਦ ਚੋਅ ਦਾ ਪਾਣੀ ਸਮੇਤ ਬਰਸਾਤ ਦੇ ਸਮੇਂ, ਕਦੇ ਵੀ ਘੱਗਰ ਦਰਿਆ ਵਿਚ ਨਹੀਂ ਪਹੁੰਚਦਾ ਸਗੋਂ ਰਸਤੇ ਵਿਚ ਹੀ ਕਿਸਾਨਾਂ ਦੁਆਰਾ ਵਰਤਿਆ ਜਾ ਰਿਹਾ ਹੈ।

ਸਰਕਾਰ ਦੁਆਰਾ ਬਣਾਈ ਗਈ ਨੀਤੀ ਅਨੁਸਾਰ ਵੱਖ-ਵੱਖ ਸ਼ਹਿਰਾਂ ਵਿਚ ਲਗਾਏ ਜਾਣ ਵਾਲੇ ਸੀਵੇਜ ਟਰੀਟਮੈਂਟ ਪਲਾਂਟਾਂ ਤੋਂ ਬਾਅਦ ਸੋਧੇ ਪਾਣੀ ਨੂੰ ਖੇਤੀਬਾੜੀ ਲਈ ਵਰਤੇ ਜਾਣ ਦੀ ਤਜਵੀਜ਼ ਹੈ। ਜੇ ਅਜਿਹਾ ਹੋ ਜਾਂਦਾ ਹੈ ਤਾਂ ਘੱਗਰ ਵਿਚ ਪਾਣੀ ਆਉਣਾ ਕਾਫ਼ੀ ਹੱਦ ਤਕ ਖਤਮ ਹੀ ਹੋ ਜਾਵੇਗਾ। ਸਿੱਟੇ ਵਜੋਂ, ਸਰਸਵਤੀ ਨਦੀ ਦੀ ਨਿਸ਼ਾਨੀ ਇਹ ਘੱਗਰ, ਭਵਿੱਖ ਵਿਚ ਭੂਗੋਲਿਕ ਨਕਸ਼ੇ ਤੋਂ ਸਰਸਵਤੀ ਨਦੀ ਵਾਂਗ ਲੋਪ ਹੋ ਜਾਣ ਦੀਆਂ ਸੰਭਾਵਨਾਵਾਂ ਹੋਰ ਵਧਣੀਆਂ ਕਿਆਸੀਆਂ ਜਾ ਸਕਦੀਆਂ ਹਨ।


*(ਲੇਖਕ ਡਿਪਟੀ ਡਾਇਰੈਕਟਰ (ਲੋਕ ਸੰਪਰਕ) ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ ਹੈ।)*

*e-mail :charanjitnabha1962@gmail.com*

# ਕਾਲੀ ਵੇਈਂ ਦਾ ਪਰਵਾਹ : ਲੋਕਾਂ ਲਈ ਸੁਖ ਦਾ ਸਾਹ

ਡਾ. ਹਰਬੰਸ ਸਿੰਘ ਚਾਹਲ

ਪੰਜਾਬ ਦੇ ਕੇਂਦਰੀ ਖਿੱਤੇ ਦੁਆਬਾ ਵਿਚ ਵਗਦੇ ਬਿਆਸ ਦਰਿਆ ਦੀ ਪ੍ਰਮੁੱਖ ਸਹਾਇਕ ਨਦੀ 160 ਕਿਲੋਮੀਟਰ ਲੰਬੀ ਕਾਲੀ ਵੇਈਂ ਗੁਰੂ ਨਾਨਕ ਦੇਵ ਜੀ ਦੀ ਵਰੋਸਾਈ ਪਵਿੱਤਰ ਨਦੀ ਹੈ ਜਿਸ ਵਿਚ ਗੁਰੂ ਜੀ 14 ਸਾਲ 9 ਮਹੀਨੇ 13 ਦਿਨ ਸੁਲਤਾਨਪੁਰ ਲੋਧੀ ਵਿਖੇ ਆਪਣੀ ਠਹਿਰ ਦੌਰਾਨ ਇਸ਼ਨਾਨ ਕਰਦੇ ਰਹੇ। ਇਸ਼ਨਾਨ ਦੌਰਾਨ ਆਪ ਜੀ ਨੇ ਇਕ ਦਿਨ ਟੁੱਭੀ ਲਗਾ ਕੇ ਗੁਰਬਾਣੀ ਦੇ ਮੂਲ ਮੰਤਰ ਦਾ ਉਚਾਰਨ ਕੀਤਾ। ਇਸ ਪ੍ਰਕਾਰ ਇਸ ਨਦੀ ਨੂੰ ਗੁਰਬਾਣੀ ਦੇ ਪ੍ਰਗਟ ਅਸਥਾਨ ਵਜੋਂ ਵਿਲੱਖਣ ਇਤਿਹਾਸਕ ਅਤੇ ਧਾਰਮਿਕ ਮਹੱਤਤਾ ਦੀ ਪ੍ਰਾਪਤੀ ਹੋ ਗਈ। ਪਰ ਅਫਸੋਸ ਇਸ ਨੂੰ ਉਹ ਮਾਣ ਸਤਿਕਾਰ ਨਾ ਦਿਤਾ ਗਿਆ ਜਿਸ ਦੀ ਉਹ ਹੱਕਦਾਰ ਸੀ। ਇਸ ਦੇ ਨਾਲ ਇਹ ਵੀ ਦੁੱਖ ਦੀ ਗੱਲ ਹੈ ਕਿ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਦਿਤਾ ਗਿਆ ਕਿ ਇਹ ਨਦੀ ਦੁਆਬੇ ਦੇ ਇਲਾਕੇ ਦੇ ਧਰਤੀ ਹੇਠਲੇ ਪਾਣੀ ਦੀ ਇਕ ਮਹੱਤਵਪੂਰਨ ਸਰੋਤ ਹੋਣ ਕਾਰਨ ਇਥੋਂ ਦੇ ਲੋਕਾਂ ਦੀ ਜੀਵਨ ਰੇਖਾ ਵੀ ਹੈ। ਇਸ ਵਿਚ ਇਲਾਕੇ ਦੇ ਘਰੇਲੂ ਸੀਵਰੇਜਾਂ ਦਾ ਪਾਣੀ ਅਤੇ ਕਾਰਖ਼ਾਨਿਆਂ ਦੀ ਜ਼ਹਿਰੀਲੀ ਵੇਸਟੇਜ ਪਾਉਣੀ ਆਰੰਭ ਕਰ ਦਿਤੀ ਗਈ ਅਤੇ ਇਸ ਦੇ ਕਿਨਾਰਿਆਂ ਉਤੇ ਸਥਿਤ ਧਾਰਮਿਕ ਅਸਥਾਨਾਂ ਦਾ ਵੀ ਇਸ ਨਾਲੋਂ ਨਾਤਾ ਤੋੜ ਦਿਤਾ ਗਿਆ। ਇਸ ਪ੍ਰਕਾਰ ਇਹ ਨਦੀ ਲੋਕਾਂ ਦੀ ਬੇਧਿਆਨੀ ਦਾ ਸ਼ਿਕਾਰ ਹੋ ਕੇ ਕੂੜਾ-ਦਾਨ ਬਣ ਕੇ ਰਹਿ ਗਈ ਜਿਸ ਵਿਚ ਨਾ ਸਿਰਫ਼ ਪਿੰਡਾਂ ਸ਼ਹਿਰਾਂ ਦੇ ਗੰਦੇ ਤੇ ਜ਼ਹਿਰਲੇ ਪਾਣੀ ਹੀ ਪਾਉਣੇ ਆਰੰਭ ਕਰ ਦਿਤੇ ਗਏ ਸਗੋਂ ਕੂੜਾ ਕਰਕਟ ਵੀ ਇਸ ਵਿਚ ਢੇਰੀ ਕੀਤਾ ਜਾਣ ਲੱਗ ਪਿਆ। ਦੂਜੇ ਪਾਸੇ, ਆਸ-ਪਾਸ ਵਸਦੇ ਲੋਕਾਂ ਨੇ ਇਸ ਦੇ ਵਹੀਣ ਦੇ ਰਕਬੇ 'ਤੇ ਕਬਜ਼ੇ ਕਰਕੇ ਉਸਾਰੀਆਂ ਕਰ ਲਈਆਂ ਜਾਂ ਉਸ ਨੂੰ ਪੂਰ ਕੇ ਫ਼ਸਲਾਂ ਬੀਜ ਲਈਆਂ। ਇਸ ਨਾਲ ਕਾਲੀ ਵੇਈਂ ਮਰਨ ਕਿਨਾਰੇ ਪੁੱਜ ਗਈ। ਕੁਦਰਤ ਚੁੱਪ-ਚਾਪ ਇਸ ਪ੍ਰਕਾਰ ਦੀਆਂ ਗ਼ੈਰ-ਕੁਦਰਤੀ ਹਰਕਤਾਂ ਦੀ ਸਜ਼ਾ ਦੇ ਦਿੰਦੀ ਹੈ ਅਤੇ ਆਪਣੀ ਕੁਦਰਤੀ ਪ੍ਰਕਿਰਿਆ ਨੂੰ ਬਹਾਲ ਕਰ ਲੈਂਦੀ ਹੈ। ਪਰ ਇਸ ਪ੍ਰਕਿਰਿਆ ਵਿਚ ਕਈ ਵਾਰ ਮਨੁੱਖ ਨੂੰ ਬਹੁਤ ਵੱਡਾ ਖਮਿਆਜ਼ਾ ਭੁਗਤਣ ਪੈਂਦਾ ਹੈ।

ਨਦੀ ਦੇ ਲਗਭਗ ਬੰਦ ਹੋ ਜਾਣ ਨਾਲ ਹੁਸ਼ਿਆਰਪੁਰ ਜ਼ਿਲ੍ਹੇ ਦੇ ਮੁਕੇਰੀਆਂ-ਦਸੂਹੇ ਦੇ ਇਲਾਕੇ ਵਿਚੋਂ ਵਾਧੂ ਪਾਣੀ ਦੀ ਨਿਕਾਸੀ ਦਾ ਰਸਤਾ ਬੰਦ ਹੋ ਗਿਆ ਤੇ ਹਜ਼ਾਰਾਂ ਏਕੜ ਜ਼ਮੀਨ ਵਿਚ ਸੇਮ ਪੈ ਜਾਣ ਕਾਰਨ ਗਰੀਬੀ ਤੇ ਕੰਗਾਲੀ ਨੇ ਆਪਣੇ ਪੈਰ ਪਾਸਾਰ ਲਏ। ਦੂਜੇ ਪਾਸੇ, ਕਪੂਰਥਲਾ ਜ਼ਿਲ੍ਹੇ ਦਾ ਸਾਰਾ ਇਲਾਕਾ ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ ਬੰਦ ਹੋ ਜਾਣ ਨਾਲ ਮਾਰੂਥਲ ਵਿਚ ਤਬਦੀਲ ਹੋਣ ਲੱਗਾ। ਲੋਕਾਈ ਦੇ ਦੁੱਖ ਤੇ ਬੇਬਸੀ ਨੂੰ ਮਹਿਸੂਸ ਕਰਦੇ ਹੋਏ ਸੰਤ ਬਲਬੀਰ ਸਿੰਘ ਸੀਚੇਵਾਲ ਜਿਨ੍ਹਾਂ ਦਾ ਨਾਮ ਵੀਹਵੀਂ ਸਦੀ ਦੇ ਅੰਤਿਮ ਦਹਾਕੇ ਦੌਰਾਨ ਦੁਆਬੇ ਦੇ ਪਛੜੇ ਇਲਾਕੇ ਵਿਚ ਸੜਕਾਂ ਤੇ ਸੀਵਰੇਜਾਂ ਦੀ ਉਸਾਰੀ ਦੁਆਰਾ ਲੋਕਾਂ ਦੇ ਮਨਾਂ ਵਿਚ ਹਰਮਨ-ਪਿਆਰਤਾ ਪ੍ਰਾਪਤ ਕਰ ਰਿਹਾ ਸੀ, ਸਥਿਤੀ ਦੇ ਸੁਧਾਰ ਹਿੱਤ ਇਸ ਦ੍ਰਿਸ਼ 'ਤੇ ਪ੍ਰਗਟ ਹੁੰਦੇ ਹਨ। ਉਨ੍ਹਾਂ ਕਾਲੀ ਵੇਈਂ ਨਦੀ ਦੇ ਸੁਧਾਰ ਹਿਤ ਜੁਲਾਈ 2000 ਵਿਚ ਕਾਰ ਸੇਵਾ ਰਾਹੀਂ ਜਨਤਕ ਮੁਹਿੰਮ ਦੀ ਸ਼ੁਰੂਆਤ ਕਰ ਦਿਤੀ ਜੋ ਪਿਛਲੇ 13 ਸਾਲਾਂ ਦੌਰਾਨ ਨਿੱਤ ਨਵੇਂ ਪੜਾਅ ਪਾਰ ਕਰਦੀ ਤੇ ਨਵੇਂ ਕੀਰਤੀਮਾਨ ਸਥਾਪਿਤ ਕਰਦੀ ਗਈ।

ਕਾਰ ਸੇਵਾ ਦੇ ਸ਼ੁਰੂਆਤੀ ਪੜਾਅ (2000-03) ਦੌਰਾਨ ਸੁਲਤਾਨਪੁਰ ਲੋਧੀ ਵਿਖੇ ਕਾਲੀ ਵੇਈਂ ਵਿਚੋਂ ਬੂਟੀ ਅਤੇ ਗਾਰ ਬਾਹਰ ਕੱਢ ਕੇ ਇਸ ਦੇ ਵਹੀਣ ਦੀ ਸਫ਼ਾਈ ਕੀਤੀ ਗਈ। ਇਸ ਦੇ ਦੋਹਾਂ ਬੰਨ੍ਹਾਂ ਨੂੰ ਉਚੇ ਕਰ ਕੇ ਉਨ੍ਹਾਂ 'ਤੇ ਪੱਥਰਾਂ ਨਾਲ ਇਸ਼ਨਾਨ ਘਾਟ ਉਸਾਰੇ ਗਏ। ਦੋਹੀਂ ਪਾਸੀਂ ਇੱਟਾਂ ਦੀਆਂ ਪੱਕੀਆਂ ਸੜਕਾਂ ਬਣਾ ਕੇ ਫੁੱਲ ਬੂਟੇ ਲਗਾ ਦਿਤੇ ਗਏ। ਇਸ ਨਾਲ ਵੇਈਂ ਦੀ ਕੁਦਰਤੀ ਸੁੰਦਰਤਾ ਨੂੰ ਚਾਰ ਚੰਦ ਲੱਗ ਗਏ।

ਕਾਰ ਸੇਵਾ ਦੇ ਦੂਸਰੇ ਪੜਾਅ ਦੌਰਾਨ ਵੇਈਂ ਦੇ ਮੁੱਢ ਸਰੋਤ ਧਨੋਆ (ਜ਼ਿਲ੍ਹਾ ਹੁਸ਼ਿਆਰਪੁਰ) ਤੋਂ ਆਰੰਭ ਕਰਕੇ ਇਸ ਵਿਚੋਂ ਬੂਟੀ ਤੇ ਗਾਰ ਕੱਢਣ ਦਾ ਜੋਖਮ ਭਰਿਆ ਕੰਮ ਕੀਤਾ ਗਿਆ। ਨਾਲ ਦੀ ਨਾਲ ਧਨੋਆ ਤੋਂ ਲੈ ਕੇ ਕਾਂਜਲੀ ਅੰਤਰਰਾਸ਼ਟਰੀ ਰਾਮਸਰ ਜਲਗਾਹ ਤਕ 110 ਕਿਲੋਮੀਟਰ ਲੰਬਾ ਰਸਤਾ ਵੀ ਵੇਈਂ ਦੇ ਕੰਢੇ-ਕੰਢੇ ਤਿਆਰ ਕੀਤਾ ਗਿਆ।

ਅਗਲੇ ਪੜਾਅ (2004-05) ਦੌਰਾਨ ਸੁਲਤਾਨਪੁਰ ਲੋਧੀ ਤੋਂ ਨਿਵਾਣ ਵਾਲੇ ਪਾਸੇ ਵੱਲ ਵੇਈਂ ਦੇ ਵਹੀਣ ਦੀ ਸਫ਼ਾਈ ਕੀਤੀ ਗਈ। ਇਸ ਦੇ ਨਾਲ ਹੀ ਇਤਿਹਾਸਕ ਨਗਰ ਦੀ ਸੁੰਦਰਤਾ ਦੀ ਮੁਹਿੰਮ ਵੀ ਵਿੱਢੀ ਗਈ। ਇਸ ਦੌਰਾਨ ਨਗਰ ਦੇ ਨੀਵੇਂ ਇਲਾਕਿਆਂ ਵਿਚ ਜ਼ਮੀਨੀ ਸੀਵਰੇਜ ਸਿਸਟਮ ਪਾ ਕੇ ਗੰਦੇ ਪਾਣੀਆਂ ਦੀ ਸਮੱਸਿਆ ਦਾ ਹੱਲ ਕੀਤਾ ਗਿਆ।

ਕਾਰ ਸੇਵਾ ਦੇ ਚੌਥੇ ਪੜਾਅ (2006-07) ਦੌਰਾਨ ਨਾ ਸਿਰਫ਼ ਹਰੀਕੇ ਜਲਗਾਹ ਤੋਂ ਉਪਰ ਵੱਲ ਸੁਲਤਾਨਪੁਰ ਲੋਧੀ ਤਕ ਵੇਈਂ ਦੇ ਵਹੀਣ ਦੀ ਸਫ਼ਾਈ ਕਰਕੇ ਸਤਲੁਜ ਦਾ ਪਾਣੀ ਸੁਲਤਾਨਪੁਰ ਤਕ ਚੜ੍ਹਾਉਣ ਦਾ ਸਫਲ ਤਜਰਬਾ ਕੀਤਾ ਗਿਆ ਸਗੋਂ ਮੰਡ ਦੇ ਇਲਾਕੇ ਨੂੰ ਹੜ੍ਹ ਦੀ ਮਾਰ ਤੋਂ ਬਚਾਉਣ ਦੇ ਉਪਰਾਲੇ ਵੀ ਆਰੰਭ ਕੀਤੇ ਗਏ।

ਇਸ ਸਮੇਂ ਤਕ ਪਵਿੱਤਰ ਵੇਈਂ ਦੀ ਕਾਰਜ ਸੇਵਾ ਨੇ ਦੇਸ਼-ਵਿਦੇਸ਼ ਦੇ ਬੁੱਧੀਜੀਵੀਆਂ, ਵਾਤਾਵਰਨ ਸ਼ਾਸਤਰੀਆਂ ਤੇ ਸਮਾਜ ਸੁਧਾਰਕਾਂ ਦਾ ਧਿਆਨ ਖਿੱਚਣਾ ਕਰਨਾ ਸ਼ੁਰੂ ਕਰ ਦਿਤਾ ਸੀ। ਇਸ ਪੜਾਅ ਦੀ ਇਕ ਮਹੱਤਵਪੂਰਨ ਘਟਨਾ ਸੀ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਦਾ ਕਾਰ ਸੇਵਾ ਨਾਲ ਜੁੜਨਾ। ਉਨ੍ਹਾਂ ਸੰਤ ਸੀਚੇਵਾਲ ਦੀ ਰਹਿਨੁਮਾਈ ਹੇਠ ਚੱਲ ਰਹੀ ਇਸ ਲੋਕ ਮੁਹਿੰਮ ਨੂੰ ਭਾਰਤ ਦੀਆਂ ਨੌਂ ਸਰਵੋਤਮ ਪ੍ਰਾਪਤੀਆਂ ਵਿਚ ਗਿਣਿਆ ਅਤੇ ਇਸ ਨੂੰ ਆਪਣੇ ਰਾਸ਼ਟਰਪਤੀ ਤੇ ਅੰਤਰਰਾਸ਼ਟਰੀ ਭਾਸ਼ਨਾਂ ਵਿਚ ਇਕ ਰੋਲ ਮਾਡਲ ਵਜੋਂ ਪ੍ਰਚਾਰਿਆ। ਉਹ ਖ਼ੁਦ ਵੀ 17 ਅਗਸਤ 2006 ਨੂੰ ਕਾਰ ਸੇਵਾ ਨੂੰ ਅੱਖੀਂ ਦੇਖਣ ਲਈ ਸੁਲਤਾਨਪੁਰ ਲੋਧੀ ਵਿਖੇ ਆਏ। ਇਸੇ ਪ੍ਰਕਾਰ ਇਕ ਵਾਰ ਫਿਰ ਉਹ ਜੁਲਾਈ 2008 ਵਿਚ ਸੰਤ ਸੀਚੇਵਾਲ ਦੇ ਵਿਸ਼ੇਸ਼ ਸੱਦੇ 'ਤੇ ਸੁਲਤਾਨਪੁਰ ਲੋਧੀ ਵਿਖੇ ਕਾਰ ਸੇਵਾ ਦੀ ਵਰ੍ਹੇ ਗੰਢ ਦੇ ਸਮਾਗਮਾਂ ਵਿਚ ਸ਼ਾਮਿਲ ਹੋਣ ਲਈ ਆਏ।

2006 ਤੋਂ ਬਾਅਦ ਕਾਰ ਸੇਵਾ ਨੇ ਹੋਰ ਵੀ ਨਵੇਂ ਆਯਾਮ ਪਾਏ ਹਨ। ਕਾਲੀ ਵੇਈਂ ਦੀ ਪਵਿੱਤਰਤਾ ਨੂੰ ਪੱਕੇ ਤੌਰ ਤੇ ਬਹਾਲ ਕਰਨ ਦੇ ਯਤਨਾਂ ਦੀ ਕੜੀ ਵਜੋਂ ਪਿੰਡਾਂ ਨਗਰਾਂ ਦੇ ਗੰਦੇ ਪਾਣੀਆਂ ਦੇ ਬਦਲਵੇਂ ਪ੍ਰਬੰਧ ਕਰਨ ਦੇ ਤਜਰਬੇ ਕੀਤੇ ਗਏ ਹਨ। ਵੇਈਂ ਕੰਢੇ ਦੇ ਪਿੰਡਾਂ ਸ਼ਹਿਰਾਂ ਵਿਚ ਸੀਵਰੇਜ ਦੇ ਗੰਦੇ ਪਾਣੀਆਂ ਨੂੰ ਟਰੀਟਮੈਂਟ ਪਲਾਂਟਾਂ ਵਿਚ ਸੋਧ ਕੇ ਖੇਤੀ ਵਿਚ ਵਰਤਣ ਦਾ ਸਫਲ ਤਜਰਬਾ ਕੀਤਾ ਗਿਆ ਹੈ। ਵੇਈਂ ਕੰਢੇ ਵਸਦੇ ਬਹੁਤ ਸਾਰੇ ਪਿੰਡਾਂ ਵਿਚ ਗੰਦੇ ਪਾਣੀ ਨੂੰ ਇਕੱਠਾ ਕਰਨ ਲਈ ਵਰਤੇ ਜਾਂਦੇ ਛੱਪੜਾਂ ਨੂੰ ਸਾਫ਼ ਕਰਕੇ ਕੁਦਰਤੀ ਟਰੀਟਮੈਂਟ ਪਲਾਂਟਾਂ ਦਾ ਰੂਪ ਦੇ ਦਿਤਾ ਗਿਆ ਅਤੇ ਜ਼ਮੀਨੀ ਪਾਈਪਲਾਈਨਾਂ ਵਿਛਾ ਕੇ ਸਾਫ਼ ਕੀਤਾ ਪਾਣੀ ਕਿਸਾਨਾਂ ਨੂੰ ਖੇਤਾਂ ਦੀ ਸਿੰਜਾਈ ਲਈ ਮੁਹੱਈਆ ਕਰਵਾਇਆ ਗਿਆ। ਇਸ ਨਾਲ ਖੇਤੀ ਦੀ ਉਪਜ ਵਿਚ ਵੀ ਭਾਰੀ ਵਾਧਾ ਵੇਖਣ ਨੂੰ ਮਿਲਿਆ। ਇਸ ਪ੍ਰਕਾਰ ਗੰਦੇ ਪਾਣੀਆਂ ਦੀ ਲਾਹਣਤ ਨੂੰ ਵਰਦਾਨ ਵਿਚ ਬਦਲ ਦਿਤਾ ਗਿਆ। ਵੇਈਂ ਦੀ ਕਾਰ ਸੇਵਾ ਦੇ ਅਨੁਭਵ ਤੋਂ ਪ੍ਰੇਰਨਾ ਲੈ ਕੇ ਹੁਣ ਵੇਈਂ ਤੋਂ ਦੂਰ ਦੇ ਪਿੰਡਾਂ ਸ਼ਹਿਰਾਂ ਵਿਚ ਵੀ ਜ਼ਮੀਨ-ਦੋਜ਼ ਸੀਵਰੇਜ ਵਿਛਾਏ ਜਾ ਰਹੇ ਹਨ ਤੇ ਪਿੰਡਾਂ ਦੀ ਕਾਇਆ-ਕਲਪ ਕੀਤਾ ਜਾ ਰਿਹਾ ਹੈ। ਰਲ-ਮਿਲ ਕੇ ਸਾਂਝੇ ਕਾਰਜ ਕਰਨ ਦੀ ਪ੍ਰੇਰਨਾ ਨਾਲ ਲੋਕਾਂ ਵਿਚ ਆਪਸੀ ਰੰਜਸ਼ਾਂ ਤੇ ਦੁਸ਼ਮਣੀਆਂ ਦਾ ਖਾਤਮਾ ਹੋ ਰਿਹਾ ਹੈ। ਕਾਰ ਸੇਵਾ ਦੇ ਇਕ ਹਿੱਸੇ ਵਜੋਂ ਖੇਤਾਂ ਤੇ ਵਿੱਦਿਆ ਦਾ ਪ੍ਰਸਾਰ ਵੀ ਤੇਜ਼ੀ ਨਾਲ ਹੋ ਰਿਹਾ ਹੈ ਜਿਸ ਦੇ ਸਿੱਟੇ ਵਜੋਂ, ਨੌਜਵਾਨਾਂ ਦੀ ਮਾਨਸਿਕ ਸਿਹਤ ਵਿਚ ਸੁਧਾਰ ਹੋ ਰਿਹਾ ਹੈ ਤੇ ਨਸ਼ਿਆਂ ਤੇ ਹੋਰ ਸਮਾਜਿਕ ਬੁਰਾਈਆਂ ਦਾ ਪ੍ਰਕੋਪ ਘਟ ਰਿਹਾ ਹੈ।



ਪਵਿੱਤਰ ਵੇਈਂ ਦੀ ਕਾਰ ਸੇਵਾ ਦੀ ਪ੍ਰਭਾਵਸ਼ੀਲਤਾ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵਲੋਂ ਕਾਲੀ ਵੇਈਂ ਨੂੰ ਪਵਿੱਤਰ ਨਦੀ ਐਲਾਨ ਕੀਤਾ ਗਿਆ ਹੈ ਅਤੇ ਇਸ ਦੇ ਨਾਲ ਹੀ ਸੁਲਤਾਨਪੁਰ ਲੋਧੀ ਦੀ ਇਤਿਹਾਸਕ ਨਗਰੀ ਨੂੰ ਵੀ ਪਵਿੱਤਰ ਸ਼ਹਿਰ ਐਲਾਨਿਆ ਗਿਆ ਹੈ (ਭਾਵੇਂ ਇਸ ਨੂੰ ਸੱਚਮੁਚ ਪਵਿੱਤਰ ਸ਼ਹਿਰ ਬਣਾਉਣ ਲਈ ਅਜੇ ਬੜਾ ਕੁਝ ਕਰਨਾ ਬਾਕੀ ਹੈ)। ਕਾਰ ਸੇਵਾ ਦੇ ਪ੍ਰਬੰਧਕ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਪੰਜਾਬ ਸਰਕਾਰ ਵਲੋਂ ਰਾਜ ਪੱਧਰੀ ਪੁਰਸਕਾਰ ਦਿਤਾ ਗਿਆ ਤੇ ਪੰਜਾਬ ਪ੍ਰਦੂਸ਼ਨ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ। ਅੰਤਰਰਾਸ਼ਟਰੀ ਪੱਧਰ ਦੇ ਰਿਸਾਲੇ 'ਟਾਈਮ' ਵਲੋਂ ਸੰਤ ਸੀਚੇਵਾਲ ਨੂੰ 'ਵਾਤਾਵਰਨ ਦਾ ਨਾਇਕ' ਦਾ ਖ਼ਿਤਾਬ ਦਿਤਾ ਗਿਆ। ਯੂ ਐਨ ਓ ਵਲੋਂ ਵਿਸ਼ਵੀ ਤਪਸ਼ ਤੇ ਪ੍ਰਦੂਸ਼ਨ ਦੀ ਸਮੱਸਿਆ ਦੇ ਹੱਲ ਸੰਬੰਧੀ ਵਿਚਾਰ ਕਰਨ ਲਈ ਕੋਪਨਹੈਗਨ (ਡੈਨਮਾਰਕ) ਵਿਖੇ ਆਯੋਜਿਤ ਕੀਤੀ ਗਈ ਸੰਸਾਰ ਦੇ ਧਾਰਮਿਕ ਨੇਤਾਵਾਂ ਦੇ ਸੰਮੇਲਨ ਵਿਚ ਵਿਚਾਰ ਪੇਸ਼ ਕਰਨ ਲਈ ਸੰਤ ਸੀਚੇਵਾਲ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਉਨ੍ਹਾਂ ਨੂੰ 'ਡੀ.ਲਿੱਟ.' ਦੀ ਆਨਰੇਰੀ ਡਿਗਰੀ ਨਾਲ ਨਿਵਾਜਿਆ ਗਿਆ ਹੈ।

ਪਵਿੱਤਰ ਵੇਈਂ ਦੀ ਕਾਰ ਸੇਵਾ ਨੇ ਪੰਜਾਬ ਦੇ ਆਰਥਿਕ ਵਿਕਾਸ ਦੇ ਨਵੇਂ ਮੌਕੇ ਪੈਦਾ ਕਰ ਦਿਤੇ ਹਨ। ਵੇਈਂ ਨੂੰ ਮੁੜ ਲੋਕਾਂ ਦੀ ਜੀਵਨ ਰੇਖਾ ਵਜੋਂ ਸਥਾਪਿਤ ਕਰ ਦਿਤਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੀ ਲਗਭਗ 6000 ਏਕੜ ਜ਼ਮੀਨ ਨੂੰ ਸੇਮ ਦੀ ਮਾਰ ਤੋਂ ਬਚਾ ਲਿਆ ਗਿਆ ਹੈ ਤੇ ਸਾਰੇ ਇਲਾਕੇ ਵਿਚ ਖ਼ੁਸ਼ਹਾਲੀ ਦਾ ਰਾਹ ਪੱਧਰਾ ਹੋ ਗਿਆ ਹੈ। ਕਪੂਰਥਲੇ ਜ਼ਿਲ੍ਹੇ ਦਾ 1,35,000 ਹੈਕਟੇਅਰ ਰਕਬਾ ਪਾਣੀ ਦੇ ਡਿਗਦੇ ਸੂਚਕ ਅੰਕ ਤੋਂ ਬਚ ਗਿਆ ਹੈ ਅਤੇ ਜ਼ਮੀਨੀ ਪਾਣੀ ਦੇ ਭੰਡਾਰ ਮੁੜ ਤੋਂ ਰੀਚਾਰਜ ਹੋਣ ਲੱਗੇ ਹਨ। ਵੇਈਂ ਕੰਢੇ ਬਣੀਆਂ ਸੜਕਾਂ ਨਾਲ ਲੋਕਾਂ ਤੇ ਥਾਵਾਂ ਦੇ ਆਪਸੀ ਸੰਪਰਕ ਤੇ ਆਵਾਜਾਈ ਵਿਚ ਵਾਧਾ ਹੋਇਆ ਹੈ ਜਿਸ ਨਾਲ ਵਿਕਾਸ ਦੀ ਰਫ਼ਤਾਰ ਵਿਚ ਹੋਰ ਤੇਜ਼ੀ ਆ ਗਈ ਹੈ। ਪਵਿੱਤਰ ਵੇਈਂ ਦੀ ਕਾਰ ਸੇਵਾ ਨੇ ਪੰਜਾਬ ਦੇ ਲੋਕਾਂ ਵਿਚ ਵਾਤਾਵਰਨ ਪ੍ਰਤਿ ਚੇਤਨਾ ਜਗਾਈ ਹੈ। ਹੁਣ ਪੰਜਾਬ ਅਤੇ ਭਾਰਤ ਦੇ ਦੂਸਰੇ ਕੁਦਰਤੀ ਜਲ ਸਰੋਤਾਂ (ਗੰਗਾ ਤੇ ਜਮਨਾ ਸਮੇਤ) ਨੂੰ ਪ੍ਰਦੂਸ਼ਨ ਮੁਕਤ ਕਰਨ ਲਈ ਪਵਿੱਤਰ ਵੇਈਂ ਦੀ ਕਾਰ ਸੇਵਾ ਨੂੰ ਇਕ ਰੋਲ ਮਾਡਲ ਵਜੋਂ ਲਿਆ ਜਾਣ ਲੱਗਾ ਹੈ। ਸਮੂਹ ਸਮਾਜ ਸੁਧਾਰਕਾਂ ਨੇ ਇਸ ਨੂੰ ਸੱਚੇ-ਸੁੱਚੇ ਧਾਰਮਿਕ ਕਾਰਜ ਵਜੋਂ ਪਰਵਾਨ ਕੀਤਾ ਹੈ।

*ਪਵਿੱਤਰ ਵੇਈਂ ਦੀ ਕਾਰ ਸੇਵਾ ਨੇ ਇਹ ਸਾਬਿਤ ਕਰ ਦਿਤਾ ਹੈ ਕਿ ਲੋਕਾਂ ਵਲੋਂ ਇਕੱਠੇ ਹੋ ਕੇ ਹੰਭਲਾ ਮਾਰਨ ਨਾਲ ਅਸੰਭਵ ਨੂੰ ਸੰਭਵ ਬਣਾਇਆ ਜਾ ਸਕਦਾ ਹੈ। ਆਸ ਹੈ ਕਿ ਇਸ ਇਤਿਹਾਸਕ ਕਾਰ ਸੇਵਾ, ਪਵਿੱਤਰ ਵੇਈਂ ਦੀ ਪਵਿੱਤਰਤਾ ਬਹਾਲ ਕਰਨ ਦਾ ਵਸੀਲਾ ਤਾਂ ਬਣੇਗੀ ਹੀ, ਸਗੋਂ ਇਹ ਦੂਸਰੇ ਨਦੀ-ਨਾਲਿਆਂ ਦੀ ਪ੍ਰਦੂਸ਼ਨ ਮੁਕਤੀ ਲਈ ਵੀ ਇਕ ਮਹੱਤਵਪੂਰਨ ਸਬਕ ਸਾਬਿਤ ਹੋਵੇਗੀ।*

***(ਲੇਖਕ ਕਾਲੀ ਵੇਈਂ ਤੇ ਵਾਤਾਵਰਨ ਸੰਬੰਧੀ ਵਿਸ਼ੇਸ਼ੱਗ ਹੈ।)***

# ਸਿੱਖਿਅਕ ਸੰਸਥਾਵਾਂ 'ਚ ਵਾਤਾਵਰਨ ਸੁਧਾਰ ਦੀਆਂ ਸੰਭਾਵਨਾ

ਜਗਜੀਤ ਸਿੰਘ ਮਾਨ

ਲਗਭਗ ਦਸ-ਪੰਦਰਾਂ ਸਾਲਾਂ ਤੋਂ ਸਾਡੇ ਸਿੱਖਿਅਕ ਅਦਾਰਿਆਂ ਵਿਚ ਜਿਸ ਪ੍ਰਕਾਰ ਵਾਤਾਵਰਨ ਦੀ ਸਾਂਭ-ਸੰਭਾਲ ਪ੍ਰਤਿ ਚੇਤਨਾ ਵਧੀ ਹੈ, ਵਿਸ਼ੇਸ਼ ਤੌਰ ਤੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ, ਉਸ ਨੂੰ ਵੇਖਦਿਆਂ ਦਿਮਾਗ ਉੱਪਰ ਇਹ ਵਿਚਾਰ ਭਾਰੂ ਹੋ ਜਾਂਦਾ ਹੈ ਕਿ ਕੁਦਰਤੀ ਵਾਤਾਵਰਨ ਅਤੇ ਆਲੇ-ਦੁਆਲੇ ਨੂੰ ਮਨੁੱਖ ਵਲੋਂ ਜਿਸ ਤਰ੍ਹਾਂ ਪ੍ਰਦੂਸ਼ਿਤ ਕੀਤਾ ਗਿਆ ਹੈ, ਉਸ ਵਿਚ ਛੇਤੀ ਹੀ ਸੁਧਾਰ ਹੋਵੇਗਾ।

*ਪੰਜਾਬ ਸਰਕਾਰ ਵਲੋਂ ਵਾਤਾਵਰਨ ਦੇ ਸੁਧਾਰ ਹਿੱਤ ਆਪਣੀ ਵਚਨਬਧਤਾ ਪ੍ਰਗਟ ਕਰਦੇ ਹੋਏ ਪਾਠ ਪੁਸਤਕਾਂ ਵਿਚ ਵੀ ਤੀਜੀ ਜਮਾਤ ਤੋਂ ਇਸ ਵਿਸ਼ੇ ਨੂੰ ਲਾਗੂ ਕੀਤਾ ਗਿਆ ਹੈ। ਵਾਤਾਵਰਨ ਅਤੇ ਇਸ ਵਿਚਲੇ ਤੱਤਾਂ ਨੂੰ ਮਨੁੱਖ ਵਲੋਂ ਪਹੁੰਚਾਏ ਜਾ ਰਹੇ ਨੁਕਸਾਨ ਪ੍ਰਤਿ ਜਾਗਰੂਕ ਕਰਨ ਦੇ ਮੰਤਵ ਨਾਲ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਉੱਪਰ ਵਿਸ਼ੇਸ਼ ਦਿਨਾਂ ਦੀ ਘੋਸ਼ਨਾ ਕੀਤੀ ਗਈ ਹੈ। ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਪ੍ਰਤਿ ਚੇਤੰਨ ਕਰਨ ਦੇ ਮੰਤਵ ਨਾਲ ਕੇਂਦਰ ਸਰਕਾਰ ਦੇ ਵਾਤਾਵਰਨ ਅਤੇ ਜੰਗਲਾਤ ਮੰਤਰਾਲਾ ਵੱਲੋਂ ਵਿਸ਼ੇਸ਼ ਫ਼ੰਡ ਵੀ ਨਿਰਧਾਰਤ ਕੀਤੇ ਗਏ ਹਨ। ਜਿਨ੍ਹਾਂ ਨੂੰ ਰਾਜ ਸਰਕਾਰਾਂ ਦੀਆਂ ਵਾਤਾਵਰਣਿਕ ਏਜੰਸੀਆਂ ਨਾਲ ਮਿਲ ਕੇ ਵਾਤਾਵਰਨ ਵਿਚ ਸ਼ਾਮਿਲ ਵੱਖ-ਵੱਖ ਤੱਤਾਂ ਮਸਲਨ ਜਲ, ਜੰਗਲ, ਜ਼ਮੀਨ ਅਤੇ ਇਸ ਵਿਚ ਵਾਸ ਕਰਨ ਵਾਲੇ ਜੀਵ-ਜੰਤੂਆਂ ਦੀ ਰੱਖਿਆ ਅਤੇ ਸੁਧਾਰ ਹਿੱਤ ਖਰਚ ਕੀਤਾ ਜਾਂਦਾ ਹੈ।*

ਪਰ ਕੀ ਸਿੱਖਿਅਕ ਅਦਾਰਿਆਂ ਵਿਚ ਵਾਤਾਵਰਨ ਸੰਬੰਧੀ ਜਾਗਰੂਕਤਾ ਮੁਕਾਬਲੇ, ਰੈਲੀਆਂ ਆਦਿ ਨਾਲ ਅਸੀਂ ਵਿਦਿਆਰਥੀਆਂ ਵਿਚ ਆਪਣੇ ਆਲੇ-ਦੁਆਲੇ ਪ੍ਰਤਿ ਚਿਰ ਸਥਾਈ ਸਮਝ ਪੈਦਾ ਕਰ ਸਕਦੇ ਹਾਂ ਜਾਂ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਵਿਦਿਆਰਥੀ ਆਪਣੇ ਜੀਵਨ ਵਿਚ ਵਾਤਾਵਰਨ ਦੀ ਸਾਂਭ-ਸੰਭਾਲ ਅਤੇ ਉਸ ਦੇ ਸੁਧਾਰ ਹਿੱਤ ਆਪਣਾ ਵਿਅਕਤੀਗਤ ਟੀਚਾ ਮਿਥਣਗੇ, ਇਹ ਕੁੱਝ ਅਜਿਹੇ ਸਵਾਲ ਹਨ ਜਿਸ ਨਾਲ ਹਰ ਵਿਦਿਆਰਥੀ ਨੂੰ ਆਪਣੇ ਸਮੁੱਚੇ ਜੀਵਨ ਵਿਚ ਦੋ-ਚਾਰ ਹੋਣਾ ਪਵੇਗਾ। ਇਸ ਲਈ ਕਿ ਅੱਜ ਜਿਸ ਸਥਾਨ ਉੱਪਰ ਸਾਡਾ ਕੁਦਰਤੀ ਵਾਤਾਵਰਨ ਖੜ੍ਹਾ ਹੈ ਜਾਂ ਇਉਂ ਕਹਿ ਲਿਆ ਜਾਵੇ ਕਿ ਇਸ ਵਿਚ ਨਿਰੰਤਰ ਨਿਘਾਰ ਆ ਰਿਹਾ ਹੈ, ਉਸ ਨੂੰ ਜਲਦੀ ਹੀ ਰੋਕਣ ਅਤੇ ਤੁਰੰਤ ਸੁਧਾਰਾਂ ਦੀ ਪ੍ਰਕਿਰਿਆ ਦਿਆਨਤਦਾਰੀ ਨਾਲ ਸ਼ੁਰੂ ਕਰਨ ਦੀ ਲੋੜ ਹੈ। ਤਦ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਭਾਵੀ ਪੀੜ੍ਹੀਆਂ ਲਈ ਇਕ ਸਾਫ਼-ਸੁਥਰਾ ਅਤੇ ਸਿਹਤਮੰਦ ਕੁਦਰਤੀ ਵਾਤਾਵਰਨ ਦੀ ਕਲਪਨਾ ਕਰ ਸਕਦੇ ਹਾਂ। ਪਰ ਸਭ ਤੋਂ ਪਹਿਲਾਂ ਅਸੀਂ ਆਪਣੇ ਵਿੱਦਿਅਕ ਅਦਾਰਿਆਂ ਵਿਚ ਵਾਤਾਵਰਨ ਸੁਧਾਰ ਦੀਆਂ ਸੰਭਾਵਨਾਵਾਂ ਨੂੰ ਤਲਾਸ਼ ਕਰਨ ਦਾ ਯਤਨ ਕਰਦੇ ਹਾਂ।

ਇਥੇ ਅਸੀਂ ਪ੍ਰਾਇਮਰੀ ਪੱਧਰ ਤੋਂ ਯੂਨੀਵਰਸਿਟੀ ਪੱਧਰ ਤਕ ਮੌਜੂਦਗੀ ਕੁਦਰਤੀ ਵਾਤਾਵਰਨ ਦੀ ਸਥਿਤੀ ਨੂੰ ਘੋਖਣ ਦਾ ਯਤਨ ਕਰਾਂਗੇ। ਕਿਸੇ ਪ੍ਰਾਇਮਰੀ ਸਕੂਲ ਵਿਚ ਸਵੇਰ ਸਮੇਂ ਸਕੂਲ ਦੀ ਸਾਫ਼-ਸਫ਼ਾਈ ਕੀਤੀ ਜਾਂਦੀ ਹੈ, ਕੂੜੇ ਕਰਕਟ ਦੇ ਰੂਪ ਵਿਚ ਇਕੱਠੇ ਹੋਏ ਕਾਗ਼ਜ਼ਾਂ ਅਤੇ ਬਨਸਪਤੀ ਦੇ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਕੂੜੇ ਤੋਂ ਨਿਜ਼ਾਤ ਪਾ ਲਈ ਜਾਂਦੀ ਹੈ। ਬਿਲਕੁਲ ਇਹੋ ਜਿਹਾ ਹੀ ਢੰਗ-ਤਰੀਕਾ ਵੱਡੀਆਂ ਵਿੱਦਿਅਕ ਸੰਸਥਾਵਾਂ ਵਿਚ ਆਮ ਵਰਤਿਆ ਜਾਂਦਾ ਹੈ ਭਾਵੇਂ ਕਿ ਉਥੇ ਕੂੜੇ-ਕਰਕਟ ਵਿਚ ਕੁੱਝ ਵੱਖਰੀ ਕਿਸਮ ਦਾ ਵਾਧਾ ਜ਼ਰੂਰ ਹੋ ਜਾਂਦਾ ਹੈ। ਮਸਲਨ ਕੰਟੀਨ ਤੋਂ ਮਿਲਣ ਵਾਲੇ ਖਾਧ ਪਦਾਰਥਾਂ ਦੀ ਪੈਕਿੰਗ ਲਈ ਵਰਤੇ ਜਾਣ ਵਾਲੇ ਰੰਗ-ਬਰੰਗੇ ਲਿਫ਼ਾਫ਼ੇ ਥਰਮੋਕੋਲ ਦੇ ਪਲਾਸਟਿਕ ਦੇ ਬਣੇ ਕੱਪ-ਪਲੇਟ ਆਦਿ ਨੂੰ ਵੀ ਅੱਗ ਦੇ ਹਵਾਲੇ ਕਰ ਦਿਤਾ ਜਾਂਦਾ ਹੈ। ਜਿਥੇ ਅੱਗ ਲੱਗਣ ਤੋਂ ਬਾਅਦ ਕੁਝ ਹਾਨੀਕਾਰਕ ਸੁਆਹ ਜ਼ਮੀਨ 'ਤੇ ਬਿਖਰ ਜਾਂਦੀ ਹੈ ਉਥੇ ਬਹੁਤ ਸਾਰਾ ਜ਼ਹਿਰੀਲਾ ਧੂੰਆਂ ਸਾਡੀ ਕਾਰਵਾਈ ਨਾਲ ਜਿਸ ਹਵਾ ਰਾਹੀਂ ਅਸੀਂ ਆਕਸੀਜ਼ਨ ਲੈ ਰਹੇ ਹਾਂ, ਵਿਚ ਛੱਡ ਦਿਤਾ ਜਾਂਦਾ ਹੈ।

ਅਜਿਹਾ ਕਿਸੇ ਇਕ ਸਿੱਖਿਅਕ ਸੰਸਥਾ ਵਿਚ ਨਹੀ ਸਗੋਂ ਰੋਜ਼ ਸਵੇਰ ਨੂੰ ਹਜ਼ਾਰਾਂ ਵਿੱਦਿਅਕ ਅਦਾਰਿਆਂ ਵਿਚ ਵਾਪਰਦਾ ਹੈ ਅਤੇ ਅਜਿਹੇ ਵਿਚ ਆਪਣੇ ਆਲੇ-ਦੁਆਲੇ ਨੂੰ ਗੰਧਲਾ ਕਰਨ ਦੀ ਕਾਰਵਾਈ ਤੋਂ ਕਿਵੇਂ ਬਚਿਆ ਜਾ ਸਕਦਾ ਹੈ। ਆਓ ਵਿਚਾਰੀਏ :

- ਸਿੱਖਿਆ ਅਦਾਰਿਆਂ ਨੂੰ ਥਰਮੋਕੋਲ ਜਾਂ ਪਲਾਸਟਿਕ ਉਤਪਾਦਾਂ ਤੋਂ ਮੁਕਤ ਕਰ ਦੇਣਾ ਚਾਹੀਦਾ ਹੈ। ਕੰਟੀਨ ਆਦਿ ਵਿਚ ਇਸ ਦੀ ਵਰਤੋਂ ਬਿਲਕੁਲ ਬੰਦ ਹੋਣੀ ਚਾਹੀਦੀ ਹੈ। ਇਸ ਦੀ ਥਾਂ ਕਾਗ਼ਜ਼ ਜਾਂ ਦੁਬਾਰਾ ਵਰਤਣਯੋਗ ਕੱਪ-ਪਲੇਟਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਲਾਸਟਿਕ ਦੇ ਲਿਫ਼ਾਫ਼ਿਆਂ ਵਿਚ ਬੰਦ ਖਾਧ-ਪਦਾਰਥਾਂ ਦੀ ਵਿੱਕਰੀ ਵਿੱਦਿਅਕ ਸਮੂਹ ਵਿਚ ਕਰਨੀ ਹੀ ਨਹੀਂ ਚਾਹੀਦੀ।

- ਅਦਾਰਿਆਂ ਵਿਚ ਰੱਦੀ ਦੇ ਰੂਪ ਵਿਚ ਨਿਕਲਦੇ ਕਾਗਜ਼ ਨੂੰ ਦੁਬਾਰਾ ਵਰਤੋਂ ਵਿਚ ਲਿਆਉਣ ਲਈ ਛੋਟੇ ਯੂਨਿਟ ਹੱਥ ਨਾਲ ਕਾਗਜ਼

ਤਿਆਰ ਕਰਨ ਵਾਲੇ ਸਥਾਪਿਤ ਕਰਨੇ ਚਾਹੀਦੇ ਹਨ। ਛੋਟੇ ਅਦਾਰਿਆਂ ਵਿਚ ਨਾਂ-ਮਾਤਰ ਲਾਗਤ ਉੱਪਰ ਹੱਥ ਬਣੇ ਕਾਗਜ਼ ਤਿਆਰ ਕਰਵਾ ਕੇ ਬੱਚਿਆਂ ਨੂੰ ਇਨ੍ਹਾਂ ਦੀ ਵਰਤੋਂ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

• ਬਨਸਪਤੀ ਅਤੇ ਭੋਜਨ ਦੀ ਰਹਿੰਦ-ਖੂੰਹਦ ਨੂੰ ਸਮੇਟਣ ਲਈ ਕੰਪੋਸਟ ਖੱਡੇ ਦੀ ਵਰਤੋਂ ਨੂੰ ਵਿੱਦਿਅਕ ਅਦਾਰਿਆਂ ਵਿਚ ਜ਼ਰੂਰੀ ਕੀਤਾ ਜਾਵੇ। ਇਸ ਨਾਲ ਜਿਥੇ ਅਸੀਂ ਅੱਗ ਲਗਾ ਕੇ ਆਪਣੇ ਵਾਤਾਵਰਨ ਨੂੰ ਅਛੋਪਲੇ ਜਿਹੇ ਪ੍ਰਦੂਸ਼ਿਤ ਕਰਨ ਦਾ ਗੁਨਾਹ ਕਰਦੇ ਹਾਂ ਉਥੇ ਕੰਪੋਸਟ ਖੱਡੇ ਰਾਹੀਂ ਗਲਣਯੋਗ ਕੂੜਾ ਸਮੇਟ ਕੇ ਇਕ ਚੰਗੀ ਖਾਦ ਪ੍ਰਾਪਤ ਕਰ ਸਕਦੇ ਹਾਂ। ਇਸ ਨਾਲ ਜਿਥੇ ਅਸੀਂ ਗੰਦਗੀ ਤੋਂ ਨਿਜ਼ਾਤ ਪਾ ਸਕਦੇ ਹਾਂ ਉਥੇ ਬੀਮਾਰੀਆਂ ਪੈਦਾ ਕਰਨ ਵਾਲੇ ਵੱਖ-ਵੱਖ ਕਾਰਕਾਂ ਨੂੰ ਵੀ ਖਤਮ ਕਰ ਸਕਦੇ ਹਾਂ। ਇਸ ਖੱਡੇ ਦੀ ਲਾਗਤ ਬਹੁਤ ਹੀ ਘੱਟ ਹੈ। ਅਜਿਹੀ ਸਥਿਤੀ ਵਿਚ ਜਦੋਂ ਅਸੀਂ ਆਪਣੇ ਆਲੇ-ਦੁਆਲੇ ਨੂੰ ਪ੍ਰਦੂਸ਼ਿਤ ਕਰਕੇ ਜੋ ਅਸੀਂ ਆਪਣੇ ਜੀਵਨ ਦੀ ਕੀਮਤ ਉਪਰ ਆਪਣੀ ਕਾਇਨਾਤ ਨੂੰ ਦੇ ਰਹੇ ਹੁੰਦੇ ਹਾਂ। ਜੇਕਰ ਇਹ ਸਾਧਨ ਅਪਣਾ ਲਏ ਜਾਣ ਤਾਂ ਸਾਡੀਆਂ ਸਿੱਖਿਅਕ ਸੰਸਥਾਵਾਂ ਕੂੜਾ-ਕਰਕਟ ਪ੍ਰਬੰਧਨ ਦੀ ਇਕ ਛੋਟੀ ਜਿਹੀ ਮੂੰਹ ਬੋਲਦੀ ਤਸਵੀਰ ਹੋਵੇਗੀ। ਜਿਸ ਰਾਹੀਂ ਸਾਡੇ ਵਿਦਿਆਰਥੀ ਸਮਾਜ ਨੂੰ ਵਾਤਾਵਰਣਿਕ ਸੁਧਾਰਾਂ ਦਾ ਅਮਲੀ ਚਿਹਰਾ ਵਿਖਾ ਸਕਣਗੇ।

• ਜੇ ਪਾਣੀ ਦੀ ਗੱਲ ਕਰੀਏ ਤਾਂ ਵਿੱਦਿਅਕ ਅਦਾਰਿਆਂ ਵਿਚ ਵਰਤਿਆ ਜਾਣ ਵਾਲਾ ਪਾਣੀ ਲਗਭਗ ਹਾਨੀਕਾਰਕ ਰਸਾਇਣਕ ਪਦਾਰਥਾਂ ਤੋਂ ਮੁਕਤ ਹੁੰਦਾ ਹੈ। ਉਸ ਨੂੰ ਅਸੀਂ ਸੁਚਾਰੂ ਢੰਗ ਨਾਲ ਇਕੱਠਾ ਕਰਕੇ ਪੌਦਿਆਂ ਆਦਿ ਨੂੰ ਸਿੰਜਣ ਲਈ ਵਰਤ ਸਕਦੇ ਹਾਂ। ਜੇ ਵੱਡੇ ਵਿੱਦਿਅਕ ਅਦਾਰੇ ਹਨ ਤਾਂ ਉਨ੍ਹਾਂ ਨੂੰ ਸੂਰਜੀ ਊਰਜਾ ਨਾਲ ਪਾਣੀ ਸਾਫ਼ ਹੋਣ ਵਾਲੇ ਯੂਨਿਟਾਂ ਦੀ ਸਥਾਪਨਾ ਕਰਨੀ ਚਾਹੀਦੀ ਹੈ। ਜਿਥੋਂ ਤਕ ਵਰਖਾ ਦੇ ਪਾਣੀ ਨੂੰ ਵਰਤਣ ਦਾ ਸਵਾਲ ਹੈ ਸਾਡੇ ਲਗਭਗ ਸਮੁੱਚੇ ਅਦਾਰੇ ਇਸ ਮਹੱਤਵਪੂਰਨ ਸਵਾਲ ਦਾ ਸਾਹਮਣਾ ਕਰਨ ਤੋਂ ਅਵੇਸਲੇ ਹਨ। ਛੋਟਾ ਤੇ ਭਾਵੇਂ ਵੱਡਾ ਅਦਾਰਾ ਹੋਵੇ, ਪਾਣੀ ਸੰਭਾਲ ਦੇ ਤਰੀਕੇ ਨੂੰ ਜ਼ਰੂਰੀ ਅਪਨਾਵੇ ਇਸ ਨਾਲ ਜਿਥੇ ਵਿਦਿਆਰਥੀਆਂ ਵਿਚ ਪਾਣੀ ਦੀ ਮਹੱਤਤਾ ਬਾਰੇ ਅਮਲੀ ਰੂਪ ਵਿਚ ਜਾਗ੍ਰਿਤੀ ਆਵੇਗੀ ਉਥੇ ਅਸੀਂ ਆਪਣੇ ਭਵਿੱਖ ਲਈ ਵੀ ਵਾਤਾਵਰਨ ਸੰਭਾਲ ਦਾ ਜਾਂ ਪਾਣੀ ਸੰਭਾਲ ਦੇ ਰਾਸ਼ਟਰੀ ਚਰਿਤਰ ਦਾ ਵਿਕਾਸ ਕਰਾਂਗੇ। ਅਜਿਹਾ ਕਰਕੇ ਅਸੀਂ ਵਰਖਾ ਦੇ ਪਾਣੀ ਨੂੰ ਸਮੁੱਚਿਤ ਰੂਪ ਵਿਚ ਅਜਾਈਂ ਜਾਣ ਤੋਂ ਰੋਕ ਸਕਦੇ ਹਾਂ। ਉਥੇ ਹਰ ਘਰ ਨੂੰ ਵਰਖਾ ਪਾਣੀ ਦੀ ਸੰਭਾਲ ਬਾਰੇ ਉਤਸ਼ਾਹਿਤ ਵੀ ਕਰ ਸਕਦੇ ਹਾਂ। ਇਹ ਭਵਿੱਖ ਦੀ ਇਕ ਬਹੁਤ ਵੱਡੀ ਲੋੜ ਹੈ ਜਿਸ ਲਈ ਸਾਡੇ ਸਿੱਖਿਆ ਸ਼ਾਸ਼ਤਰੀਆਂ ਨੂੰ ਈਮਾਨਦਾਰੀ ਨਾਲ ਅੱਗੇ ਲੱਗਣਾ ਪਵੇਗਾ।

• ਊਰਜਾ ਬੱਚਤ ਦੇ ਸੰਬੰਧ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਦੇ ਨਾਲ-ਨਾਲ ਸਮਾਜ ਸੇਵੀ ਜੱਥੇਬੰਦੀਆਂ ਜ਼ੋਰ-ਸ਼ੋਰ ਨਾਲ ਜਾਗਰੂਕਤਾ ਮੁਹਿੰਮ ਚਲਾ ਰਹੀਆਂ ਹਨ ਅਤੇ ਪੰਜਾਬ ਊਰਜਾ ਦੀ ਕਮੀ ਨਾਲ ਦੋ-ਚਾਰ ਹੋ ਰਿਹਾ ਹੈ। ਇਸ ਕਮੀ ਨਾਲ ਸਿੱਝਣ ਵਿਚ ਸਾਡੇ ਵਿੱਦਿਅਕ ਅਦਾਰੇ ਰਾਹ ਦਿਸੇਰੇ ਬਣ ਸਕਦੇ ਹਨ। ਸਭ ਤੋਂ ਪਹਿਲਾਂ ਅੱਜਕੱਲ੍ਹ ਬਹੁਤ ਸਾਰੀਆਂ ਸਰਕਾਰੀ ਅਤੇ ਗ਼ੈਰ-ਸਰਕਾਰੀ ਵਿੱਦਿਅਕ ਅਦਾਰਿਆਂ ਦੀ ਉਸਾਰੀ ਹੋ ਰਹੀ ਹੈ। ਅਜਿਹਾ ਹੋਣ ਦੀ ਸੂਰਤ ਵਿਚ ਅਦਾਰਿਆਂ ਦੀ ਬਣਤਰ ਅਜਿਹੀ ਹੋਣੀ ਚਾਹੀਦੀ ਹੈ ਜਿਸ ਵਿਚ ਬਿਜਲੀ ਊਰਜਾ ਦੀ ਘੱਟ ਤੋਂ ਘੱਟ ਵਰਤੋਂ ਹੋਵੇ। ਅਸੀਂ ਸਾਰੇ ਜਾਣਦੇ ਹਾਂ ਕਿ ਪੜ੍ਹਾਈ ਲਈ ਨਵੀਆਂ-ਨਵੀਆਂ ਤਕਨੀਕਾਂ ਭਾਵ ਈ-ਜਮਾਤ ਜਾਂ ਸਮਾਰਟ ਜਮਾਤਾਂ ਹੋਂਦ ਵਿਚ ਆ ਰਹੀਆਂ ਹਨ।

ਇਸੇ ਪ੍ਰਕਾਰ ਸਾਨੂੰ ਆਪਣੀ ਕੁਦਰਤ ਦੀ ਸਾਂਭ-ਸੰਭਾਲ ਅਤੇ ਉਸ ਨੂੰ ਸੁਧਾਰ ਹਿੱਤ ਨਵੀਆਂ-ਨਵੀਆਂ ਤਕਨੀਕਾਂ ਅਪਣਾਉਣੀਆਂ ਪੈਣਗੀਆਂ। ਹਵਾ ਅਤੇ ਰੌਸ਼ਨੀ ਦਾ ਹਰ ਵਿੱਦਿਅਕ ਅਦਾਰੇ ਵਿਚ ਅਜਿਹਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਬਿਜਲੀ ਊਰਜਾ ਨਾਂ-ਮਾਤਰ ਵਰਤੀ ਜਾਵੇ ਅਤੇ ਸਮੁੱਚੇ ਅਦਾਰੇ ਨੂੰ ਸੂਰਜੀ ਊਰਜਾ ਨਾਲ ਚੱਲਣ ਵਾਲੇ ਯੰਤਰਾਂ ਨਾਲ ਲੈਸ ਕਰਨਾ ਚਾਹੀਦਾ ਹੈ। ਅਜਿਹਾ ਕਰਨਾ ਵੱਡੇ ਵਿੱਦਿਅਕ ਅਦਾਰਿਆਂ ਲਈ ਕੋਈ ਔਖਾ ਕੰਮ ਨਹੀਂ ਹੈ। ਵਾਤਾਵਰਨ ਅਨਕੂਲ ਵਿੱਦਿਅਕ ਅਦਾਰਿਆਂ ਵਿਚ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ਾਇਦ ਭਵਿੱਖ ਵਿਚ ਊਰਜਾ ਬਚਾਉਣ ਦਾ ਨਾਅਰਾ ਦੇਣ ਦੀ ਲੋੜ ਨਾ ਪਵੇ ਕਿਉਂਕਿ ਨਵਿਆਉਣਯੋਗ ਊਰਜਾ ਖ਼ਾਸ ਤੌਰ ਤੇ ਸੂਰਜੀ ਊਰਜਾ ਦੀ ਵਰਤੋਂ ਪ੍ਰਤਿ ਉਨ੍ਹਾਂ ਵਿਚ ਦ੍ਰਿੜ੍ਹਤਾ ਪੈਦਾ ਹੋ ਜਾਵੇਗੀ।

ਅਜਿਹੇ ਕੁਝ ਛੋਟੇ-ਛੋਟੇ ਉਪਰਾਲੇ ਹਨ ਜਿਨ੍ਹਾਂ ਦੀ ਯੋਜਨਾਬਧ ਤਰੀਕੇ ਨਾਲ ਵਰਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਬੇਸ਼ਕ ਭਾਰਤ ਸਰਕਾਰ ਦੇ ਵਾਤਾਵਰਨ ਮੰਤਰਾਲਾ ਵਲੋਂ ਨੈਸ਼ਨਲ ਗਰੀਨ ਕਾਰਪਸ (ਐਨ ਜੀ ਸੀ) ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤਹਿਤ ਸਕੂਲਾਂ ਵਿਚ ਈਕੋ ਕਲੱਬਾਂ ਦਾ ਗਠਨ ਕੀਤਾ ਗਿਆ ਹੈ। ਇਹ ਕਲੱਬ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਪ੍ਰਤਿ ਸੁਚੇਤ ਕਰਨ ਵਿਚ ਸ਼ਲਾਘਾਯੋਗ ਭੂਮਿਕਾ ਨਿਭਾ ਰਹੇ ਹਨ। ਪਰ ਹੁਣ ਸਾਨੂੰ ਜਾਗਰੂਕਤਾ ਮੁਕਾਬਲਿਆਂ ਤੋਂ ਅੱਗੇ ਜਾ ਕੇ ਅਮਲੀ ਰੂਪ ਵਿਚ ਆਪਣੀਆਂ ਸੰਸਥਾਵਾਂ ਨੂੰ ਵਾਤਾਵਰਨ ਅਨੁਕੂਲ ਸੰਸਥਾ ਵਿਚ ਤਬਦੀਲ ਕਰਨਾ ਪਵੇਗਾ। ਇਸ ਸੰਬੰਧ ਵਿਚ ਨਵੀਨਤਮ ਜਾਣਕਾਰੀ ਵਾਤਾਵਰਨ ਅਤੇ ਜੰਗਲਾਤ ਮੰਤਰਾਲਾ ਜਾਂ ਇਸ ਸੰਬੰਧੀ ਰਾਜ ਦੀਆਂ ਵਾਤਾਵਰਣਿਕ ਏਜੰਸੀਆਂ ਤੋਂ ਲਈ ਜਾ ਸਕਦੀ ਹੈ।

ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਜੇ ਸਾਡੇ ਸਿੱਖਿਅਕ ਅਦਾਰੇ ਕੂੜਾ-ਕਰਕਟ ਦਾ ਸਹੀ ਨਿਪਟਾਰਾ, ਜਲ ਪ੍ਰਬੰਧਨ ਅਤੇ ਸੂਰਜੀ ਊਰਜਾ ਦਾ ਸਹੀ ਉਪਯੋਗ ਕਰਨ ਤਾਂ ਸਥਾਨਕ ਪੱਧਰ ਦੇ ਵਾਤਾਵਰਨ ਪ੍ਰਦੂਸ਼ਨ ਦੀ ਸਮੱਸਿਆ ਤੋਂ ਕਾਫੀ ਹੱਦ ਤਕ ਨਿਜ਼ਾਤ ਪਾਈ ਜਾ ਸਕਦੀ ਹੈ ਅਤੇ ਇਸ ਨਾਲ ਵਿਦਿਆਰਥੀਆਂ ਵਿਚ ਆਪਣੇ ਆਲੇ-ਦੁਆਲੇ ਦੀ ਸਾਂਭ-ਸੰਭਾਲ ਪ੍ਰਤਿ ਇਕ ਚਿਰ ਸਥਾਈ ਸਮਝ ਪੈਦਾ ਹੋ ਸਕਦੀ ਹੈ।

*(ਲੇਖਕ ਵਾਤਾਵਰਨ ਸੰਭਾਲ ਸੋਸਾਇਟੀ ਨਾਲ ਸੰਬੰਧਿਤ ਸਰਗਰਮ ਕਾਰਜਕਰਤਾ ਹੈ।)*

*e-mail :pnpp30@yahoo.com*

ਵਿਚਾਰ

- ਚੰਗਾ ਵਿਹਾਰ ਛੋਟੇ-ਛੋਟੇ ਤਿਆਗ ਤੋਂ ਜਨਮ ਲੈਂਦਾ ਹੈ। (ਐਮਰਸਨ)
- ਵਿਹਾਰ ਗਿਆਨ ਦੀ ਜੋਤ ਨਾਲ ਆਪਣੇ ਪੱਥ ਨੂੰ ਰੌਸ਼ਨ ਕਰਦਾ ਹੈ। (ਚੈਸਟ ਰਫੀਲਡ)
- ਤੁਸੀਂ ਦੂਜਿਆਂ ਦੇ ਜਿਸ ਵਿਹਾਰ ਨੂੰ ਚੰਗਾ ਨਹੀਂ ਮੰਨਦੇ, ਆਪ ਵੀ ਦੂਜਿਆਂ ਨਾਲ ਉਸ ਤਰ੍ਹਾਂ ਨਾ ਕਰੋ। (ਕਨਫਿਊਸ਼ੀਅਸ)
- ਸਦਵਿਹਾਰ ਤੋਂ ਸਸਤੀ ਹੋਰ ਕੋਈ ਵਸਤੂ ਨਹੀਂ ਹੈ। (ਏਲਨ)

# ਪੰਜਾਬ ਵਿਚ ਰਸਾਇਣਕ ਜ਼ਹਿਰਾਂ ਦਾ ਕਹਿਰ

ਜਤਿੰਦਰਪਾਲ ਸਿੰਘ

ਪੰਜਾਬ ਦੀ ਸੋਨਾ ਉਗਲਦੀ ਧਰਤੀ, ਸਿਹਤਮੰਦ ਲੋਕ, ਲਹਿਰਾਉਂਦੇ ਹਰੇ-ਭਰੇ ਖੇਤ ਜਾਪਦਾ ਹੈ ਕਿ ਕਿਸੇ ਬੀਤੇ ਕੱਲ੍ਹ ਦੀ ਗੱਲ ਹੋ ਗਏ ਹਨ। ਅੱਜ ਇਸ ਰਾਜ ਦਾ ਪਾਣੀ ਜ਼ਹਿਰੀਲਾ ਹੋ ਗਿਆ ਹੈ, ਹਵਾ, ਗੈਸਾਂ ਤੇ ਧੂੰਏ ਨਾਲ ਪਲੀਤ ਹੋ ਗਈਆਂ ਹਨ। ਇਥੋਂ ਦੀ ਜ਼ਮੀਨ, ਫ਼ਸਲਾਂ, ਸਬਜ਼ੀਆਂ, ਫਲ ਤੇ ਦੁੱਧ ਆਦਿ ਵਿਚ ਰਸਾਇਣੀ ਜ਼ਹਿਰਾਂ ਦੀ ਉੱਚ ਮਾਤਰਾ ਜਮ੍ਹਾਂ ਹੋ ਚੁੱਕੀ ਹੈ। ਨਰਮਾ, ਕਪਾਹ, ਚੌਲ ਅਤੇ ਕਣਕ ਦੀ ਰਿਕਾਰਡ ਤੋੜ ਪੈਦਾਵਾਰ ਕਰਕੇ ਦਿਖਾਉਣ ਦੀ ਦੌੜ ਵਿਚ ਧਰਤੀ ਉਪਰ ਜ਼ਹਿਰੀਲੇ ਰਸਾਇਣਾਂ ਦਾ ਦਰਿਆ ਵਗਾ ਦਿਤਾ ਗਿਆ। ਰਸਾਇਣੀ ਖਾਦਾਂ, ਉੱਲੀਨਾਸ਼ਕਾਂ, ਕੀਟਨਾਸ਼ਕਾਂ ਨੇ ਜ਼ਮੀਨ ਦਾ ਕਣ-ਕਣ ਜ਼ਹਿਰਾਂ ਨਾਲ ਭਰ ਦਿਤਾ ਹੈ।

ਰਸਾਇਣੀ ਜ਼ਹਿਰਾਂ ਦੇ ਪ੍ਰਕੋਪੀ ਸਿੱਟੇ ਸਾਡੇ ਸਾਹਮਣੇ ਆਉਣ ਲੱਗੇ ਹਨ, ਵਧ ਰਹੇ ਕੈਂਸਰ ਮਾਮਲਿਆਂ ਦੇ ਰੂਪ ਵਿਚ। ਮਾਲਵਾ ਖੇਤਰ ਵਿਚ ਨਾਮੁਰਾਦ ਬੀਮਾਰੀ ਕੈਂਸਰ ਨਾਲ ਜੂਝ ਰਹੇ ਲੋਕਾਂ ਦੀ ਗਿਣਤੀ ਵਿਚ ਹਰ ਦਿਨ ਵਾਧਾ ਹੋ ਰਿਹਾ ਹੈ। ਇਸ ਖੇਤਰ ਦੇ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਦੀ ਇਸ ਬੀਮਾਰੀ ਨੇ ਨੀਂਦ ਉਡਾ ਦਿਤੀ ਕੇ ਰੱਖ ਦਿਤੀ ਹੈ। ਮੈਨੂੰ ਯਾਦ ਹੈ ਕਿ ਜਦੋਂ ਕਦੇ ਮਾਲਵੇ ਦੇ ਬਠਿੰਡਾ ਜ਼ਿਲ੍ਹਿਆਂ ਵਿਚੋਂ ਲੰਘਦੇ ਸੀ ਤਾਂ ਸੜਕ ਦੇ ਦੋਨੋਂ ਪਾਸੇ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਹੁੰਦਾ ਹੀ ਮਿਲਦਾ ਸੀ। ਨਰਮੇ ਤੇ ਕਪਾਹ ਦੇ ਹਰ ਖੇਤ ਵਿਚ ਕਿਸਾਨ ਕੀਟਨਾਸ਼ਕ ਦਵਾਈਆਂ ਦਾ ਬੇਸ਼ੁਮਾਰ ਛਿੜਕਾਅ ਕਰੀ ਜਾ ਰਹੇ ਹੁੰਦੇ ਸਨ। ਅੰਤਰਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ ਦੇ ਅੰਕੜੇ ਵੀ ਇਹੋ ਦਰਸਾਉਂਦੇ ਹਨ ਕਿ ਪਿਛਲੇ 20 ਸਾਲਾਂ ਦੌਰਾਨ ਪੰਜਾਬ ਰਾਜ ਦੀ ਮਾਲਵਾ ਪੱਟੀ ਵਿਚ ਕੀਟਨਾਸ਼ਕ ਦਵਾਈਆਂ ਦੀ ਜਿੰਨੀ ਜ਼ਿਆਦਾ ਵਰਤੋਂ ਹੋਈ ਹੈ, ਉਨੀ ਸੰਸਾਰ ਦੇ ਕਿਸੇ ਹੋਰ ਭਾਗ ਵਿਚ ਨਹੀਂ ਹੋਈ। 1960 ਈ. ਤੋਂ ਬਾਅਦ ਪੰਜਾਬ ਦੇ ਕਿਸਾਨਾਂ ਨੇ ਪਹਿਲਾਂ ਤਾਂ ਡੀ ਡੀ ਟੀ, ਫਿਰ ਬੀ ਐਚ ਸੀ ਦੀ ਵਰਤੋਂ ਤੋਂ ਬਾਅਦ ਤਾਂ ਪਤਾ ਹੀ ਨਹੀਂ ਕਿ ਕਿੰਨੇ ਜ਼ਿਆਦਾ ਕੀਟਨਾਸ਼ਕਾਂ ਦਾ ਛਿੜਕਾਅ ਕਰ ਮਾਰਿਆ। ਇੰਡੋਸਲਫਾਨ, ਐਲਡਰੀਨ, ਕਲੋਰੋਡੇਨ, ਕਲੋਰੋ-ਪਾਈਰੀਫਾਸ ਤੇ ਹੈਪਟਾਕਲੋਰ ਵਰਗੀਆਂ ਪਤਾ ਨਹੀਂ ਕਿੰਨੀਆਂ ਹੀ ਰਸਾਇਣੀ ਜ਼ਹਿਰਾਂ ਨੂੰ ਖੇਤਾਂ ਦੀਆਂ ਫ਼ਸਲਾਂ ਉਪਰ ਛਿੜਕਿਆ ਜਾ ਚੁੱਕਾ ਹੈ। ਇਥੇ ਕਈ ਤਾਂ ਅਜਿਹੇ ਕੀਟਨਾਸ਼ਕਾਂ ਦੀ ਵਰਤੋਂ ਅੱਜ ਵੀ ਧੜੱਲੇ ਨਾਲ ਜਾਰੀ ਹੈ ਜਿਹੜੇ ਕਿ ਵਿਕਸਤ ਦੇਸ਼ਾਂ ਵਿਚ ਪਾਬੰਦੀਸ਼ੁਦਾ ਹਨ।

ਸਮੁੱਚੇ ਏਸ਼ੀਆ ਵਿਚੋਂ ਭਾਰਤ ਕੀਟਨਾਸ਼ਕ ਦਵਾਈਆਂ ਦੇ ਉਤਪਾਦਨ ਤੇ ਵਰਤੋਂ ਦੇ ਮਾਮਲੇ ਵਿਚ ਪਹਿਲੇ ਨੰਬਰ ਉਤੇ ਆਉਂਦਾ ਹੈ। ਸਮੁੱਚੇ ਸੰਸਾਰ ਵਿਚੋਂ ਦੇਖੀਏ ਤਾਂ ਸਾਡਾ ਦੇਸ਼ 12ਵੇਂ ਨੰਬਰ ਉੱਤੇ ਆਉਂਦਾ ਹੈ। ਹੁਣ ਪੰਜਾਬ ਵਾਸੀ ਭਲਾ ਕਿਵੇਂ ਪਿਛੇ ਰਹਿ ਸਕਦੇ? ਸਮੁੱਚੇ ਭਾਰਤ ਵਿਚ ਵਰਤੇ ਜਾਂਦੇ ਕੀਟਨਾਸ਼ਕਾਂ ਵਿਚੋਂ ਤਕਰੀਬਨ 19 ਪ੍ਰਤਿਸ਼ਤ ਤਾਂ ਪੰਜਾਬ ਰਾਜ ਵਿਚ ਹੀ ਛਿੜਕੇ ਜਾ ਰਹੇ ਹਨ। ਸਮੁੱਚੇ ਦੇਸ਼ ਦੇ ਕੁੱਲ ਖੇਤਰਫਲ ਵਿਚੋਂ ਡੇਢ ਪ੍ਰਤਿਸ਼ਤ ਖੇਤਰ ਵਿਚ ਫੈਲੇ ਇਸ ਰਾਜ ਵਿਚ ਕੀਟਨਾਸ਼ਕ ਜ਼ਹਿਰਾਂ ਦੀ ਇੰਨੀ ਵੱਡੀ ਮਾਤਰਾ ਵਿਚ ਵਰਤੋਂ ਕਰਨਾ ਬਹੁਤ ਚਿੰਤਾਜਨਕ ਵਿਸ਼ਾ ਬਣਿਆ ਹੋਇਆ ਹੈ। ਰਸਾਇਣੀ ਜ਼ਹਿਰਾਂ ਦੇ ਬੁਰੇ ਪ੍ਰਭਾਵ ਬਾਰੇ ਦੁਨੀਆਂ ਭਰ ਵਿਚ ਫੈਲੀ ਜਾਗ੍ਰਿਤੀ ਦੇ ਬਾਵਜੂਦ, ਪੰਜਾਬ ਕੀਟਨਾਸ਼ਕ ਰਸਾਇਣਾਂ ਦੀ ਵਰਤੋਂ ਵਿਚ ਹਰੇਕ ਸਾਲ 4.3 ਪ੍ਰਤਿਸ਼ਤ ਵਾਧਾ ਹੋ ਰਿਹਾ ਹੈ। ਇਸੇ ਸਭ ਕੁਝ ਦਾ ਨਤੀਜਾ ਹੈ ਕਿ ਪੰਜਾਬ ਦੇ ਲੋਕਾਂ ਦੀਆਂ ਖ਼ੂਨ ਵੀਹਣੀਆਂ ਵਿਚ ਦੌੜ ਰਹੇ ਲਹੂ ਵਿਚ 15 ਤੋਂ ਵੱਧ ਪ੍ਰਕਾਰ ਦੇ ਜ਼ਹਿਰੀਲੇ ਪਦਾਰਥ ਦੌੜ ਰਹੇ ਹਨ। ਜੇਕਰ ਸਮੁੱਚੇ ਵਿਸ਼ਵ ਭਰ ਦੇ ਅੰਕੜੇ ਦੇਖੀਏ ਤਾਂ 1956 ਈ. ਵਿਚ ਭਾਰਤ ਵਿਚ 5600 ਮੀਟਰਕ ਟਨ ਕੀਟਨਾਸ਼ਕ ਦਵਾਈਆਂ ਦਾ ਉਤਪਾਦਨ ਹੁੰਦਾ ਸੀ ਜਿਹੜਾ ਕਿ 2001 ਈ. ਵਿਚ ਵਧ ਕੇ 9600 ਮੀਟਰਕ ਟਨ ਹੋ ਗਿਆ। ਆਈ ਸੀ ਐਸ ਆਰ ਜਾਂ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਦੇ ਅੰਕੜੇ ਦਰਸਾਉਂਦੇ ਹਨ ਕਿ ਸਾਡੇ ਦੇਸ਼ ਵਿਚਲੇ 56 ਪ੍ਰਤਿਸ਼ਤ ਖਾਣ ਵਾਲੇ ਪਦਾਰਥ ਅਜਿਹੇ ਹਨ ਜਿਹੜੇ ਕੀਟਨਾਸ਼ਕ ਪਦਾਰਥਾਂ ਤੇ ਹੋਰਨਾਂ ਰਸਾਇਣੀ ਜ਼ਹਿਰਾਂ ਨਾਲ ਪ੍ਰਦੂਸ਼ਿਤ ਹੋ ਚੁੱਕੇ ਹਨ। ਇਨ੍ਹਾਂ ਵਿਚੋਂ 20 ਪ੍ਰਤਿਸ਼ਤ ਪਦਾਰਥ ਅਜਿਹੇ ਹਨ ਜਿਨ੍ਹਾਂ ਵਿਚ ਨਦੀਨਨਾਸ਼ਕ ਦਵਾਈਆ ਜਾਂ ਪੈਸਟੀਸਾਈਡਜ਼ ਦੀ ਮਾਤਰਾ ਖ਼ਤਰੇ ਦੇ ਪੱਧਰ ਤੋਂ ਵੀ ਕਿਤੇ ਜ਼ਿਆਦਾ ਹੈ।

ਨਰਮੇ ਤੇ ਕਪਾਹ ਦੀ ਫ਼ਸਲ ਦੇ ਉਤਪਾਦਨ ਵਿਚ ਪੰਜਾਬ ਦਾ ਮਾਲਵਾ ਖੇਤਰ ਪਿਛਲੇ ਪੰਜਾਹ ਸਾਲਾਂ ਦੌਰਾਨ ਦੁਨੀਆਂ ਦੇ ਨਕਸ਼ੇ ਉੱਪਰ ਉੱਭਰਿਆ ਰਿਹਾ ਹੈ। ਇਸ ਫ਼ਸਲ ਦਾ ਵੱਧ ਤੋਂ ਵੱਧ ਝਾੜ ਲੈਣ ਦੀ ਦੌੜ ਵਿਚ ਇਥੇ ਕੀੜੇਮਾਰ ਤੇ ਨਦੀਨਨਾਸ਼ਕ ਦਵਾਈਆਂ ਦੀ ਬੇਸ਼ੁਮਾਰ ਵਰਤੋਂ ਕੀਤੀ ਗਈ। ਜਿਸ ਦਾ ਨਤੀਜਾ ਇਹ ਹੋਇਆ ਕਿ ਇਥੋਂ ਦੀ ਜ਼ਮੀਨ ਅਤੇ ਇਸ ਹੇਠਲੇ ਪਾਣੀ ਵਿਚ ਜ਼ਹਿਰੀਲੇ ਰਸਾਇਣੀ ਤੱਤਾਂ ਦੀ ਮਾਤਰਾ ਬਹੁਤ ਜ਼ਿਆਦਾ ਵਧ ਗਈ। ਜੇ ਪਿਛਲੇ ਸਰਵੇਖਣਾਂ ਦੇ ਅੰਕੜੇ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਪੂਰੇ ਪੰਜਾਬ ਵਿਚ ਨਰਮੇ ਤੇ ਕਪਾਹ ਅਧੀਨ ਰਕਬਾ ਸਿਰਫ਼ 6 ਪ੍ਰਤਿਸ਼ਤ ਹੈ। ਇਸ ਥੋੜ੍ਹੇ ਜਿਹੇ ਖੇਤਰ ਵਿਚ ਸਮੁੱਚੇ ਰਾਜ ਵਿਚਲੀ ਨਦੀਨਨਾਸ਼ਕਾਂ ਦੀ ਕੁੱਲ ਖਪਤ ਵਿਚੋਂ 35 ਪ੍ਰਤਿਸ਼ਤ ਨਦੀਨਾਸ਼ਕ ਵਰਤੇ ਜਾਂਦੇ ਰਹੇ ਹਨ। ਇਸ ਦਾ ਨਤੀਜਾ ਸਾਡੇ ਸਾਹਮਣੇ ਹੈ ਕਿ ਕਿਸੇ ਸਮੇਂ ਦੁਨੀਆਂ ਦੇ ਨਕਸ਼ੇ ਉਪਰ 'ਨਰਮਾ ਪੱਟੀ' ਵਜੋਂ ਉੱਭਰ ਕੇ ਨਾਮਣਾ

ਖੱਟਣ ਵਾਲਾ ਇਹ ਮਾਲਵਾ ਖੇਤਰ ਅੱਜ 'ਕੈਂਸਰ ਪੱਟੀ' ਵਜੋਂ ਆਪਣੀ ਦਰਦ ਭਰੀ ਦਾਸਤਾਨ ਬਿਆਨ ਕਰ ਰਿਹਾ ਹੈ।

ਪੰਜਾਬ ਦੇ ਮਾਲਵਾ ਖੇਤਰ ਵਿਚਲੇ ਬਠਿੰਡਾ, ਮਾਨਸਾ, ਫਰੀਦਕੋਟ, ਮੁਕਤਸਰ ਅਤੇ ਸੰਗਰੂਰ ਜ਼ਿਲ੍ਹੇ ਤਾਂ ਪੂਰੀ ਤਰ੍ਹਾਂ ਕੈਂਸਰ ਦੀ ਮਾਰ ਹੇਠਾਂ ਆ ਚੁੱਕੇ ਹਨ। ਜੇ ਇਨ੍ਹਾਂ ਜ਼ਿਲ੍ਹਿਆਂ ਵਿਚਲੇ ਕੈਂਸਰ ਮਾਮਲਿਆਂ ਦੇ ਰਿਕਾਰਡ ਦੇਖੀਏ ਤਾਂ ਪਤਾ ਲਗਦਾ ਹੈ ਕਿ ਸਭ ਤੋਂ ਵੱਧ ਕੈਂਸਰ ਮਾਮਲੇ ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਵਿਚੋਂ ਹੀ ਹਨ। ਇਨ੍ਹਾਂ ਦੋ ਜ਼ਿਲ੍ਹਿਆਂ ਦੇ ਪਿੰਡ ਕਸਬੇ ਤੇ ਸ਼ਹਿਰ ਦੇ ਹਸਪਤਾਲਾਂ ਵਿਚਲੇ ਵਾਰਡਾਂ ਵਿਚ ਕੈਂਸਰ ਰੋਗੀਆਂ ਦੇ ਅੰਕੜੇ ਬਹੁਤ ਦਿਲ ਹਿਲਾ ਦੇਣ ਵਾਲੇ ਹਨ। ਇਨ੍ਹਾਂ ਮਰੀਜ਼ਾਂ ਵਿਚ ਕੇਵਲ ਬਾਲਗ ਉਮਰ ਦੇ ਮਰਦ ਤੇ ਔਰਤਾਂ ਹੀ ਨਹੀਂ ਸਗੋਂ ਛੋਟੀ ਉਮਰ ਦੇ ਬੱਚੇ ਵੀ ਸ਼ਾਮਿਲ ਹਨ। ਕੈਂਸਰ ਨਾਂ ਦੀ ਘਾਤਕ ਬੀਮਾਰੀ ਤਾਂ ਭਾਵੇਂ ਮਨੁੱਖੀ ਸਰੀਰ ਦੇ ਕਿਸੇ ਵੀ ਅੰਗ ਨੂੰ ਪ੍ਰਭਾਵਿਤ ਕਰ ਸਕਦੀ ਹੈ। ਮਾਲਵਾ ਖੇਤਰ ਦਾ ਮੌਜੂਦਾ ਸਰਵੇਖਣ ਦਰਸਾਉਂਦਾ ਹੈ ਕਿ ਇਨ੍ਹਾਂ ਕੈਂਸਰ ਰੋਗੀਆਂ ਵਿਚੋਂ ਬਹੁਤੇ ਰੋਗੀ ਮੂੰਹ, ਗਲੇ, ਭੋਜਨ ਨਲੀ, ਜਿਗਰ, ਆਂਤੜੀਆਂ, ਫੇਫੜੇ, ਬੱਚਾਦਾਨੀ, ਦਿਮਾਗ, ਲਹੂ ਤੇ ਹੱਡੀਆਂ ਦੇ ਕੈਂਸਰ ਤੋਂ ਪ੍ਰਭਾਵਿਤ ਹਨ। ਜੇ ਮਰਦਾਂ ਤੇ ਔਰਤਾਂ ਦੇ ਅੰਕੜੇ ਵੱਖਰੇ ਕਰ ਕੇ ਦੇਖੀਏ ਤਾਂ ਔਰਤਾਂ ਵਿਚ ਛਾਤੀ ਅਤੇ ਬੱਚਾਦਾਨੀ ਦੇ ਕੈਂਸਰ ਮਾਮਲੇ ਜ਼ਿਆਦਾ ਹਨ। ਇਸ ਦੇ ਨਾਲ ਹੀ ਮਰਦਾਂ ਵਿਚ ਗਲੇ ਅਤੇ ਆਂਤੜੀਆਂ ਦੇ ਕੈਂਸਰ ਮਾਮਲੇ ਵਧੇਰੇ ਦਰਜ ਹੋ ਰਹੇ ਹਨ।

ਪੰਜਾਬ ਦੇ ਖੇਤੀ ਮਾਹਿਰਾਂ, ਕੈਂਸਰ ਰੋਗ ਉਪਰ ਖੋਜ ਕਰ ਰਹੇ ਵਿਗਿਆਨੀਆਂ ਅਤੇ ਡਾਕਟਰਾਂ ਲਈ ਦੋ ਅਹਿਮ ਸਵਾਲ ਸਾਹਮਣੇ ਖੜ੍ਹੇ ਹਨ। ਪਹਿਲਾ ਤਾਂ ਇਹ ਕਿ ਪੰਜਾਬ ਦੇ ਮਾਲਵਾ ਖੇਤਰ ਵਿਚ ਵਧ ਰਹੇ ਕੈਂਸਰ ਮਾਮਲਿਆਂ ਪਿੱਛੇ ਕਿਹੜਾ ਰਸਾਇਣੀ ਪ੍ਰਦੂਸ਼ਨ ਕਾਰਕ ਛੁਪਿਆ ਹੈ। ਦੂਸਰਾ ਇਹ ਕਿ ਇਸ ਖੇਤਰ ਵਿਚ ਫੈਲੇ ਇਸ ਕਹਿਰ ਨੂੰ ਕਿਵੇਂ ਨੱਥ ਪਾਈ ਜਾਵੇ। ਇਸ ਗੱਲ ਬਾਰੇ ਮਾਹਿਰਾਂ ਦੀ ਇਕ ਆਮ ਸਹਿਮਤੀ ਹੈ ਕਿ ਇਸ ਖੇਤਰ ਦੇ ਜ਼ਮੀਨੀ ਪਾਣੀ ਵਿਚ ਰਸਾਇਣੀ ਤੱਤਾਂ ਦੀ ਮਾਤਰਾ ਵਧਣ ਕਾਰਨ ਕੈਂਸਰ ਦਾ ਕਹਿਰ ਫੈਲਿਆ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਵਲੋਂ ਕਰਵਾਏ ਇਕ ਸਰਵੇਖਣ ਤੋਂ ਬਾਅਦ ਇਸ ਗੱਲ ਦੀ ਪੁਸ਼ਟੀ ਹੋ ਗਈ ਹੈ ਕਿ ਪੰਜਾਬ ਦੇ ਮਾਲਵਾ ਖੇਤਰ ਦੇ ਪਾਣੀ ਵਿਚ ਆਰਸੈਨਿਕ, ਯੂਰੇਨੀਅਮ ਅਤੇ ਫਲੋਰਾਈਡ ਵਰਗੇ ਜ਼ਹਿਰੀ ਤੱਤਾਂ ਦੀ ਮਾਤਰਾ ਬਹੁਤ ਵਧ ਚੁੱਕੀ ਹੈ। ਇਸ ਤੋਂ ਪਹਿਲਾਂ ਵੀ ਜਰਮਨੀ ਦੀ ਇਕ ਪ੍ਰਸਿੱਧ ਪ੍ਰਯੋਗਸ਼ਾਲਾ ਦੇ ਵਿਗਿਆਨੀਆਂ ਨੇ ਇਹ ਤੱਥ ਉਜਾਗਰ ਕੀਤਾ ਸੀ ਕਿ ਪੰਜਾਬ ਦੀ ਮਾਲਵਾ ਪੱਟੀ ਵਿਚ ਯੂਰੇਨੀਅਮ ਵਰਗੇ ਘਾਤਕ ਤੱਤਾਂ ਦੀ ਇਕ ਉੱਚ ਮਾਤਰਾ ਜਮ੍ਹਾ ਹੋ ਚੁੱਕੀ ਹੈ। ਜਮਰਨੀ ਦੇ ਵਿਗਿਆਨੀਆਂ ਨੇ ਮਾਲਵੇ ਦੇ ਜ਼ਿਲ੍ਹਿਆਂ ਵਿਚ ਵਸਤੇ 149 ਬੱਚਿਆਂ ਦੀ ਜਾਂਚ ਕਰਨ ਤੋਂ ਬਾਅਦ ਇਹ ਖੁਲਾਸਾ ਕੀਤਾ ਸੀ ਕਿ ਇਥੋਂ ਦੀ ਜ਼ਮੀਨ ਹੇਠਲੇ ਪਾਣੀ ਵਿਚ ਯੂਰੇਨੀਅਮ ਤੱਤ ਇਕ ਖ਼ਤਰਨਾਕ ਪੱਧਰ ਤਕ ਵਧ ਚੁੱਕਿਆ ਹੈ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ 'ਪੰਜਾਬ ਵਿਚਲੇ ਪਾਣੀਆਂ ਵਿਚ ਯੂਰੇਨੀਅਮ ਦੀ ਮੌਜੂਦਗੀ' ਦਾ ਮਸਲਾ ਅੰਤਰਰਾਸ਼ਟਰੀ ਪੱਧਰ ਉਤੇ ਪੰਹੁਚ ਗਿਆ ਹੈ ਪਰ ਭਾਰਤ ਤੇ ਪੰਜਾਬ ਦੇ ਵਿਗਿਆਨੀ ਇਸ ਗੱਲ ਉੱਪਰ ਜ਼ੋਰ ਲਗਾ ਰਹੇ ਹਨ ਕਿ ਇਥੇ ਯੂਰੇਨੀਅਮ ਹੈ ਹੀ ਨਹੀਂ ਜਾਂ ਫਿਰ ਉਹ ਇਸ ਗੱਲ ਉਪਰ ਜ਼ੋਰ ਲਗਾ ਰਹੇ ਹਨ ਕਿ ਇਹ ਯੂਰੇਨੀਅਮ ਕੈਂਸਰ ਲਈ ਜ਼ਿੰਮੇਵਾਰ ਨਹੀਂ। ਪਤਾ ਨਹੀਂ ਅਜਿਹੀਆਂ ਦਲੀਲਾਂ ਤੇ ਖੋਜ ਕਾਨਫਰੰਸਾਂ ਦੀ ਬਹਿਸ ਵਿਚੋਂ ਕੀ ਕੱਢਣਾ ਹੈ?

***ਵਿਸ਼ਵ ਪ੍ਰਸਿੱਧ ਅਫ਼ਰੀਕਨ ਵਿਗਿਆਨੀ ਡਾਕਟਰ ਕੈਰਿਨ ਸਮਿੱਥ ਅਤੇ ਜਰਮਨ ਦੇ ਵਿਗਿਆਨੀ ਡਾ. ਕ੍ਰਿਸਟੋਫ਼ਰ ਬਸਬੀ ਤੇ ਡਾ. ਐਲੇਨੋਰ ਬਲਾਰੋਕ ਨੇ ਭਾਰਤ ਤੇ ਪੰਜਾਬ ਸਰਕਾਰ ਨੂੰ ਤਾਜ਼ਾ ਪੇਸ਼ਕਸ਼ ਕੀਤੀ ਹੈ। ਇਨ੍ਹਾਂ ਵਿਗਿਆਨੀਆਂ ਨੂੰ ਪਹਿਲਕਦਮੀ ਕਰਦੇ ਹੋਏ ਕਿਹਾ ਹੈ ਕਿ ਉਹ ਪੰਜਾਬ ਸਮੇਤ ਪੂਰੇ ਭਾਰਤ ਵਿਚ ਵਧ ਰਹੇ ਯੂਰੇਨੀਅਮ ਦੇ ਪੱਧਰ ਦਾ ਕਾਰਨ ਪਤਾ ਲਗਾਉਣਗੇ। ਉਨ੍ਹਾਂ ਦੀ ਖੋਜ ਟੀਮ ਇਸ ਖੇਤਰ ਵਿਚ ਮੌਜੂਦਾ ਥਰਮਲ ਪਲਾਂਟਾਂ, ਫਾਸਫੇਟ ਖਾਦਾਂ ਦੀ ਵਰਤੋਂ ਅਤੇ ਅਫ਼ਗਾਨਿਸਤਾਨ ਵਿਚ ਵਰਤੇ ਗਏ ਹਥਿਆਰਾਂ ਆਦਿ ਜਿਹੇ ਸਾਰੇ ਪੱਖਾਂ ਨੂੰ ਗਹਿਰਾਈ ਨਾਲ ਘੋਖਣਗੇ।***

ਮਾਲਵਾ ਪੱਟੀ ਵਿਚ ਫੈਲਿਆ ਕੈਂਸਰ ਰੋਗ ਸਮੁੱਚੇ ਵਿਸ਼ਵ ਲਈ ਇਕ ਚੁਣੌਤੀ ਬਣ ਗਿਆ ਹੈ। ਕਿਸੇ ਇਕ ਖੇਤਰ ਵਿਚ ਮਰੀਜ਼ਾਂ ਦੀ ਇੰਨੀ ਵੱਡੀ ਗਿਣਤੀ ਨੂੰ ਦੇਖ ਕੇ ਬਾਹਰੋਂ ਆਏ ਗਿਆਨੀ ਤੇ ਡਾਕਟਰ ਮੂੰਹ ਵਿਚ ਉਂਗਲਾਂ ਪਾ ਕੇ ਸੋਚੀਂ ਪੈ ਜਾਂਦੇ ਹਨ। ਪੀ ਜੀ ਆਈ ਚੰਡੀਗੜ੍ਹ ਦੇ ਰੇਡੀਓਥਰੈਪੀ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਡਾ. ਬੀ ਡੀ ਗੁਪਤਾ ਦੇ ਅਨੁਸਾਰ ਮਾਲਵਾ ਖੇਤਰ ਵਿਚ ਕੈਂਸਰ ਰੋਗੀਆਂ ਦੀ ਗਿਣਤੀ ਇਕ ਲੱਖ ਆਬਾਦੀ ਪਿੱਛੇ 180 ਤੋਂ ਵੀ ਵੱਧ ਹੈ। ਜਦ ਕਿ ਸਮੁੱਚੇ ਭਾਰਤ ਵਿਚ ਏਹੀ ਅਨੁਪਾਤ ਇਕ ਲੱਖ ਆਬਾਦੀ ਪਿੱਛੇ 125 ਹੈ। ਕੋਈ ਹੋਰ ਕੈਂਸਰ ਮਾਹਿਰਾਂ ਦਾ ਤਾਂ ਇਹ ਮੰਨਣਾ ਹੈ ਕਿ ਕੈਂਸਰ ਦੇ ਮਰੀਜ਼ਾਂ ਵਿਚੋਂ 50 ਪ੍ਰਤਿਸ਼ਤ ਮਰੀਜ਼ ਤਾਂ ਇਕੱਲੇ ਮਾਲਵਾ ਖੇਤਰ ਵਿਚ ਹੀ ਹਨ।

ਰਸਾਇਣੀ ਜ਼ਹਿਰਾਂ ਦੀ ਵਰਤੋਂ ਕਾਰਨ ਸਿਰਫ਼ ਕੈਂਸਰ ਰੋਗ ਹੀ ਨਹੀਂ ਸਗੋਂ ਪੇਟ ਦੀਆਂ ਬੀਮਾਰੀਆਂ, ਅੱਖਾਂ ਦੇ ਰੋਗ, ਚਮੜੀ ਰੋਗ, ਐਲਰਜੀ, ਨਿਪੁੰਸਕਤਾ ਅਤੇ ਮੰਦਬੁੱਧੀ ਬੱਚਿਆਂ ਦਾ ਜਨਮ ਆਦਿ ਜਿਹੇ ਦੁਰਪ੍ਰਭਾਵ ਵੀ ਫੈਲ ਰਹੇ ਹਨ। ਪੀ ਜੀ ਆਈ ਚੰਡੀਗੜ੍ਹ ਦੇ ਇਕ ਸਰਵੇਖਣ ਵਿਚ ਪਤਾ ਲੱਗਿਆ ਹੈ ਕਿ ਪੰਜਾਬ ਦੀ ਮਨੁੱਖੀ ਆਬਾਦੀ ਦੇ ਲਹੂ ਵਿਚ ਕੀਟਨਾਸ਼ਕ ਤੇ ਨਦੀਨਨਾਸ਼ਕ ਪਦਾਰਥਾਂ ਦੀ ਮੌਜੂਦਗੀ ਇਕ ਖ਼ਤਰਨਾਕ ਤੇ ਨਦੀਨਾਸ਼ਕ ਪਦਾਰਥਾਂ ਦੀ ਮੌਜੂਦਗੀ ਇਕ ਖ਼ਤਰਨਾਕ ਪੱਧਰ ਤੋਂ ਵਧ ਚੁੱਕੀ ਹੈ। ਤਕਰੀਬਨ 15 ਕਿਸਮਾਂ ਦੇ ਜ਼ਹਿਰੀਲੇ ਕਣ ਪੰਜਾਬੀ ਲੋਕਾਂ ਦੇ ਲਹੂ ਵਿਚ ਮਿਲ ਚੁੱਕੇ ਹਨ। ਅੰਮ੍ਰਿਤ ਸਮਾਨ ਮੰਨਿਆ ਜਾਣ ਵਾਲਾ ਮਾਂ ਦਾ ਦੁੱਧ ਵੀ ਰਸਾਇਣੀ ਜ਼ਹਿਰਾਂ ਨਲ ਜ਼ਹਿਰੀਲਾ ਹੋ ਗਿਆ ਹੈ। ਜਦੋਂ ਸਾਡੇ ਖਾਧ ਪਦਾਰਥ ਹੀ ਰਸਾਇਣਕ ਜ਼ਹਿਰਾਂ ਨਾਲ ਪਲੀਤ ਹੋ ਚੁੱਕੇ ਹਨ ਤਾਂ ਸਾਡੇ ਸਰੀਰ ਦੇ ਹਰ ਭਾਗ ਚਾਹੇ ਉਹ ਖ਼ੂਨ, ਚਰਬੀ ਅਤੇ ਚਾਹੇ ਮਾਂ ਦਾ ਦੁੱਧ ਹੀ ਕਿਉਂ ਨਾ ਹੋਵੇ, ਵਿਚ ਵੀ ਇਹ ਜ਼ਹਿਰਾਂ ਦਾ ਰਚ ਜਾਣਾ ਸੁਭਾਵਿਕ ਹੀ ਹੈ।

ਪੰਜਾਬ ਰਾਜ ਯੋਜਨਾਬੰਦੀ ਬੋਰਡ ਦੀ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਰਸਾਇਣਾਂ ਨਾਲ ਪ੍ਰਦੂਸ਼ਿਤ ਹੋਇਆ ਪਾਣੀ ਪੀਣ ਨਾਲ ਗੈਸਟਰੋਐਂਟਰਾਈਟਸ, ਹੈਪੇਟਾਈਟਸ, ਜੋੜਾਂ ਦਾ ਦਰਦ, ਚਮੜੀ ਰੋਗ, ਸਾਹ-ਦਮਾ ਵਰਗੀਆਂ

*ਬਾਕੀ ਸਫ਼ਾ 46 ਉੱਤੇ*

# ਪਦਾਰਥ, ਪ੍ਰਕਾਸ਼ ਅਤੇ ਬ੍ਰਹਿਮੰਡ ਦੀ ਅਸਲੀਅਤ : ਨਿਊਟ੍ਰੀਨੋ ਕਣ

ਸਤਬੀਰ ਸਿੰਘ

ਨਿਊਟ੍ਰੀਨੋ ਕਣ ਪਦਾਰਥ ਦੀ ਇਕ ਬਹੁਤ ਹੀ ਛੋਟੀ ਇਕਾਈ ਹੈ। ਨਿਊਟ੍ਰੀਨੋ ਤੋਂ ਮਤਲਬ ਮਾਦੇ ਦਾ ਬਹੁਤ ਛੋਟਾ ਪਰ ਬਿਜਲਈ ਤੌਰ ਤੇ ਉਦਾਸੀਨਤਾ ਵਾਲਾ ਕਣ। ਉਦਾਸੀਨ ਹੋਣ ਦੇ ਬਾਵਜੂਦ ਇਹ ਕਣ ਮੌਲਿਕ ਰੂਪ ਵਿਚ ਘੱਟ ਪ੍ਰਭਾਵਸ਼ੀਲ ਉਪ ਪ੍ਰਮਾਣੂ ਕਣ ਹੈ। ਵਿਗਿਆਨਕ ਪ੍ਰਮਾਣਿਕਤਾ ਅਨੁਸਾਰ ਇਸ ਕਣ ਦਾ ਪੁੰਜ ਤਾਂ ਹੁੰਦਾ ਹੈ ਪਰ ਇਹ ਪੁੰਜ ਪ੍ਰਮਾਣੂ ਕਣਾਂ ਦੇ ਪੁੰਜ ਤੋਂ ਵੀ ਬਹੁਤ ਜ਼ਿਆਦਾ ਘੱਟ ਹੈ। ਇਸ ਦਾ ਪੁੰਜ ਕਦੇ ਵੀ ਦਰੁਸਤ ਤੌਰ ਤੇ ਮਾਪਿਆ ਨਹੀਂ ਜਾ ਸਕਦਾ। ਨਿਊਟ੍ਰੀਨੋ ਬਿਜਲਈ ਤੌਰ ਤੇ ਚਾਰਜ (ਰਿਣ ਜਾਂ ਧਨ) ਨੂੰ ਲੈ ਕੇ ਨਹੀਂ ਚੱਲ ਸਕਦੇ। ਇਹੀ ਕਾਰਨ ਹੈ ਕਿ ਇਹ ਕਣ ਬਿਜਲ-ਚੁੰਬਕੀ ਬਲਾਂ ਦੇ ਪ੍ਰਭਾਵ ਤੋਂ ਮੁਕਤ ਹੈ। ਇਹ ਸਿਰਫ਼ ਕਮਜ਼ੋਰ ਉਪ-ਪ੍ਰਮਾਣੂ ਬਲਾਂ ਨਾਲ ਹੀ ਪ੍ਰਭਾਵਤ ਹੁੰਦਾ ਹੈ। ਇਨ੍ਹਾਂ ਬਲਾਂ ਦੀ ਮਾਤਰਾ ਬਿਜਲ-ਚੁੰਬਕੀ ਬਲਾਂ ਅਤੇ ਗਰੁਤਵੀ ਬਲਾਂ ਤੋਂ ਬਹੁਤ ਘੱਟ ਹੁੰਦੀ ਹੈ। ਇਸੇ ਕਰਕੇ ਇਹ ਕਣ ਸਾਧਾਰਨ ਪਦਾਰਥ ਵਿਚੋਂ ਬਿਨਾਂ ਕਿਸੇ ਰੁਕਾਵਟ ਦੇ ਗੁਜ਼ਰ ਜਾਂਦੇ ਹਨ।

ਨਿਊਟ੍ਰੀਨੋ ਕਣਾਂ ਦਾ ਜਨਮ ਰੇਡੀਓ ਐਕਟਿਵ ਪਦਾਰਥਾਂ ਦੇ ਪਤਨ ਤੋਂ ਹੁੰਦਾ ਹੈ। ਜਾਂ ਫਿਰ ਇਹ ਨਿਊਕਲੀਅਰ ਕ੍ਰਿਆਵਾਂ ਤੋਂ ਬਣਦੇ ਹਨ। ਉਦਾਹਰਣ ਵਜੋਂ, ਸਾਡੇ ਸੂਰਜ ਵਿਚ ਨਿਊਕਲੀ ਸੰਯੋਜਨ ਕ੍ਰਿਆ ਹੁੰਦੀ ਹੈ ਜਿਸ ਵਿਚ ਹਾਈਡਰੋਜਨ ਦੇ ਪ੍ਰਮਾਣੂ ਹੀਲੀਅਮ ਪ੍ਰਮਾਣੂਆਂ ਵਿਚ ਤਬਦੀਲ ਹੁੰਦੇ ਹਨ। ਇਹ ਕ੍ਰਿਆ ਨਿਊਟ੍ਰੀਨੋ ਕਣਾਂ ਦੇ ਬਣਨ ਦਾ ਕਾਰਨ ਬਣਦੀ ਹੈ। ਇਸ ਤੋਂ ਇਲਾਵਾ, ਪ੍ਰਮਾਣੂ ਭੱਠੀਆਂ ਅਤੇ ਕਾਸਮਿਕ ਕਿਰਨਾਂ (ਪ੍ਰਮਾਣੂਆਂ ਨਾਲ ਟਕਰਾਉਣ) ਆਦਿ ਵੀ ਇਨ੍ਹਾਂ ਕਣਾਂ ਨੂੰ ਪ੍ਰਗਟ ਕਰਦੇ ਹਨ।

ਨਿਊਟ੍ਰੀਨੋ ਕਣ ਤਿੰਨ ਕਿਸਮਾਂ ਦੇ ਹੁੰਦੇ ਹਨ। ਇਨ੍ਹਾਂ ਵਿਚ ਇਲੈਕਟ੍ਰੋਨ ਨਿਊਟ੍ਰੀਨੋ, ਮਿਊਨ ਨਿਊਟ੍ਰੀਨੋ ਅਤੇ ਟਾਓ ਨਿਊਟ੍ਰੀਨੋ ਮੁੱਖ ਹਨ। ਹਰ ਇਕ ਕਿਸਮ ਦਾ ਇਕ 'ਕਣ ਵਿਰੋਧੀ' ਰੂਪ ਵੀ ਹੁੰਦਾ ਹੈ। ਜਿਸ ਨੂੰ ਨਿਊਟ੍ਰੀਨੋ ਵਿਰੋਧੀ ਕਣ ਵੀ ਕਹਿੰਦੇ ਹਨ। ਇਸ ਵਿਰੋਧੀ ਰੂਪ ਵਿਚ ਵੀ ਬਿਜਲਈ ਤੌਰ ਤੇ ਉਦਾਸੀਨਤਾ ਹੁੰਦੀ ਹੈ। ਪਰ ਵਿਗਿਆਨਕ ਤੌਰ ਤੇ ਨਿਊਟ੍ਰੀਨੋ ਕਣ ਅਤੇ ਇਸ ਦੇ ਵਿਰੋਧੀ ਕਣ ਦੀ ਸਮਰੂਪਤਾ ਦਾ ਮਸਲਾ ਅਜੇ ਹੱਲ ਨਹੀਂ ਹੋ ਸਕਿਆ। ਸੂਰਜ ਵਿਚ ਹੋਣ ਵਾਲੀਆਂ ਨਿਊਕਲੀਅਰ ਕ੍ਰਿਆਵਾਂ ਤੋਂ ਨਿਊਟ੍ਰੀਨੋ ਕਣ ਉਪਜਦੇ ਹਨ ਅਤੇ ਇਹ ਪੂਰੇ ਬ੍ਰਹਿਮੰਡ ਵਿਚ ਖਿੱਲਰ ਜਾਂਦੇ ਹਨ। ਧਰਤੀ ਦੇ ਪੱਥ ਵਿਚੋਂ ਗੁਜ਼ਰ ਜਾਂਦੇ ਹਨ। ਇਕ ਸਕਿੰਟ ਵਿਚ ਲਗਭਗ 6 ਅਰਬ 50 ਕਰੋੜ ਨਿਊਟ੍ਰੀਨੋ ਕਣ ਧਰਤੀ ਦੀ ਇਕ ਵਰਗ ਸੈਂਟੀਮੀਟਰ ਜਗਹ ਵਿਚੋਂ ਗੁਜ਼ਰਦੇ ਹਨ। ਕੁਦਰਤ ਵਿਚ ਹਰ ਪਲ ਕੁੱਝ ਨਵਾਂ ਹੋ ਰਿਹਾ ਹੈ। ਮਨੁੱਖ ਦੀ ਜਗਿਆਸਾ ਸਦੀਆਂ ਤੋਂ ਹੀ ਕੁੱਝ ਨਵਾਂ ਲੱਭਣ ਦੀ ਤੁਰੀ ਹੋਈ ਹੈ। ਨਿਊਟ੍ਰੀਨੋ ਕਣਾਂ ਦੀ ਖੋਜ ਸੰਬੰਧੀ ਸਵੀਡਨ ਵਿਚ ਅਤੇ ਇਟਲੀ ਵਿਚ ਵੱਡੇ ਪੱਧਰ 'ਤੇ ਵਿਗਿਆਨਕ ਪ੍ਰਯੋਗ ਚੱਲ ਰਹੇ ਹਨ। ਨਿਊਟ੍ਰੀਨੋ ਕਣਾਂ ਦੀ ਖੋਜ ਸੰਬੰਧੀ ਇਕ ਝਾਤ ਮਾਰਦੇ ਹਾਂ।

ਜੇਮਜ਼ ਚੈਡਵਿਕ ਨੇ 1932 ਵਿਚ ਇਕ ਪ੍ਰਮਾਣੂ ਕਣ ਨਿਊਟ੍ਰਾਨ ਦੀ ਖੋਜ ਕੀਤੀ ਸੀ। ਸਭ ਤੋਂ ਪਹਿਲਾਂ ਵਿਗਿਆਨਕ ਐਨਰੀਕੋ ਫਰਮੀ ਨੇ 'ਬੀਟਾ ਪਤਨ' ਦਾ ਸਿਧਾਂਤ ਦਰਸਾਇਆ। ਬੀਟਾ ਪਤਨ ਵਿਚੋਂ ਨਿਕਲਣ ਵਾਲੇ ਕਣ ਦਾ ਨਾਮ ਵੀ ਨਿਊਟ੍ਰਾਨ ਰਖਿਆ ਗਿਆ। ਪਰ ਇਹ ਦੋਵੇਂ ਇਕੋ ਨਾਮ ਵਾਲੇ ਕਣ ਬਹੁਤ ਭੰਬਲਭੂਸੇ ਪੈਦਾ ਕਰ ਰਹੇ ਸਨ। ਇਸ ਦਾ ਹੱਲ ਕਰਨ ਲਈ ਫਰਮੀ ਨੇ 1933 ਵਿਚ ਇਸ ਕਣ ਦਾ ਨਾਮ ਨਿਊਟ੍ਰੀਨੋ ਰੱਖ ਦਿਤਾ। ਫਰਮੀ ਨੇ ਨਿਊਟ੍ਰੀਨੋ ਦੀ ਖੋਜ ਸੰਬੰਧੀ ਕਾਫ਼ੀ ਕੰਮ ਕੀਤਾ ਪਰ ਉਸ ਦੇ ਖੋਜ ਕਾਰਜਾਂ ਨੂੰ ਅਮਰੀਕਾ ਦੇ ਪ੍ਰਸਿੱਧ ਖੋਜ ਪੱਤਰ ਨੇਚਰ ਨੇ ਛਾਪਣ ਤੋਂ ਇਨਕਾਰ ਕਰ ਦਿਤਾ। ਕਾਰਨ ਇਹ ਦਿਤਾ ਕਿ ਉਸ ਦਾ ਖੋਜ ਕਾਰਜ ਅਸਲੀਅਤ ਤੋਂ ਪਰ੍ਹੇ ਹੈ। ਅਖ਼ੀਰ ਵਿਚ ਫਰਮੀ ਦਾ ਇਹੀ ਖੋਜ ਕਾਰਜ ਇਟਲੀ ਦੇ ਇਕ ਖੋਜ ਪੱਤਰ ਵਿਚ ਪ੍ਰਕਾਸ਼ਿਤ ਹੋਇਆ। 1942 ਵਿਚ ਵਾਂਗ ਗੈਂਚੈਂਗ ਨੇ ਨਿਊਟ੍ਰੀਨੋ ਨੂੰ ਪ੍ਰਯੋਗ ਦੇ ਤੌਰ ਤੇ ਲੱਭਣ ਲਈ ਬੀਟਾ ਪਤਨ ਦੇ ਸਿਧਾਂਤ ਨੂੰ ਅਮਲ ਵਿਚ ਲਿਆਂਦਾ। ਫਰਮੀ ਦੇ ਨਾਲ-ਨਾਲ ਵਾਲਫਰੈਂਗ ਪਾਲੀ ਨੇ 1930 ਵਿਚ ਹੀ ਨਿਊਟ੍ਰੀਨੋ ਕਣ ਦੀ ਖੋਜ ਪੜਤਾਲ ਸੰਬੰਧੀ ਬੀਟਾ ਪਤਨ ਦਾ ਸੁਝਾਅ ਦੇ ਦਿਤਾ ਸੀ। "ਇਹ ਪਤਨ ਅਸਲ ਵਿਚ ਪ੍ਰਮਾਣੂ ਕਣਾਂ ਦੀ ਜ਼ਿੰਦਗੀ ਬਾਰੇ ਅਨੁਮਾਨ ਦਿੰਦਾ ਹੈ। ਕਿਸੇ ਪ੍ਰਮਾਣੂ ਕਣ ਦੀ ਅਸਲ ਜ਼ਿੰਦਗੀ ਕਿੰਨੀ ਹੁੰਦੀ ਹੈ ਅਤੇ ਉਸ ਦਾ ਪਤਨ ਕਿਵੇਂ ਹੁੰਦਾ ਹੈ।" ਇਹ ਬੀਟਾ ਪਤਨ ਊਰਜਾ, ਆਵੇਗ ਅਤੇ ਪ੍ਰਮਾਣੂ ਕਣ ਦੇ ਕੋਣਾਵੀ ਘੁਮਾਅ ਨੂੰ ਸੁਰੱਖਿਅਤ ਰੱਖਦਾ ਹੈ।

1956 ਵਿਚ *ਸਾਇੰਸ ਜਨਰਲ* ਵਿਚ ਨਿਊਟ੍ਰੀਨੋ ਦੀ ਖੋਜ ਪੜਤਾਲ ਨੂੰ ਪ੍ਰਮਾਣਿਤ ਕਰਦਿਆਂ ਵਿਗਿਆਨੀਆਂ ਕੋਵਨ, ਰੀਨਜ਼ ਅਤੇ ਹੈਰੀਸਨ ਆਦਿ ਦਾ ਖੋਜ ਕਾਰਜ ਪ੍ਰਕਾਸ਼ਿਤ ਹੋਇਆ। ਚਾਲੀ ਸਾਲਾਂ ਬਾਅਦ 1995 ਵਿਚ ਇਨ੍ਹਾਂ ਵਿਗਿਆਨਕਾਂ ਨੂੰ ਨਿਊਟ੍ਰੀਨੋ ਦੀ ਪ੍ਰਮਾਣਿਤ ਖੋਜ ਕਰਨ ਬਦਲੇ ਨੋਬਲ ਇਨਾਮ ਦੇ ਕੇ ਸਨਮਾਨਿਆ ਗਿਆ। ਇਸ ਪ੍ਰਯੋਗ ਵਿਚ ਇਕ ਪ੍ਰਮਾਣੂ ਰਿਐਕਟਰ ਵਿਚ ਨਿਊਟ੍ਰੀਨੋ ਵਿਰੋਧੀ ਕਣ ਪੈਦਾ ਕੀਤੇ ਗਏ। ਬੀਟਾ ਪਤਨ ਦੀ ਸਹਾਇਤਾ ਨਾਲ ਨਿਊਟ੍ਰਾਨ ਅਤੇ ਪਾਜ਼ੀਟ੍ਰਾਨ ਕਣ ਪੈਦਾ ਹੋਏ। ਗੈਮਾਂ ਕਿਰਨਾਂ ਦੇ ਉਤਸਰਜਨ ਨੇ ਨਿਊਟ੍ਰੀਨੋ ਕਣਾਂ ਦੀ ਮੌਜੂਦਗੀ ਨੂੰ ਦਰਸਾਇਆ।

***"ਪਾਜ਼ੀਟ੍ਰਾਨ ਅਤੇ ਨਿਊਟ੍ਰੀਨੋ ਕਣਾਂ ਦਾ ਟਕਰਾਅ ਨਿਊਟ੍ਰੀਨੋ ਵਿਰੋਧ ਕਣਾਂ ਦੀ ਉਤਪਤੀ ਦਾ ਰਹੱਸ ਖੋਲ੍ਹਦਾ ਹੈ।" ਸ਼ੁਰੂ ਵਿਚ ਵਿਗਿਆਨਕਾਂ ਵਲੋਂ ਪ੍ਰਯੋਗੀ ਤੌਰ ਤੇ ਇਹੀ ਦੱਸਿਆ ਗਿਆ ਕਿ ਨਿਊਟ੍ਰੀਨੋ ਕਣਾਂ ਦਾ ਪੁੰਜ ਨਹੀਂ ਹੁੰਦਾ। ਪਰ ਬਾਅਦ ਵਿਚ ਪਤਾ ਲੱਗਾ ਕਿ ਇਹ ਤਿੰਨ ਕਿਸਮਾਂ ਦੇ ਹੁੰਦੇ ਹਨ; ਨਿਊਟ੍ਰੀਨੋ ਕਣ ਅਸਥਿਰ ਅਤੇ ਪੁੰਜਦਾਰ ਪ੍ਰਮਾਣੂ ਕਣ। ਨਿਊਟ੍ਰੀਨੋ ਕਣਾਂ ਦੇ ਪੁੰਜਦਾਰ ਹੋਣ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਹ ਕਣ ਪ੍ਰਕਾਸ਼ ਦੀ ਗਤੀ ਤੋਂ ਘੱਟ ਵੇਗ ਨਾਲ ਚੱਲਦੇ ਹਨ। ਜੇ ਇਹ ਕਣ ਫੋਟਾਨਾਂ ਵਾਂਗ ਪੁੰਜਹੀਣ ਹੋ ਜਾਣ ਤਾਂ ਇਹ ਪ੍ਰਕਾਸ਼ ਦੀ ਗਤੀ ਦੇ ਬਰਾਬਰ ਚੱਲ ਸਕਣਗੇ।***

ਸਭ ਤੋਂ ਪਹਿਲਾਂ 1980 ਵਿਚ ਨਿਊਟ੍ਰੀਨੋ ਕਣਾਂ ਦੀ ਗਤੀ ਨੂੰ ਮਾਪਣ ਲਈ ਪ੍ਰਯੋਗ ਕੀਤਾ ਗਿਆ। ਇਸ ਪ੍ਰਯੋਗ ਵਿਚ ਇਕ ਡਿਟੈਕਟਰ ਵਿਚ ਪਲਸਡ ਪ੍ਰੋਟਾਨਾਂ ਨੂੰ ਟਾਰਗੈਟ ਨਾਲ ਟਕਰਾਇਆ ਗਿਆ। ਇਕ ਸਮਾਂ ਫਰੇਮ ਵਿਚ ਇਸ ਗਤੀ ਨੂੰ ਮਾਪਿਆ ਗਿਆ।

ਆਧੁਨਿਕ ਤਕਨੀਕਾਂ ਨਾਲ ਲੈਸ ਪ੍ਰਯੋਗ-ਸ਼ਾਲਾਵਾਂ ਵਿਚ ਕੀਤੇ ਪ੍ਰਯੋਗਾਂ ਰਾਹੀਂ ਪਤਾ ਚੱਲਿਆ ਹੈ ਕਿ ਜ਼ੈੱਡ ਬੋਸਾ ਕਣਾਂ ਦਾ ਪਤਨ ਵੀ ਕਈ ਕਿਸਮਾਂ ਦੇ ਨਿਊਟ੍ਰੀਨੋ ਕਣਾਂ ਨੂੰ ਪੈਦਾ ਕਰਦਾ ਹੈ। ਇਨ੍ਹਾਂ ਪ੍ਰਯੋਗਾਂ ਰਾਹੀਂ ਅਜਿਹੇ ਕਣਾਂ ਦੀ ਗਤੀ, ਸਮਾਂ ਅਤੇ ਪੁੰਜ ਬਾਰੇ ਪਤਾ ਲਗਾਇਆ ਗਿਆ ਹੈ। ਜ਼ੈੱਡ-ਬੋਸਾਨ ਕਣਾਂ ਦਾ ਪਤਨ ਕਿਸੇ ਵੀ ਪ੍ਰਕਾਸ਼ੀ ਨਿਊਟ੍ਰੀਨੋ ਕਣ ਦੇ ਰੂਪ ਵਿਚ ਹੋ ਸਕਦਾ ਹੈ। ਪਰ ਅਜਿਹੇ ਕਣਾਂ ਦਾ ਸਮਾਂ-ਚੱਕਰ (ਲਾਈਫ) ਬਹੁਤ ਹੀ ਘੱਟ ਹੁੰਦਾ ਹੈ। ਇਕ ਚੌਥੇ ਪ੍ਰਕਾਰ ਦੇ ਨਿਊਟ੍ਰੀਨੋ ਕਣ ਦਾ ਪਤਾ ਤਾਂ ਲੱਗਿਆ ਹੈ ਪਰ ਵਿਗਿਆਨਕ ਤੌਰ ਤੇ ਇਸ ਦੀ ਅਜੇ ਪੁਸ਼ਟੀ ਨਹੀਂ ਹੋ ਸਕੀ। ਜ਼ੈੱਡ-ਬੋਸਾਨ ਦੇ ਸਮਾਂ ਕਾਲ ਨਾਲ ਸੰਬੰਧਿਤ ਮਾਪ ਤਾਂ ਇਹ ਪ੍ਰਗਟ ਕਰਦਾ ਹੈ ਕਿ ਕੁੱਲ ਤਿੰਨ ਪ੍ਰਕਾਰ ਦੇ ਨਿਊਟ੍ਰੀਨੋ ਕਣ ਹੀ ਮੌਜੂਦ ਹਨ, ਪੂਰੇ ਬ੍ਰਹਿਮੰਡ ਵਿਚ। ਪਰ ਕੁੱਝ ਵਿਗਿਆਨਕ ਪ੍ਰਯੋਗਸ਼ਾਲਾਵਾਂ ਨੇ ਚੌਥੇ ਪ੍ਰਕਾਰ ਦੇ ਨਿਊਟ੍ਰੀਨੋ ਕਣ ਦੀ ਹੋਂਦ ਮਿਲਣ ਬਾਰੇ ਪਤਾ ਲਗਾਇਆ ਹੈ। ਲਾਓ-ਲੈਂਗੇਵਨ ਖੋਜ ਕਾਰਜ ਸੰਸਥਾਨ ਵਿਚ ਇਕ ਤਾਜ਼ੀ ਖੋਜ ਮੁਤਾਬਕ ਚੌਥੇ ਪ੍ਰਕਾਰ ਦੇ ਨਿਊਟ੍ਰੀਨੋ ਕਣ ਬਾਰੇ ਪਤਾ ਲੱਗਾ ਹੈ। ਇਲੈਕਟ੍ਰਾਨ ਸਪੈਕਟਰਾ ਰਾਹੀਂ ਇਕੱਠੇ ਕੀਤੇ ਡੈਟਾ ਨੂੰ ਚੰਗੀ ਤਰ੍ਹਾਂ ਘੋਖਣ ਉਪਰੰਤ ਸਟੀਰਾਈਲ ਨਿਊਟ੍ਰੀਨੋ ਕਣ ਦੀ ਹੋਂਦ ਬਾਰੇ ਪਤਾ ਲੱਗਾ ਹੈ। ਇਸ ਤੋਂ ਇਲਾਵਾ, ਵਿਲਕਨਸਨ ਸੁਖਮਤਰੰਗ ਪ੍ਰੋਬ ਨੇ ਵੀ ਚੌਥੇ ਪ੍ਰਕਾਰ ਦੇ ਨਿਊਟ੍ਰੀਨੋ ਬਾਰੇ ਦੱਸਿਆ ਹੈ।

ਬ੍ਰਹਿਮੰਡ ਵਿਚ ਚਲਦਿਆਂ ਨਿਊਟ੍ਰੀਨੋ ਕਣ, ਇਲੈਕਟ੍ਰਾਨ, ਮਿਊਆਨ ਅਤੇ ਟਾਓ ਨਾਮਕ ਤਿੰਨ ਪ੍ਰਕਾਰ ਦੇ ਮਿਸ਼ਰਣਾਂ ਵਿਚ ਵਿਚਰਦੇ ਹਨ। ਜੇ ਪੁਲਾੜ ਦੇ ਇਕ ਹਿੱਸੇ ਵਿਚ ਇਲੈਕਟ੍ਰਾਨ ਨਿਊਟ੍ਰੀਨੋ ਚੱਲ ਰਹੇ ਹਨ ਤਾਂ ਅਗਲੀ ਸਥਿਤੀ ਵਿਚ ਇਹ ਮਿਊਆਨ ਅਤੇ ਟਾਓ ਨਿਊਟ੍ਰੀਨੋ ਕਣ ਬਣ ਜਾਣਗੇ। ਸੂਰਜੀ ਨਿਊਟ੍ਰੀਨੋ ਕਣਾਂ ਦੇ ਅਜਿਹੀਆਂ ਤਿੰਨ ਕਿਸਮਾਂ ਵਿਚ ਵਿਚਰਨ ਨੂੰ ਕੁਆਂਟਮ ਯਾਂਤਰਿਕ ਪ੍ਰਭਾਵ ਕਿਹਾ ਜਾਂਦਾ ਹੈ। ਨਿਊਟ੍ਰੀਨੋ ਕਣਾਂ ਦੇ ਇਕ ਰੂਪ ਤੋਂ ਦੂਜੇ ਰੂਪ ਵਿਚ ਰੂਪਾਂਤਰਨ ਉਨ੍ਹਾਂ ਦੇ ਵਰਗ ਪੁੰਜਾਂ ਦੇ ਬਰਾਬਰ ਹੁੰਦਾ ਹੈ। ਇਹ ਅੰਤਰ ਪੁਲਾੜ ਵਿਚ ਕਿਸੇ ਇਕ ਸਮੇਂ ਉਪਰ ਹੀ ਮਾਪਿਆ ਜਾ ਸਕਦਾ ਹੈ।

ਇਟਲੀ ਦੇ ਭੌਤਿਕ ਵਿਗਿਆਨੀ ਈਟੋਰ ਮੇਜੋਰਾਵਾ ਮੁਤਾਬਕ ਨਿਊਟ੍ਰੀਨੋ ਕਣ ਅਤੇ ਐਂਟੀ ਨਿਊਟ੍ਰੀਨੋ ਕਣ ਲਗਭਗ ਇਕੋ ਤਰ੍ਹਾਂ ਦੇ ਕਣ ਹਨ। ਨਿਊਟ੍ਰੀਨੋ ਕਣਾਂ ਨੂੰ ਐਂਟੀ-ਨਿਊਟ੍ਰੀਨੋ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਇਸ ਕਣ ਦੀ ਘੁਮਾਅ ਸਥਿਤੀ (ਕੋਣਾਵੀ ਘੁਮਾਅ) ਨੂੰ ਥੋੜ੍ਹਾ ਜਿਹਾ ਬਦਲ ਦਿਤਾ ਜਾਵੇ। ਘੁਮਾਅ ਵਿਚ ਬਦਲਾਅ ਸਿੱਧ ਕਰਦਾ ਹੈ ਕਿ ਨਿਊਟ੍ਰੀਨੋ ਅਤੇ ਐਂਟੀ ਨਿਊਟ੍ਰੀਨੋ ਕਣਾਂ ਦਾ ਪੁੰਜ ਜ਼ਰੂਰ ਹੁੰਦਾ ਹੈ। ਇਸ ਕਰਕੇ ਇਹ ਪ੍ਰਕਾਸ਼ ਦੀ ਗਤੀ ਤੋਂ ਘੱਟ ਵੇਗ ਨਾਲ ਚੱਲਦੇ ਹਨ।

ਨਿਊਟ੍ਰੀਨੋ ਕਣਾਂ ਦੇ ਘੁਮਾਅ ਨੂੰ ਵੱਖ-ਵੱਖ ਸਮਾਂ ਫਰੇਮਾਂ ਵਿਚ ਰੱਖ ਕੇ ਦੇਖਿਆ ਜਾ ਸਕਦਾ ਹੈ। ਪਰ ਇਸ ਲਈ ਜ਼ਰੂਰੀ ਹੈ ਕਿ ਇਹ ਸਮਾਂ ਫਰੇਮ ਉਸ ਕਣ ਤੋਂ ਤੇਜ਼ ਰਫ਼ਤਾਰ ਨਾਲ ਚਲਦੇ ਹੋਣ। ਮਤਲਬ ਇਹ ਕਿ ਨਿਊਟ੍ਰੀਨੋ ਕਣਾਂ ਦੀ ਘੁਮਾਅ ਉਦੋਂ ਉਜਾਗਰ ਹੁੰਦੀ ਹੈ, ਜਦੋਂ ਇਹ ਸਮਾਂ ਫਰੇਮ, ਕਣਾਂ ਦੀ ਗਤੀ ਤੋਂ ਘੱਟ ਗਤੀ ਨਾਲ ਚੱਲਣ। ਇਸ ਹਾਲਤ ਵਿਚ ਐਂਟੀ ਨਿਊਟ੍ਰੀਨੋ ਕਣ ਦੀ ਘੁਮਾਅ, ਸਮਾਂ ਫਰੇਮ ਦੀ ਗਤੀ ਨਾਲੋਂ ਘੱਟ ਹੋ ਜਾਵੇਗੀ। ਘੁਮਾਅ ਦਾ ਇਹ ਅੰਤਰ ਸਿੱਧ ਕਰਦਾ ਹੇ ਕਿ ਨਿਊਟ੍ਰੀਨੋ ਕਣ ਜ਼ੀਰੋ ਪੁੰਜ ਵਾਲੇ ਨਹੀਂ ਹੋ ਸਕਦੇ।

ਜੁਲਾਈ 2013 ਸਵੀਡਨ ਵਿਖੇ ਹੋਈ ਯੂਰਪੀ ਭੌਤਿਕ ਸੁਸਾਇਟੀ ਦੀ ਇਕ ਕਾਨਫਰੰਸ ਵਿਚ ਨਿਊਟ੍ਰੀਨੋ ਕਣਾਂ ਦੀ ਅਸਥਿਰਤਾ ਬਾਰੇ ਚਾਨਣ ਪਾਇਆ ਗਿਆ ਹੈ। ਇਸ ਤੋਂ ਪਹਿਲਾਂ, ਸੰਨ 2007 ਵਿਚ ਮੀਨੋਸ ਡਿਟੈਕਟਰ ਰਾਹੀਂ ਵੀ ਇਨ੍ਹਾਂ ਕਣਾਂ ਦੀ ਅਧਿਕਤਮ ਗਤੀ ਬਾਰੇ ਕਾਫੀ ਕੁੱਝ ਪਤਾ ਲੱਗਾ ਸੀ। ਇਸ ਪ੍ਰਯੋਗ ਰਾਹੀਂ 3 ਜੀ ਈ ਵੀ (ਗੀਗਾ ਇਲੈਕਟ੍ਰਾਨ ਵੋਲਟ) ਨਿਊਟ੍ਰੀਨੋ ਕਣਾਂ ਦੀ ਗਤੀ ਦੀ ਸਪੱਸ਼ਟਤਾ ਦੀ ਸੀਮਾ ਪ੍ਰਕਾਸ਼ ਦੀ ਗਤੀ ਦਾ 1.00005ਵਾਂ ਅਤੇ 0.99997ਵਾਂ ਹਿੱਸਾ ਸੀ, ਬਾਰੇ ਸਾਬਿਤ ਹੋ ਗਿਆ। ਅਜਿਹਾ ਹੀ ਇਕ ਨਿਰੀਖਣ ਵੱਡੇ ਪੱਧਰ 'ਤੇ ਨਿਊਟ੍ਰੀਨੋ ਕਣਾਂ ਨੂੰ ਧਰਤੀ ਵੱਲ ਭੇਜਣ ਵਾਲੇ ਇਕ ਸੁਪਰਨੋਵਾ 1987 ਏ ਰਾਹੀਂ ਕੀਤਾ ਗਿਆ। 10 ਮੈਗਾ ਇਲੈਕਟ੍ਰਾਨ ਵੋਲਟ ਵਾਲਾ ਨਿਊਟ੍ਰੀਨੋ ਵਿਰੋਧੀ ਕਣ ਲੱਭਿਆ ਗਿਆ। ਜਿਸ ਸਮਾਂ ਫਰੇਮ ਵਿਚ ਇਹ ਨਿਊਟ੍ਰੀਨੋ ਕਣ ਡਿਟੈਕਟ ਕੀਤਾ ਗਿਆ, ਉਸ ਫਰੇਮ ਦੀ ਗਤੀ ਪ੍ਰਕਾਸ਼ ਦੀ ਗਤੀ ਦੇ ਬਰਾਬਰ ਸੀ। ਅਸਲ ਵਿਚ ਨਿਊਟ੍ਰੀਨੋ ਕਣਾਂ ਦੀ ਗਤੀ ਤੋਂ ਇਨ੍ਹਾਂ ਦੇ ਪੁੰਜ ਬਾਰੇ ਪਤਾ ਨਹੀਂ ਲੱਗ ਸਕਦਾ।

ਸਤੰਬਰ 2011 ਵਿਚ *ਓਪੇਰਾ* ਪ੍ਰਯੋਗੀ ਸੰਘ ਵਲੋਂ ਪੜਤਾਲ ਕੀਤੀਆਂ ਗਿਣਤੀਆਂ ਦੁਆਰਾ ਪਤਾ ਚੱਲਿਆ ਹੈ ਕਿ 17 ਗੀਗਾ ਅਤੇ 28 ਗੀਗਾ ਇਲੈਕਟ੍ਰਾਨ ਵੋਲਟ ਵਾਲੇ ਨਿਊਟ੍ਰੀਨੋ ਕਣਾਂ ਦੀ ਗਤੀ ਪ੍ਰਕਾਸ਼ ਦੀ ਗਤੀ ਨੂੰ ਪਾਰ ਕਰ ਗਈ ਹੈ। ਵਿਸ਼ਵ ਪੱਧਰ 'ਤੇ ਇਸ ਗੱਲ ਦਾ ਬਹੁਤ ਵੱਡੇ ਪੱਧਰ 'ਤੇ ਵਿਸ਼ਲੇਸ਼ਣ ਵੀ ਹੋਇਆ ਕਿ ਕੋਈ ਵੀ ਚੀਜ਼ ਪ੍ਰਕਾਸ਼ ਦੀ ਗਤੀ ਨੂੰ ਪਾਰ ਨਹੀਂ ਕਰ ਸਕਦੀ, ਪਰ ਅਜਿਹਾ ਕਿਵੇਂ ਹੋਇਆ? *ਓਪੇਰਾ* ਵਿਗਿਆਨਕ ਸੰਘ ਨੇ ਇਹ ਪ੍ਰਯੋਗ ਇਕ ਵਾਰ ਫਿਰ ਤੋਂ ਕਾਫ਼ੀ ਬਦਲਾਅ ਕਰਕੇ ਕੀਤਾ। ਪਰ ਫਿਰ ਵੀ ਨਿਊਟ੍ਰੀਨੋ ਕਣਾਂ ਦੀ ਗਤੀ ਪ੍ਰਕਾਸ਼ ਦੀ ਗਤੀ ਤੋਂ ਤੇਜ਼ ਨਿਕਲੀ। ਜੇ ਮੰਨ ਲਿਆ ਜਾਵੇ ਕਿ ਨਿਊਟ੍ਰੀਨੋ ਕਣਾਂ ਦੀ ਗਤੀ ਫੋਟਾਨ ਕਣਾਂ ਤੋਂ

ਜ਼ਿਆਦਾ ਹੈ ਤਾਂ ਇਨ੍ਹਾਂ 'ਤੇ ਆਈਨਸਟਾਈਨ ਦਾ ਸਪੇਖਤਾ ਦਾ ਸਿਧਾਂਤ (ਈ=ਐੱਮ ਸੀ²) ਲਾਗੂ ਨਹੀਂ ਹੋ ਸਕੇਗਾ। ਇਹ ਇਕ ਅਪਵਾਦ ਹੀ ਹੋ ਸਕਦਾ ਹੈ ਜੋ ਕਿ ਅਜੇ ਤਕ ਵਿਵਹਾਰਕ ਨਹੀਂ।

2012 ਵਿਚ ਸੀ ਈ ਆਰ ਐੱਨ ਨੇ ਐਲਾਨ ਕੀਤਾ ਕਿ ਨਿਊਟ੍ਰੀਨੋ ਕਣਾਂ ਦੀ ਅਸਲ ਗਤੀ ਪ੍ਰਕਾਸ਼ ਦੀ ਗਤੀ ਦੇ ਨੇੜੇ-ਤੇੜੇ ਹੈ, ਪਰ ਇਹ ਉਸ ਤੋਂ ਵੱਧ ਨਹੀਂ ਹੈ। ਉਨ੍ਹਾਂ ਅਨੁਸਾਰ *ਓਪੇਰਾ* ਵਲੋਂ ਪੜਤਾਲ ਕੀਤੇ ਕੀਤੇ ਗਏ ਨਤੀਜੇ ਨੁਕਸਦਾਰ ਵੀ ਹੋ ਸਕਦੇ ਹਨ। ਪ੍ਰਯੋਗ ਵਿਚ ਵਰਤੇ ਜਾਣ ਵਾਲੇ ਪ੍ਰਕਾਸ਼ੀ ਰੇਸ਼ੇ ਅਤੇ ਪ੍ਰਮਾਣੂ ਸਮਾਂ ਘੜੀਆਂ ਆਦਿ ਵਿਚ ਕੋਈ ਖਰਾਬੀ ਵੀ ਹੋ ਸਕਦੀ ਹੈ।

ਇਸ ਤੋਂ ਪਹਿਲਾਂ, 2009 ਵਿਚ ਗਲੈਕਸੀਆਂ ਦੇ ਝੁਰਮਟਾਂ ਵਿਚੋਂ ਆਉਣ ਵਾਲੇ ਨਿਊਟ੍ਰੀਨੋ ਕਣਾਂ ਦਾ ਪੁੰਜ 1.5 ਇਲੈਕਟ੍ਰਾਨ ਵੋਲਟ ਦੇ ਕਰੀਬ ਮਾਪਿਆ ਗਿਆ। ਅਸਲ ਵਿਚ, ਨਿਊਟ੍ਰੀਨੋ ਕਣਾਂ ਦਾ ਪੁੰਜ 0.2 ਇਲੈਕਟ੍ਰਾਨ ਵੋਲਟ ਤੋਂ ਲੈ ਕੇ 2 ਇਲੈਕਟ੍ਰਾਨ ਵੋਲਟ ਤਕ ਹੋ ਸਕਦਾ ਹੈ। 2015 ਤਕ ਇਹ ਪ੍ਰਯੋਗ ਦੇ ਤੌਰ ਤੇ ਸਿੱਧ ਹੋਣ ਦੀ ਸੰਭਾਵਨਾ ਹੈ। ਤਾਰਾ ਸੂਖਮ ਤਰੰਗ ਰੇਡੀਏਸ਼ਨ ਪਿਛੋਕੜ, ਗਲੈਕਸੀਆਂ ਦਾ ਨਿਰੀਖਣ ਇਹੀ ਸਿੱਧ ਕਰਦਾ ਹੈ ਕਿ ਤਿੰਨੋਂ ਨਿਊਟ੍ਰੀਨੋ ਕਣਾਂ ਦਾ ਕੁੱਲ ਪੁੰਜ 0.3 ਇਲੈਕਟ੍ਰਾਨ ਵੋਲਟ ਤੋਂ ਵੀ ਘੱਟ ਹੈ।

ਕਣ ਭੌਤਿਕ ਵਿਗਿਆਨ ਦਾ ਸਟੈਂਡਰਡ ਮਾਡਲ ਨਿਊਟ੍ਰੀਨੋ ਕਣਾਂ ਨੂੰ ਪੁੰਜਹੀਣ ਮੰਨਦਾ ਹੈ। ਵਿਗਿਆਨਕ ਤਰਕਾਂ ਦਾ ਵਖਰੇਵਾਂ ਵੱਖ-ਵੱਖ ਪ੍ਰਯੋਗਾਂ ਦੇ ਨਤੀਜਿਆਂ ਉਪਰ ਨਿਰਭਰ ਕਰਦਾ ਹੈ। ਹਿੱਗਜ਼ ਬੋਸਾਨ ਕਣ ਦੀ ਅਸਲੀਅਤ ਇਹ ਨਿਊਟ੍ਰੀਨੋ ਕਣ ਹੀ ਹਨ। ਤਾਰਾ ਵਿਗਿਆਨ ਨਾਲ ਸੰਬੰਧਿਤ ਬਿਗ ਬੈਂਗ ਥਿਊਰੀ ਦੀ ਇਹ ਧਾਰਨਾ ਹੈ ਕਿ ਨਿਊਟ੍ਰੀਨੋ ਅਤੇ ਫੋਟਾਨ ਕਣਾਂ ਦੀ ਇਕ ਸਥਿਰ ਅਨੁਪਾਤ ਹੈ। ਜੇ ਤਿੰਨੋ ਪ੍ਰਕਾਰ ਦੇ ਨਿਊਟ੍ਰੀਨੋ ਕਣਾਂ ਦੀ ਕੁੱਲ ਊਰਜਾ ਦਾ ਮੱਧਮਾਨ 50 ਇਲੈਕਟ੍ਰਾਨ ਵੋਲਟ ਹੈ ਤਾਂ ਬ੍ਰਹਿਮੰਡ ਵਿਚ ਪੁੰਜ ਇੰਨਾ ਜ਼ਿਆਦਾ ਹੋ ਜਾਵੇਗਾ ਕਿ ਸਾਰਾ ਮਾਦਾ ਆਪਸ ਵਿਚ ਟਕਰਾ ਕੇ ਨਸ਼ਟ ਹੋ ਜਾਵੇਗਾ।

## ਬੀਟਾ ਖੈਅ (ਪਤਨ ਖੈਅ)

ਨਿਊਟ੍ਰੀਨੋ ਕਣਾਂ ਦੇ ਸਹੀ ਪੁੰਜ ਨੂੰ ਮਾਪਣ ਲਈ ਵਿਗਿਆਨਕ ਅਲੱਗ-ਅਲੱਗ ਤਰ੍ਹਾਂ ਦੇ ਪ੍ਰਯੋਗ ਕਰ ਰਹੇ ਹਨ। ਇਨ੍ਹਾਂ ਪ੍ਰਯੋਗਾਂ ਵਿਚ ਪ੍ਰਮਾਣੂ ਬੀਟਾ ਪਤਨ ਅਤੇ ਨਿਊਟ੍ਰੀਨੋ-ਹੀਣ ਦੁੱਗਣੇ ਬੀਟਾ (ਐੱਨ ਈ ਐੱਮ ਓ-3) ਪਤਨ ਰਾਹੀ ਨਿਊਟ੍ਰੀਨੋ ਦਾ ਸਹੀ ਪੁੰਜ ਲੱਭਣ ਦੇ ਢੰਗ ਲੱਭੇ ਜਾ ਰਹੇ ਹਨ।

ਮਈ 2010 ਵਿਚ *ਓਪੇਰਾ* ਦੇ ਵਿਗਿਆਨਕਾਂ ਨੂੰ ਮਿਊਆਨ ਨਿਊਟ੍ਰੀਨੋ ਕਣਾਂ ਦੀ ਕਿਰਨ ਵਿਚ ਟਾਓ ਨਿਊਟ੍ਰੀਨੋ ਕਣਾਂ ਦੀ ਮੌਜੂਦਗੀ ਦਾ ਵੀ ਪਤਾ ਚੱਲਿਆ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਨਿਊਟ੍ਰੀਨੋ ਕਣਾਂ ਦਾ ਪੁੰਜ ਹੈ। ਜੁਲਾਈ 2010 ਵਿਚ ਇਕ ਦੁਰੇਡੀ ਗਲੈਕਸੀ ਮੈਗਾ ਜ਼ੈੱਡ ਡੀ ਆਰ 7 ਦਾ ਤਿੰਨ ਘੇਰਾਵੀ ਸਰਵੇਖਣ ਕੀਤਾ ਗਿਆ ਤਾਂ ਪਤਾ ਚੱਲਿਆ ਕਿ ਤਿੰਨੋਂ ਪ੍ਰਕਾਰ ਦੇ ਨਿਊਟ੍ਰੀਨੋ ਕਣਾਂ ਦਾ ਕੁੱਲ ਪੁੰਜ 0.28 ਇਲੈਕਟ੍ਰਾਨ ਵੋਲਟ ਤੋਂ ਵੀ ਘੱਟ ਹੈ। ਮਾਰਚ 2013 ਵਿਚ ਪਲੈਂਕ ਸੰਸਥਾਨ ਦੀ ਪ੍ਰਯੋਗਸ਼ਾਲਾ ਨੇ ਵੀ ਇਸ ਪੁੰਜ ਦੀ ਪੁਸ਼ਟੀ ਕੀਤੀ ਹੈ।

## ਕੀ ਹਨ ਸੂਰਜੀ ਨਿਊਟ੍ਰੀਨੋ ਕਣ?

ਹੁਣ ਪਾਠਕਾਂ ਨੂੰ ਜਾਣਕਾਰੀ ਦਿੰਦੇ ਹਾਂ ਕਿ ਸੂਰਜੀ ਨਿਊਟ੍ਰੀਨੋ ਕਣ ਕੀ ਹਨ ਅਤੇ ਇਹ ਕਿਵੇਂ ਪੈਦਾ ਹੁੰਦੇ ਹਨ। ਸੂਰਜ ਅਤੇ ਹੋਰਨਾਂ ਤਾਰਿਆਂ ਵਿਚ ਨਿਊਕਲੀ ਸੰਯੋਜਨ ਕ੍ਰਿਆ ਤਹਿਤ ਸੂਰਜੀ ਨਿਊਟ੍ਰੀਨੋ ਕਣ ਪੈਦਾ ਹੁੰਦੇ ਹਨ। ਜਦੋਂ ਚਾਰ (ਹਾਈਡਰੋਜਨ ਤੋਂ) ਪ੍ਰੋਟਾਨ ਜੁੜ ਕੇ ਹੀਲੀਅਮ ਦਾ ਨਾਭਿਕ/ਕੇਂਦਰ ਬਣਾਉਂਦੇ ਹਨ ਤਾਂ ਇਨ੍ਹਾਂ ਵਿਚੋਂ ਦੋ ਪ੍ਰੋਟਾਨ ਨਿਊਟ੍ਰਾਨਾਂ ਵਿਚ ਤਬਦੀਲ ਹੋ ਜਾਂਦੇ ਹਨ। ਇਸ ਤਰ੍ਹਾਂ ਦੀ ਹਰੇਕ ਕ੍ਰਿਆ ਇਕ ਇਲੈਕਟ੍ਰਾਨ ਨਿਊਟ੍ਰੀਨੋ ਕਣ ਪੈਦਾ ਕਰਦੀ ਹੈ।

ਸਾਡਾ ਨਜ਼ਦੀਕੀ ਤਾਰਾ ਸੂਰਜ ਹਰ ਇਕ ਦਿਸ਼ਾ ਵਿਚ ਨਿਊਟ੍ਰੀਨੋ ਕਣਾਂ ਦਾ ਪ੍ਰਵਾਹ ਕਰਦਾ ਹੈ। ਸਾਡੀ ਧਰਤੀ ਦੇ ਹਰ ਵਰਗ ਸੈਂਟੀਮੀਟਰ ਹਿੱਸੇ ਵਿਚੋਂ ਇਕ ਸਕਿੰਟ ਵਿਚ ਲਗਭਗ $6.5\times10^{10}$ ਸੂਰਜੀ ਨਿਊਟ੍ਰੀਨੋ ਕਣ ਲੰਘਦੇ ਹਨ। 1966 ਵਿਚ ਕੋਲਗੇਟ ਅਤੇ ਵਾਈਟ ਨਾਮਕ ਦੋ ਖੋਜ ਕਰਤਾਵਾਂ ਨੇ ਪਤਾ ਲਗਾਇਆ ਕਿ ਤਾਰਿਆਂ ਦੇ ਆਪਸੀ ਟਕਰਾਅ ਅਤੇ ਸੁਪਰਨੋਵਾ ਧਮਾਕਿਆਂ ਤੋਂ ਪੈਦਾ ਹੋਏ ਨਿਊਟ੍ਰੀਨੋ ਕਣਾਂ ਵਿਚ ਜ਼ਿਆਦਾਤਰ ਗੁਰੂਤਵੀ ਊਰਜਾ ਹੁੰਦੀ ਹੈ। ਅਜਿਹੇ ਧਮਾਕਿਆਂ ਵੇਲੇ ਪਦਾਰਥ ਦੀ ਤਾਰੇ ਦੇ ਕੇਂਦਰ ਵਿਚ ਘਣਤਾ ਬਹੁਤ ਜ਼ਿਆਦਾ ਹੋ ਜਾਂਦੀ ਹੈ। ਇਹ ਪੁੰਜ $10^{17}$ ਕਿਲੋਗ੍ਰਾਮ ਪ੍ਰਤਿ ਕਿਊਬਕ ਮੀਟਰ ਹੋ ਜਾਂਦਾ ਹੈ। ਇਸ ਹਾਲਤ ਵਿਚ ਪ੍ਰੋਟਾਨ ਅਤੇ ਇਲੈਕਟ੍ਰਾਨ ਆਪਸ ਵਿਚ ਟਕਰਾ ਕੇ ਨਿਊਟ੍ਰਾਨ ਅਤੇ ਇਲੈਕਟ੍ਰਾਨ ਨਿਊਟ੍ਰੀਨੋ ਕਣਾਂ ਨੂੰ ਜਨਮ ਦਿੰਦੇ ਹਨ। ਹੋਰਨਾਂ ਨਿਊਟ੍ਰੀਨੋ ਕਣਾਂ ਦੇ ਸਰੋਤਾਂ ਵਿਚ ਤਾਪ ਊਰਜਾ ਵੀ ਸ਼ਾਮਿਲ ਹੈ, ਜੋ ਕਿ ਨਵੇਂ ਜਨਮੇ ਨਿਊਟ੍ਰਾਨ ਤਾਰੇ ਦੇ ਕੇਂਦਰ ਵਿਚੋਂ ਨਿਕਲਦੀ ਹੈ। ਇਸ ਊਰਜਾ ਤੋਂ ਨਿਊਟ੍ਰੀਨੋ ਅਤੇ ਐਂਟੀ ਨਿਊਟ੍ਰੀਨੋ ਕਣਾਂ ਦੀ ਉਤਪਤੀ ਹੁੰਦੀ ਹੈ। ਇਨ੍ਹਾਂ ਦੋਹਾਂ ਵਿਗਿਆਨਕਾਂ (ਕੋਲਗੇਟ ਅਤੇ ਵਾਈਟ) ਦੀ ਕੀਤੀ ਖੋਜ 1987 ਵਿਚ ਉਦੋਂ ਸੱਚੀ ਸਾਬਤ ਹੋਈ, ਜਦੋਂ 1987 ਏ ਨਾਮਕ ਇਕ ਵੱਡੇ ਸੁਪਰਨੋਵਾ ਤੋਂ ਨਿਊਟ੍ਰੀਨੋ ਕਣਾਂ ਦੇ ਆਉਣ ਦਾ ਪਤਾ ਲੱਗਾ। ਕਈ ਘੰਟੇ ਧਰਤੀ ਵੱਲ ਇਸ ਧਮਾਕੇ ਤੋਂ ਨਿਊਟ੍ਰੀਨੋ ਕਣਾਂ ਦੀ ਬੁਛਾੜ ਹੁੰਦੀ ਰਹੀ। ਇਹ ਕਣ ਪਦਾਰਥ ਵਿਚੋਂ ਵੀ ਲੰਘ ਜਾਂਦੇ ਹਨ। ਲੰਘਣ ਵੇਲੇ ਇਨ੍ਹਾਂ ਕਣਾਂ ਦੀ ਉਸ ਪਦਾਰਥ ਦੇ ਅਣੂਆਂ ਅਤੇ ਪ੍ਰਮਾਣੂਆਂ ਨਾਲ ਕੋਈ ਛੇੜਛਾੜ ਨਹੀਂ ਹੁੰਦੀ। ਇਨ੍ਹਾਂ ਨਿਊਟ੍ਰੀਨੋ ਕਣਾਂ ਵਿਚ ਤਾਰੇ ਦੇ ਅੰਦਰੂਨੀ ਖੇਤਰਾਂ ਵਿਚ ਹੋਣ ਵਾਲੇ ਧਮਾਕਿਆਂ ਬਾਰੇ ਜਾਣਕਾਰੀ ਵੀ ਉਪਲਬਧ ਹੁੰਦੀ ਹੈ। ਸਾਨੂੰ ਦਿਸਣ ਵਾਲਾ ਸੂਰਜ ਦਾ ਪ੍ਰਕਾਸ਼ ਰੇਡੀਓ ਐਕਟਿਵ ਪਤਨ ਦਾ ਹੀ ਨਤੀਜਾ ਹੈ ਜੋ ਕਿ ਸੂਰਜ ਦੀ ਅੰਦਰੂਨੀ ਨਾਭੀ ਵਿਚ ਨਿਊਕਲੀ ਸੰਯੋਜਕ ਕ੍ਰਿਆਵਾਂ ਤੋਂ ਪੈਦਾ ਹੋ ਰਿਹਾ ਹੈ। ਇਸ ਤਰੀਕੇ ਨਾਲ ਪੈਦਾ ਹੋਈਆਂ ਸੂਰਜੀ ਕਿਰਨਾਂ ਅਸਲ ਵਿਚ ਨਿਊਟ੍ਰੀਨੋ ਕਣਾਂ ਦੀ ਮੌਜੂਦਗੀ ਨੂੰ ਵੀ ਦਰਸਾਉਂਦੀਆਂ ਹਨ। ਸੂਰਜ ਦਾ ਪ੍ਰਕਾਸ਼ ਸੰਘਣੀਆਂ ਅਤੇ ਹਲਚਲ ਮਚਾਉਣ ਵਾਲੀਆਂ ਗੈਸਾਂ ਰਾਹੀਂ ਇਧਰ-ਉਧਰ ਖਿੱਲਰ ਜਾਂਦਾ ਹੈ। ਜਦੋਂ ਨਿਊਟ੍ਰੀਨੋ ਕਣ ਇਨ੍ਹਾਂ ਗੈਸਾਂ ਨਾਲ ਟਕਰਾਉਂਦੇ ਹਨ ਤਾਂ ਇਹ ਸੁਪਰਨੋਵਾ ਦੇ ਕੇਂਦਰ ਬਾਰੇ ਜਾਣਕਾਰੀ ਬਖੇਰ ਜਾਂਦੇ ਹਨ। ਨਿਊਟ੍ਰੀਨੋ ਕਣਾਂ ਦੀ ਬੁਛਾੜ ਧਰਤੀ ਉਪਰ ਪ੍ਰਕਾਸ਼ ਦੀਆਂ ਕਿਰਨਾਂ, ਬਿਜਲ-ਚੁੰਬਕੀ ਅਤੇ ਰੇਡੀਓ ਤਰੰਗਾਂ ਦੇ ਪਹੁੰਚਣ ਤੋਂ ਪਹਿਲਾਂ ਪੁੱਜ ਜਾਂਦੀ ਹੈ। ਪਰ ਅਜੇ ਇਹ ਕਿਆਸ ਹੀ ਹੈ।

ਨਿਊਟ੍ਰੀਨੋ ਕਣਾਂ ਦੀ ਧਰਤੀ 'ਤੇ ਪੁੱਜਣ ਦੀ ਆਮਦ ਤੋਂ ਆਕਾਸ਼ ਦੇ ਕਿਸੇ ਖ਼ਾਸ ਖਿੱਤੇ ਵਿਚ ਹੋਣ ਵਾਲੇ ਸੁਪਰਨੋਵਾ ਧਮਾਕੇ ਬਾਰੇ ਪਤਾ ਚੱਲ ਜਾਂਦਾ ਹੈ। ਸੁਪਰਨੋਵਾ ਤੋਂ ਪੈਦਾ ਹੋਏ ਨਿਊਟ੍ਰੀਨੋ ਕਣਾਂ ਦੀ ਊਰਜਾ ਕੁੱਝ ਮੈਗਾ ਇਲੈਕਟ੍ਰਾਨ ਵੋਲਟ ਤੋਂ ਲੈ ਕੇ ਹਜ਼ਾਰਾਂ ਦੀ ਮੈਗਾ ਇਲੈਕਟ੍ਰਾਨ ਵੋਲਟ ਹੋ ਸਕਦੀ ਹੈ। ਇਸ ਬ੍ਰਹਿਮੰਡ ਵਿਚ ਕੀ ਕੁੱਝ

ਹੋ ਰਿਹਾ ਹੈ, ਉਸ ਬਾਰੇ ਤਾਂ ਮਨੁੱਖ ਅਜੇ ਕਲਪਨਾ ਹੀ ਕਰ ਸਕਦਾ ਹੈ। ਇਸ ਤੋਂ ਇਲਾਵਾ ਦੁਰੇਡੇ ਤਾਰਿਆਂ ਦੇ ਝੁਰਮਟਾਂ ਗਲੈਕਸੀਆਂ ਤੋਂ ਆਉਣ ਵਾਲੀਆਂ ਕਾਸਮਿਕ ਕਿਰਨਾਂ ਦੇ ਪ੍ਰਵੇਗ ਰਾਹੀਂ ਪੈਦਾ ਹੋਣ ਵਾਲੇ ਨਿਊਟ੍ਰੀਨੋ ਕਣਾਂ ਦੀ ਊਰਜਾ ਗੈਸੀ ਵਾਤਾਵਰਨ ਰਾਹੀਂ ਪੈਦਾ ਹੋਏ ਨਿਊਟ੍ਰੀਨੋ ਕਣਾਂ ਤੋਂ ਕਿਤੇ ਹਜ਼ਾਰਾਂ ਗੁਣਾ ਜ਼ਿਆਦਾ ਹੁੰਦੀ ਹੈ।

ਕਾਸਮਿਕ ਕਿਰਨਾਂ ਦਾ ਟਕਰਾਅ ਚਾਰਜ ਪੈਦਾ ਕਰਨ ਵਾਲੇ ਪਾਈਆਨ ਕਣ ਪੈਦਾ ਕਰਦਾ ਹੈ। ਇਨ੍ਹਾਂ ਕਣਾਂ ਦਾ ਪਤਨ ਨਿਊਟ੍ਰੀਨੋ ਜਾਂ ਉਦਾਸੀਨ ਪਾਈਆਨ ਕਣ ਪੈਦਾ ਕਰਦਾ ਹੈ। ਫਿਰ ਅੱਗੋਂ ਇਨ੍ਹਾਂ ਨਿਊਟ੍ਰੀਨੋ ਕਣਾਂ ਦਾ ਪਤਨ ਗੈਸਾਂ ਕਿਰਨਾਂ ਨੂੰ ਜਨਮ ਦਿੰਦਾ ਹੈ। ਉੱਚ ਊਰਜਾ ਵਾਲੇ ਨਿਊਟ੍ਰੀਨੋ ਕਣਾਂ ਕਿਸੇ ਵੱਡ-ਆਕਾਰੀ ਕਾਸਮਿਕ ਖੇਤਰ ਵਿਚ ਕਿਰਨਾਂ ਦੇ ਆਪਸੀ ਟਕਰਾਅ ਰਾਹੀਂ ਪੈਦਾ ਹੋਣੇ ਸੰਭਵ ਹਨ।

## ਬ੍ਰਹਿਮੰਡ ਦੀ ਅਸਲੀਅਤ

ਬਿਗ ਬੈਂਗ ਘਟਨਾ ਸਾਰੇ ਮੌਜੂਦਾ ਬ੍ਰਹਿਮੰਡ, ਜਿਸ ਵਿਚ ਅਸੀਂ ਵਿਚਰ ਰਹੇ ਹਾਂ, ਦਾ ਚਿੱਤਰ ਤਿਆਰ ਕਰਦੀ ਹੈ। ਸਾਡੇ ਬ੍ਰਹਿਮੰਡ ਦਾ ਪਿਛੋਕੜ ਲਗਭਗ 3.7 ਅਰਬ ਸਾਲ ਪੁਰਾਣਾ ਹੈ। ਪਿਛੋਕੜ ਵਿਚ ਘੱਟ ਊਰਜਾ ਵਾਲੇ ਨਿਊਟ੍ਰੀਨੋ ਕਣ ਪੈਰ ਪਸਾਰਦੇ ਹਨ। ਇਹ ਧਾਰਨਾ ਕਾਲੇ ਪਦਾਰਥ ਦੇ ਜਨਮ ਨੂੰ ਵੀ ਉਜਾਗਰ ਕਰਦੀ ਹੈ। ਨਿਊਟ੍ਰੀਨੋ ਕਣ ਕਿਉਂਕਿ ਬਹੁਤ ਹੀ ਹਲਕੇ ਹੁੰਦੇ ਹਨ, ਇਸ ਲਈ ਇਹ ਪ੍ਰਕਾਸ਼ ਦੀ ਗਤੀ ਦੇ ਨੇੜੇ-ਤੇੜੇ ਚੱਲਦੇ ਹਨ। ਇਨ੍ਹਾਂ ਰਾਹੀਂ ਗਰਮ ਕਾਲੇ ਪਦਾਰਥ ਦਾ ਬਣਨਾ ਤੈਅ ਹੁੰਦਾ ਹੈ। ਕਾਲਾ ਮਾਦਾ ਬ੍ਰਹਿਮੰਡ ਵਿਚ ਮੌਜੂਦ ਹੈ। ਬ੍ਰਹਿਮੰਡ ਵਿਚ ਗਲੈਕਸੀਆਂ ਦੇ ਵੱਡੇ-ਵੱਡੇ ਝੁਰਮਟ ਕਾਲੇ ਪਦਾਰਥ ਨਾਲ ਘਿਰੇ ਪਏ ਹਨ। ਇਹੀ ਕਾਲਾ ਮਾਦਾ ਪਦਾਰਥ ਦੇ ਕੇਂਦਰ ਵਿਚ ਹੋਣ ਵਾਲੇ ਗੁਰੂਤਵੀ ਆਕਰਸ਼ਨ ਕ੍ਰਿਆ ਨੂੰ ਜਨਮ ਦਿੰਦਾ ਹੈ। ਸੋ ਨਿਊਟ੍ਰੀਨੋ ਕਣ ਕਾਲੇ ਪਦਾਰਥ ਦੀ ਥੋੜ੍ਹੀ ਜਿਹੀ ਮਾਤਰਾ ਨੂੰ ਹੀ ਤਿਆਰ ਕਰਦਾ ਹੈ। ਨਵੀਂ ਖੋਜ ਮੁਤਾਬਕ ਬੋਰਾਨ-8 ਨਾਮਕ ਸੂਰਜੀ ਨਿਊਟ੍ਰੀਨੋ ਕਣਾਂ ਦੀ ਊਰਜਾ ਬਹੁਤ ਜ਼ਿਆਦਾ ਹੁੰਦੀ ਹੈ। ਸੋ, ਘੱਟ ਖਲਾਅ ਘਣਤਾ ਹੋਣ ਦੇ ਬਾਵਜੂਦ ਵੀ ਇਹ ਲੱਭ ਲਏ ਜਾਂਦੇ ਹਨ। ਬ੍ਰਹਿਮੰਡ ਦੀ ਅਸਲ ਤਸਵੀਰ ਦਾ ਪਤਾ ਲਗਾਉਣ ਲਈ ਸਵਿਟਜ਼ਰਲੈਂਡ (ਜਨੇਵਾ) ਵਿਚ ਪ੍ਰਯੋਗ ਚੱਲ ਰਹੇ ਹਨ।

**ਨਿਊਟ੍ਰੀਨੋ ਕਣ ਵੀ ਕੁਦਰਤ ਦੇ ਕਾਨੂੰਨ ਅਨੁਸਾਰ ਹੀ ਚੱਲਦੇ ਹਨ। ਇਹ ਪ੍ਰਕਾਸ਼ ਦੀ ਗਤੀ ਤੋਂ ਤੇਜ਼ ਨਹੀ ਚੱਲ ਸਕਦੇ, ਸਗੋਂ ਸੀਮਾ ਖੇਤਰ ਦੇ ਅੰਦਰ ਹੀ ਰਹਿੰਦੇ ਹਨ। ਸਾਡੀ ਆਕਾਸ਼ ਗੰਗਾ ਦਾ ਗਲੈਕਟਿਕ ਕੇਂਦਰ ਸੰਘਣੀਆਂ ਗੈਸਾਂ ਅਤੇ ਲੱਖਾਂ-ਕਰੋੜਾਂ ਚਮਕੀਲੇ ਪਦਾਰਥਾਂ ਨਾਲ ਭਰਿਆ ਪਿਆ ਹੈ। ਅਜਿਹੀ ਸਥਿਤੀ ਵਿਚ ਧਰਤੀ ਵੱਲ ਆਉਣ ਵਾਲੇ ਨਿਊਟ੍ਰੀਨੋ ਕਣਾਂ ਨੂੰ ਖ਼ਾਸ ਨਿਊਟ੍ਰੀਨੋ ਦੂਰਬੀਨ ਨਾਲ ਹੀ ਖੰਘਾਲਿਆ ਜਾ ਸਕਦਾ ਹੈ।**

ਨਿਊਟ੍ਰੀਨੋ ਕਣਾਂ ਦੀ ਮਦਦ ਨਾਲ ਤਾਰਾ ਵਿਗਿਆਨ ਦੇ ਖੇਤਰ ਵਿਚ ਸਾਡੇ ਸੌਰ ਮੰਡਲ ਤੋਂ ਪਰ੍ਹੇ ਜਾ ਕੇ ਵੀ ਬਹੁਤ ਕੁੱਝ ਖੋਜਿਆ ਜਾ ਸਕਦਾ ਹੈ। ਦੁਰੇਡੇ ਗ੍ਰਹਿਆਂ ਦੇ ਵਾਤਾਵਰਨ ਸੰਬੰਧੀ ਪਤਾ ਵੀ ਇਨ੍ਹਾਂ ਕਣਾਂ ਦੀ ਸਹਾਇਤਾ ਨਾਲ ਲਗਾਇਆ ਜਾ ਸਕਦਾ ਹੈ। ਬ੍ਰਹਿਮੰਡ ਦੇ ਭੇਤ ਆਪਣੇ ਆਪ ਹੀ ਖੁੱਲ੍ਹ ਸਕਣਗੇ। ਬ੍ਰਹਿਮੰਡ, ਪਦਾਰਥ ਅਤੇ ਪ੍ਰਕਾਸ਼ ਦੀ ਅਸਲ ਤਸਵੀਰ ਹੌਲੀ-ਹੌਲੀ ਉਜਾਗਰ ਹੋ ਜਾਵੇਗੀ। ਮਨੁੱਖ ਮਹਾਂਬਲੀ ਹੈ। ਅਜੀਬ ਗ੍ਰਹਿ ਦਾ ਬੇਟਾ ਅਜੀਬ ਹੀ ਖੋਜਾਂ ਕਰਨ ਅਤੇ ਬ੍ਰਹਿਮੰਡ ਦੇ ਭੇਦ ਜਾਣਨ ਦੇ ਕਿਸੇ ਸਮੇਂ ਪੂਰੀ ਤਰ੍ਹਾਂ ਸਮਰੱਥ ਹੋ ਜਾਵੇਗਾ।

*(ਲੇਖਕ ਅਸਿਟੈਂਟ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਖੇਤਰੀ ਕੈਂਪਸ, ਗੁਰਦਾਸਪੁਰ (ਪੰਜਾਬ) ਹੈ।)*

*e-mail :satbir1_78@yahoo.co.in*

***ਸਫ਼ਾ 42 ਦੀ ਬਾਕੀ***

ਘਾਤਕ ਬੀਮਾਰੀਆਂ ਮਨੁੱਖੀ ਸਰੀਰ ਨੂੰ ਚਿੰਬੜ ਜਾਂਦੀਆਂ ਹਨ। ਖੋਜ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਵਿਚਲੇ 25 ਪ੍ਰਤਿਸ਼ਤ ਨਵ-ਵਿਆਹੇ ਜੋੜਿਆਂ ਦੇ ਸੰਤਾਨ ਨਾ ਹੋਣ ਦਾ ਵੱਡਾ ਕਾਰਨ ਇਥੋਂ ਦੇ ਖਾਣ-ਪੀਣ ਵਾਲੇ ਪਦਾਰਥਾਂ ਵਿਚ ਰਚ ਚੁੱਕੀਆਂ ਰਸਾਇਣੀ ਜ਼ਹਿਰਾਂ ਹੀ ਹਨ। ਜਵਾਨ ਮਰਦਾਂ ਦੀ ਘਟ ਰਹੀ ਸ਼ੁਕਰਾਣੂ ਸੰਖਿਆ ਦੇ ਨਤੀਜੇ ਵਜੋਂ ਗਰਭ ਠਹਿਰਨਾ ਸੰਭਵ ਹੀ ਨਹੀਂ ਹੁੰਦਾ। ਇਸੇ ਕਰਕੇ ਕੁਦਰਤੀ ਗਰਭਪਾਤ ਅਤੇ ਅਪੰਗ ਬੱਚਿਆਂ ਦਾ ਜਨਮ ਵਰਗੀਆਂ ਸਮੱਸਿਆਵਾਂ ਸਾਡੇ ਸਮਾਜ ਲਈ ਚਿੰਤਾ ਦਾ ਵਿਸ਼ਾ ਬਣ ਰਹੀਆਂ ਹਨ। ਸਿਰਫ਼ ਦੋ ਪੁਸ਼ਤਾਂ ਵਿਚ ਜਾਂ ਇੰਜ ਕਹਿ ਲਈਏ ਕਿ ਮੌਜੂਦਾ ਨੌਜਵਾਨ ਪੀੜ੍ਹੀ ਦੇ ਪਤਾਲੂਆਂ ਵਿਚ ਮੌਜੂਦ ਸ਼ੁਕਰਾਣੂਆਂ ਦੀ ਗਿਣਤੀ ਆਪਣੇ ਦਾਦੇ ਨਾਲੋਂ ਅੱਧੀ ਰਹਿ ਗਈ ਹੈ।

ਪੰਜਾਬ ਦੇ ਜ਼ਮੀਨੀ ਪਾਣੀਆਂ ਵਿਚ ਯੂਰੇਨੀਅਮ ਦੀ ਉੱਚ ਮਾਤਰਾ ਤਾਂ ਚਿੰਤਾ ਦਾ ਵਿਸ਼ਾ ਹੈ ਹੀ ਪਰ ਇਨ੍ਹਾਂ ਵਿਚ ਤਾਂ ਹੋਰ ਵੀ ਬਹੁਤ ਸਾਰੇ ਘਾਤਕ ਰਸਾਇਣ ਘੁਲ ਚੁੱਕੇ ਹਨ। ਵਾਤਾਵਰਨ ਅਤੇ ਰਸਾਇਣ ਵਿਗਿਆਨੀਆਂ ਨੇ ਪੰਜਾਬ ਦੇ ਪਾਣੀਆਂ ਵਿਚੋਂ ਆਰਸੈਨਿਕ (ਸੰਖੀਆ), ਫੈਰਸ ਮਰਕਰੀ (ਲੋਹਮਈ ਪਾਰਾ) ਅਤੇ ਐਂਟੀਮਨੀ ਲੈੱਡ (ਸੁਰਮਈ ਸਿੱਕਾ) ਵਰਗੇ ਘਾਤਕ ਪਦਾਰਥਾਂ ਦੇ ਰਲੇ ਹੋਣ ਬਾਰੇ ਸੂਚਿਤ ਕੀਤਾ ਹੈ। ਇਸ ਦੇ ਨਾਲ ਹੀ ਕਈ ਘਾਤਕ ਧਾਤਾਂ ਦੇ ਕਲੋਰਾਈਡ, ਸਲਫੇਟਸ, ਨਾਈਟਰੇਟਸ ਅਤੇ ਕਾਰਬੋਨੇਟਸ ਦੀ ਉੱਚ ਮਾਤਰਾ ਵੀ ਜ਼ਮੀਨੀ ਪਾਣੀਆਂ ਵਿਚੋਂ ਰਿਕਾਰਡ ਕੀਤੀ ਗਈ ਹੈ।

ਉਦਯੋਗਿਕ ਗੰਦਗੀ, ਰਸਾਇਣਾਂ ਅਤੇ ਮਨੁੱਖੀ ਆਬਾਦੀ ਦੀ ਸੀਵਰੇਜ਼ ਨੂੰ ਅਸੀਂ ਬੁੱਢੇ ਨਾਲੇ, ਹੰਸਲੀ ਨਾਲੇ ਜਾਂ ਸਤਲੁਜ ਦਰਿਆ ਵਿਚ ਸੁੱਟ ਕੇ ਬੇਫ਼ਿਕਰ ਹੋ ਕੇ ਬੈਠ ਜਾਂਦੇ ਹਾਂ। ਪਰ ਇਹੀ ਗੰਦਗੀ ਵਿਚਲੇ ਜ਼ਹਿਰੀਲੇ ਰਸਾਇਣ ਜ਼ਮੀਨੀ ਪਾਣੀ ਵਿਚ ਮਿਲ ਜਾਂਦੇ ਹਨ। ਕੁਦਰਤੀ ਸੋਮਿਆਂ ਨੂੰ ਪਲੀਤ ਕਰਨ ਦਾ ਨਤੀਜਾ ਸਾਡੇ ਸਾਹਮਣੇ ਆਉਂਦਾ ਹੈ ਕੈਂਸਰ ਵਰਗੇ ਰੋਗਾਂ ਦੇ ਰੂਪ ਵਿਚ। ਸਾਨੂੰ ਹਾਲੇ ਵੀ ਸਿੱਖਿਆ ਲੈਣੀ ਚਾਹੀਦੀ ਹੈ ਕਿ ਕੁਦਰਤ ਦੇ ਵਿਚ ਮੌਜੂਦ ਇਸ ਤਾਣੇ-ਬਾਣੇ ਵਿਚ ਅਸੀਂ ਜਿਹੋ ਜਿਹੀ ਕਰਨੀ ਕਰਾਂਗੇ, ਉਸ ਦਾ ਨਤੀਜਾ ਸਾਨੂੰ ਹਰ ਹਾਲਤ ਵਿਚ ਭੁਗਤਣਾ ਪਵੇਗਾ। ਇਸ ਲਈ ਜ਼ਰੂਰੀ ਹੈ ਕਿ ਅਸੀਂ ਰਸਾਇਣੀ ਜ਼ਹਿਰਾਂ ਦੀ ਵਰਤੋਂ ਨੂੰ ਬੰਦ ਕਰਨ ਦੇ ਨਾਲ-ਨਾਲ ਮਾਲਵਾ ਖੇਤਰ ਵਿਚਲੇ ਕੈਂਸਰ ਦਾ ਦਰਦ ਹੰਢਾ ਰਹੇ ਲੋਕਾਂ ਦੀ ਆਰਥਿਕ ਤੇ ਮਾਨਸਿਕ ਮਦਦ ਕਰੀਏ। ਇਹੀ ਸਭ ਤੋਂ ਵੱਡਾ ਪੁੰਨ ਹੋਵੇਗਾ।

***(ਲੇਖਕ ਅਸਿਸਟੈਂਟ ਪ੍ਰੋਫ਼ੈਸਰ, ਜ਼ੁਆਲੋਜੀ ਵਿਭਾਗ, ਬੇਰਿੰਗ ਕਾਲਜ ਬਟਾਲਾ, ਪੰਜਾਬ ਹੈ।)***

## ਪਾਸਪੋਰਟ ਸੇਵਾ

ਪਾਸਪੋਰਟ ਸੇਵਾ ਪ੍ਰਾਜੈਕਟ ਭਾਰਤ ਸਰਕਾਰ ਦੇ ਰਾਸ਼ਟਰੀ ਈ ਸ਼ਾਸਨ ਯੋਜਨਾ ਹੇਠ ਸਭ ਤੋਂ ਵੱਡੇ ਮਿਸ਼ਨ ਮੋਡ ਪ੍ਰਾਜੈਕਟਾਂ ਵਿਚੋਂ ਇਕ ਹੈ। ਇਹ ਯੋਜਨਾ ਵਿਦੇਸ਼ ਮੰਤਰਾਲਾ ਵਲੋਂ ਟਾਟਾ ਸਲਾਹਕਾਰ ਸੇਵਾਵਾਂ ਨਾਲ ਜਨਤਕ-ਨਿੱਜੀ ਭਾਈਵਾਲੀ ਹੇਠ ਸਫਲਤਾਪੂਰਵਕ ਚਲਾਇਆ ਜਾ ਰਿਹਾ ਹੈ।

ਮੌਜੂਦਾ ਬੁਨਿਆਦੀ ਢਾਂਚਾ ਪ੍ਰਣਾਲੀ ਅਤੇ ਪ੍ਰਕਿਰਿਆ ਪਾਸਪੋਰਟ ਅਤੇ ਉਸ ਨਾਲ ਜੁੜੀਆਂ ਸੇਵਾਵਾਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਅਸਮਰੱਥ ਸੀ। 2013 ਦੌਰਾਨ ਸਰਕਾਰ ਨੇ ਇਕ ਸਾਲ ਵਿਚ 85 ਲੱਖ 17 ਹਜ਼ਾਰ ਪਾਸਪੋਰਟ ਸੇਵਾਵਾਂ ਪ੍ਰਦਾਨ ਕੀਤੀਆਂ, ਜੋ ਸਾਲ 2000 ਦੇ ਮੁਕਾਬਲੇ ਵਿਚ ਤਿੰਨ ਗੁਣਾ ਜ਼ਿਆਦਾ ਸੀ। ਇਸੇ ਦਰ ਉਤੇ ਸਰਕਾਰ ਸਾਲ 2014-15 ਵਿਚ ਇਕ ਕਰੋੜ ਪਾਸਪੋਰਟ ਸੇਵਾਵਾਂ ਪ੍ਰਦਾਨ ਕਰਕੇ ਮੀਲ ਦਾ ਪੱਥਰ ਸਾਬਤ ਕਰੇਗੀ। 30 ਜੂਨ ਤਕ ਲਗਭਗ 5 ਕਰੋੜ 40 ਲੱਖ ਭਾਰਤੀ ਨਾਗਰਿਕਾਂ ਨੇ ਕਾਨੂੰਨੀ ਤੌਰ ਤੇ ਪਾਸਪੋਰਟ ਹਾਸਲ ਕੀਤੇ। ਚੀਨ ਅਤੇ ਅਮਰੀਕਾ ਤੋਂ ਬਾਅਦ ਭਾਰਤ ਵਿਸ਼ਵ ਦੇ 14 ਪ੍ਰਤਿਸ਼ਤ ਪਾਸਪੋਰਟ ਸੇਵਾਵਾਂ ਪ੍ਰਦਾਨ ਕਰਕੇ ਤੀਸਰੇ ਨੰਬਰ 'ਤੇ ਹੈ।

ਪਾਸਪੋਰਟ ਸੇਵਾ ਪ੍ਰਾਜੈਕਟ ਨੂੰ ਭਾਰਤੀ ਨਾਗਰਿਕਾਂ ਦੀਆਂ ਪਾਸਪੋਰਟ ਸੰਬੰਧਿਤ ਸੇਵਾਵਾਂ ਦੇ ਵਾਧੇ ਅਤੇ ਸੁਧਾਰ ਲਈ ਕੰਪਿਊਟਰੀਕਰਨ ਕੀਤਾ ਗਿਆ ਹੈ। ਜੂਨ 2012 ਤਕ ਇਸ ਨੂੰ ਭਾਰਤ ਵਿਚ 23 ਰਾਜਾਂ ਦੇ 63 ਸ਼ਹਿਰਾਂ ਵਿਚ ਸੁਚਾਰੂ ਤੌਰ ਤੇ ਚਲਾਇਆ ਗਿਆ ਹੈ। ਇਹ ਆਈ ਟੀ ਸੰਚਾਲਿਤ ਪ੍ਰਾਜੈਕਟ ਵਿਦੇਸ਼ ਮੰਤਰਾਲਾ ਦੇ 2500 ਕਰਮਚਾਰੀਆਂ ਅਤੇ ਨਿੱਜੀ ਖੇਤਰ ਦੇ 2500 ਕਰਮਚਾਰੀਆਂ ਵਲੋਂ ਚਲਾਇਆ ਜਾ ਰਿਹਾ ਹੈ। ਇਸ ਯੋਜਨਾ ਵਿਚ ਸ਼ੁਰੂਆਤੀ ਨਿਵੇਸ਼ ਨਿੱਜੀ ਭਾਈਵਾਲੀ ਵਲੋਂ ਕੀਤਾ ਗਿਆ, ਜੋ ਬਣਾਓ, ਚਲਾਓ ਅਤੇ ਅਪਣਾਓ ਆਧਾਰਿਤ ਮਾਡਲ 'ਤੇ ਹੈ।

ਪਾਸਪੋਰਟ ਸੇਵਾ ਪ੍ਰਾਜੈਕਟ ਦੇਸ਼ ਵਿਆਪੀ ਨੈੱਟਵਰਕ ਹੈ ਜੋ 77 ਆਧੁਨਿਕ ਪਾਸਪੋਰਟ ਸੇਵਾ ਕੇਂਦਰ 39 ਪਾਸਪੋਰਟ ਜਾਰੀ ਅਥਾਰਿਟੀਆਂ ਪੁਲਿਸ, ਭਾਰਤੀ ਡਾਕ, ਭਾਰਤੀ ਸੁਰੱਖਿਆ ਪ੍ਰੈੱਸ ਵਰਗੇ ਬਾਹਰਲੇ ਸਾਂਝੇਦਾਰਾਂ ਨੂੰ ਇਕ ਸੂਤਰ ਵਿਚ ਪਿਰੋਂਦਾ ਹੈ। ਪਾਸਪੋਰਟ ਸੰਬੰਧਿਤ ਜਾਣਕਾਰੀਆਂ ਨੂੰ ਪ੍ਰਵਾਸੀ ਜਾਂਚ ਕੇਂਦਰ ਅਤੇ 183 ਭਾਰਤੀ ਮਿਸ਼ਨ ਅਤੇ ਕੇਂਦਰਾਂ ਤਕ ਸੰਬੰਧਿਤ ਸੇਵਾਵਾਂ ਪ੍ਰਦਾਨ ਪ੍ਰਣਾਲੀ ਵਿਚ ਵੀ ਤਬਦੀਲੀ ਲਿਆਂਦੀ ਹੈ। ਇਸ ਨਾਲ ਪਾਸਪੋਰਟ ਸੇਵਾਵਾਂ ਨੂੰ ਸੁਖਾਲਾ ਅਤੇ ਪਾਰਦਰਸ਼ੀ ਬਣਾਇਆ ਗਿਆ ਹੈ। ਆਨ ਲਾਈਨ ਬਿਨੈ ਪੱਤਰ, ਫ਼ੀਸ ਜਮ੍ਹਾਂ ਕਰਾਉਣ ਅਤੇ ਪਾਸਪੋਰਟ ਸੇਵਾ ਕੇਂਦਰ ਵਿਚ ਮਿਲਣ ਦਾ ਸਮਾਂ ਨਿਸ਼ਚਿਤ ਕੀਤਾ ਜਾ ਸਕਦਾ ਹੈ। ਬਿਨੈਕਾਰ ਸਮੇਂ ਮੁਤਾਬਿਕ ਆਪਣੇ ਦਸਤਾਵੇਜ਼ ਤੇ ਫ਼ੀਸ ਜਮ੍ਹਾਂ ਕਰਵਾ ਸਕਦਾ ਹੈ। ਪਾਸਪੋਰਟ ਦਫ਼ਤਰ ਦੇ ਸਟਾਫ਼ ਵਲੋਂ ਦਸਤਾਵੇਜ਼ ਦੀ ਜਾਂਚ ਕਰਨ ਬਾਅਦ ਉਸ ਨੂੰ ਪ੍ਰਾਪਤੀ ਰਸੀਦ ਪ੍ਰਦਾਨ ਕੀਤੀ ਜਾਂਦੀ ਹੈ।

ਪਾਸਪੋਰਟ ਸੇਵਾ ਕੇਂਦਰਾਂ ਵਿਚ ਏ.ਟੀ.ਐੱਮ. ਜਨਤਕ ਫ਼ੋਨ, ਫੋਟੋ ਕਾਪੀ, ਸਮਾਚਾਰ ਪੱਤਰ ਇੰਟਰਨੈੱਟ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਕੇ ਬੇਹਤਰ ਬਣਾਇਆ ਗਿਆ ਹੈ। ਪਾਸਪੋਰਟ ਸੇਵਾ ਪ੍ਰਾਜੈਕਟ ਵਿਚ ਨਾਗਰਿਕਾਂ ਨਾਲ ਪ੍ਰਭਾਵੀ ਸੰਪਰਕ ਅਤੇ ਬੇਹਤਰ ਸੰਚਾਲਨ ਲਈ ਇਸ ਵਿਚ ਸੰਚਾਲਨ ਦੇ ਵੱਖ-ਵੱਖ ਢੰਗਾਂ ਨੂੰ ਇਸਤੇਮਾਲ ਕੀਤਾ ਗਿਆ ਹੈ। ਇਸ ਵਿਚ ਪਾਸਪੋਰਟ ਸੇਵਾ ਪੋਰਟਲ, ਕਾਲ-ਸੈਂਟਰ, ਸਹਾਇਤਾ ਡੈਸਕ ਅਤੇ ਐੱਮ ਪਾਸਪੋਰਟ ਸੇਵਾ ਨਾਂ ਦੇ ਮੋਬਾਇਲ ਐਪਲੀਕੇਸ਼ਨ ਅਤੇ ਐੱਸ ਐੱਮ ਐੱਸ ਟ੍ਰੈਕਿੰਗ ਸਹੂਲਤਾਂ ਸ਼ਾਮਿਲ ਹਨ। ਇਸ ਦੇ ਇਲਾਵਾ, ਪਾਸਪੋਰਟ ਸੇਵਾਵਾਂ ਨੂੰ ਨਾਗਰਿਕਾਂ ਤਕ ਪਹੁੰਚਾਉਣ ਲਈ ਪਾਸਪੋਰਟ ਸੇਵਾ ਮੇਲੇ ਅਤੇ ਕੈਂਪ ਲਗਾਏ ਜਾਂਦੇ ਹਨ।

ਪਾਸਪੋਰਟ ਸੇਵਾ ਨੈੱਟਵਰਕ ਸੰਚਾਲਨ ਕੇਂਦਰ ਅਤੇ ਸੁਰੱਖਿਆ ਸੰਚਾਲਨ ਕੇਂਦਰ ਨੂੰ ਪਾਸਪੋਰਟ ਸੇਵਾ ਦੇ ਬੁਨਿਆਦੀ ਢਾਂਚੇ ਦੇ 24 ਘੰਟੇ ਦੀ ਨਿਗਰਾਨੀ ਲਈ ਸਥਾਪਤ ਕੀਤਾ ਗਿਆ ਹੈ। ਪਾਸਪੋਰਟ ਸੇਵਾ ਵਿਭਾਗ ਨੂੰ ਵਧੀਆ ਕਾਰਗੁਜ਼ਾਰੀ ਲਈ ਵੱਖ-ਵੱਖ ਐਵਾਰਡ ਪ੍ਰਦਾਨ ਕੀਤੇ ਗਏ ਹਨ। ਇਸ ਨਵੀਂ ਪ੍ਰਣਾਲੀ ਨਾਲ ਹੁਣ ਤਕ 1 ਕਰੋੜ 80 ਲੱਖ ਬਿਨੈ ਪੱਤਰਾਂ ਦੀ ਪ੍ਰੋਸੈਸਿੰਗ ਕੀਤੀ ਗਈ ਹੈ। 45,000 ਨਾਗਰਿਕਾਂ ਨੂੰ ਰੋਜ਼ਾਨਾ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ।

## ਸਰਕਾਰ ਵਲੋਂ ਅਨਾਜ ਪ੍ਰਬੰਧ ਲਈ ਕਈ ਉਪਰਾਲੇ

ਸਰਕਾਰ ਵਲੋਂ ਦੇਸ਼ ਵਿਚ ਅਨਾਜ ਪ੍ਰਬੰਧ ਸੁਧਾਰ ਅਤੇ ਮਹਿੰਗਾਈ 'ਤੇ ਕਾਬੂ ਪਾਉਣ ਲਈ ਕਈ ਕਦਮ ਚੁੱਕੇ ਗਏ ਹਨ। ਭਾਰਤੀ ਖੁਰਾਕ ਨਿਗਮ ਵਲੋਂ ਅਨਾਜ ਦੇ ਸੁਰੱਖਿਅਤ ਭੰਡਾਰਨ ਨੂੰ ਯਕੀਨੀ ਬਣਾਉਣ ਲਈ ਗੋਦਾਮਾਂ ਨੂੰ ਵਿਕਸਤ ਕੀਤਾ ਗਿਆ ਹੈ। ਪੁਰਾਣਾ ਭੰਡਾਰ ਪਹਿਲ ਦੇ ਆਧਾਰ 'ਤੇ ਜਾਰੀ ਕੀਤਾ ਜਾਂਦਾ ਹੈ। ਇਸ ਸਮੇਂ ਭਾਰਤੀ ਖੁਰਾਕ ਨਿਗਮ ਕੋਲ ਸਿਰਫ਼ ਪਿਛਲੇ ਦੋ ਸਾਲਾਂ ਦਾ ਸਟਾਕ ਉਪਲਬਧ ਹੈ। ਗੁਣਵੱਤਾ ਨਿਯੰਤ੍ਰਣ ਤੰਤਰ ਨੂੰ ਮਜ਼ਬੂਤ ਕਰਨ ਲਈ ਲੈਬੋਰਟਰੀ ਅਤੇ ਸਿਖਲਾਈ ਢਾਂਚੇ ਨੂੰ ਲਗਾਤਾਰ ਵਿਕਸਤ ਕੀਤਾ ਜਾ ਰਿਹਾ ਹੈ ਅਤੇ ਅਨਾਜ ਦੀ ਬਰਬਾਦੀ ਨੂੰ ਰੋਕਣ ਲਈ ਖਰੀਦ ਭੰਡਾਰਨ ਅਤੇ ਵੰਡਣ ਦੇ ਸਮੇਂ 'ਤੇ ਅਨਾਜ ਦੀ ਗੁਣਵੱਤਾ ਦੀ ਜਾਂਚ ਕੀਤੀ ਜਾਂਦੀ ਹੈ। ਰਾਜਾਂ ਨੂੰ ਵੱਧ ਤੋਂ ਵੱਧ ਖਰੀਦਾਰੀ ਅਤੇ ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਨੂੰ ਯਕੀਨੀ ਬਣਾਉਣ ਲਈ ਵਿਕੇਂਦਰੀਕਰਨ ਖਰੀਦ ਪ੍ਰਣਾਲੀ ਅਪਣਾਉਣ ਲਈ ਪ੍ਰੋਤਸਾਹਤ ਕੀਤਾ ਜਾਂਦਾ ਹੈ। ਨਿੱਜੀ ਉੱਦਮ ਜ਼ਾਮਨੀ ਸਕੀਮ ਹੇਠ ਸਰਕਾਰ ਨੇ ਕੇਂਦਰੀ ਪੂਲ ਲਈ ਅਨਾਜ ਖਰੀਦ ਦੇ ਵਧੀਆ ਭੰਡਾਰਨ ਲਈ 19 ਰਾਜਾਂ ਵਿਚ ਵੱਖ-ਵੱਖ ਥਾਵਾਂ 'ਤੇ 30 ਜੂਨ ਤਕ 120 ਲੱਖ 30 ਹਜ਼ਾਰ ਟਨ ਸਮਰੱਥਾ ਵਾਲੇ ਭੰਡਾਰਨ ਬਣਾਏ ਹਨ। ਆਧੁਨਿਕੀ ਭੰਡਾਰਨ ਲਈ ਸਰਕਾਰ ਨੇ ਕੋਠੀਆਂ ਵਿਚ 20 ਲੱਖ ਸਮਰੱਥਾ ਵਾਲੇ ਭੰਡਾਰਨਾਂ ਦੇ ਨਿਰਮਾਣ ਲਈ ਮਨਜ਼ੂਰੀ ਦਿਤੀ ਹੈ। ਰਾਸ਼ਟਰੀ ਖੁਰਾਕ ਐਕਟ 2013 ਹੇਠ ਹਰੇਕ ਪੱਧਰ 'ਤੇ ਟੀਚਾ ਜਨਤਕ ਵੰਡ ਦਾ ਕੰਪਿਊਟਰੀਕਰਨ ਕੀਤਾ ਗਿਆ ਹੈ। ਇਹ ਜਾਣਕਾਰੀ ਖਪਤਕਾਰ ਮਾਮਲਿਆਂ, ਖੁਰਾਕ ਅਤੇ ਜਨਤਕ ਵੰਡ ਪ੍ਰਣਾਲੀ ਬਾਰੇ ਰਾਜ ਮੰਤਰੀ ਸ੍ਰੀ ਰਾਓਸਾਹਿਬ ਪਾਟਿਲ ਦਾਨਵੇ ਨੇ ਲੋਕ ਸਭਾ ਵਿਚ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਦਿਤੀ। ਉਨ੍ਹਾਂ ਦੱਸਿਆ ਕਿ ਸਰਕਾਰ ਨੇ

ਚੌਲਾਂ ਅਤੇ ਕਣਕ ਦੀਆਂ ਕੀਮਤਾਂ 'ਤੇ ਨਜ਼ਰ ਰੱਖਣ ਲਈ ਕਈ ਕਦਮ ਚੁੱਕੇ ਹਨ, ਜਿਸ ਵਿਚ ਕਣਕ ਲਈ ਦਰਾਮਦ ਕਰ ਘਟਾ ਕੇ 0 ਅਤੇ 30 ਨਵੰਬਰ ਤਕ ਝੋਨੇ ਅਤੇ ਚੌਲਾਂ ਦੀ ਭੰਡਾਰ ਸੀਮਾ ਲਾਗੂ ਕੀਤੀ ਗਈ ਹੈ। ਸਰਕਾਰ ਲੋੜੀਂਦੀ ਖੁਰਾਕੀ ਵਸਤਾਂ ਦੀ ਜਮ੍ਹਾਂਖੋਰੀ ਅਤੇ ਬਲੈਕ ਮਾਰਕੀਟਿੰਗ ਦੇ ਆਦੇਸ਼ ਨਾਲ ਲੋੜੀਂਦੀ ਖੁਰਾਕੀ ਵਸਤਾਂ ਐਕਟ 1955, ਬਲੈਕ ਮਾਰਕੀਟਿੰਗ ਅਤੇ ਲੋੜੀਂਦੇ ਖੁਰਾਕੀ ਵਸਤਾਂ ਦੀ ਪੂਰਤੀ ਦਾ ਰੱਖ-ਰਖਾਅ ਐਕਟ 1980 ਵੀ ਲਾਗੂ ਕਰ ਰਹੀ ਹੈ। ਰਾਜਾਂ ਨੂੰ ਵੀ ਲੋੜੀਂਦੀ ਖੁਰਾਕੀ ਵਸਤਾਂ ਦੀ ਜਮ੍ਹਾਂਖੋਰੀ ਅਤੇ ਬਲੈਕ ਮਾਰਕੀਟਿੰਗ ਨੂੰ ਰੋਕਣ ਲਈ ਵੀ ਨਿਰਦੇਸ਼ ਜਾਰੀ ਕੀਤੇ ਗਏ ਹਨ।

## ਰੇਲਵੇ ਦਾ ਇੰਜੀਨੀਅਰਿੰਗ ਕਮਾਲ

ਊਧਮਪੁਰ-ਕਟੜਾ ਨਵੀਂ ਰੇਲਵੇ ਲਾਈਨ ਨੂੰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ 4 ਜੁਲਾਈ 2014 ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਸੀ, ਉੱਤਰ ਰੇਲਵੇ ਦੀ 326 ਕਿਲੋਮੀਟਰ ਲੰਬੀ ਊਧਮਪੁਰ-ਕਟੜਾ-ਕਾਜੀਗੁੰਡ-ਸ੍ਰੀਨਗਰ-ਬਾਰਾਮੂਲਾ ਰੇਲਵੇ ਲਾਈਨ ਪ੍ਰਜੈਕਟ ਦਾ ਇਕ ਹਿੱਸਾ ਹੈ। ਇਹ ਰੇਲਵੇ ਲਾਈਨ ਜੰਮੂ ਖੇਤਰ ਦੇ ਮਹੱਤਵਪੂਰਨ ਸ਼ਹਿਰਾਂ ਨੂੰ ਆਪਸ ਵਿਚ ਜੋੜਦੀ ਹੈ। ਜੰਮੂ ਖੇਤਰ ਦੇ ਸ਼ਹਿਰਾਂ ਵਿਚ ਕਟੜਾ ਵੀ ਸ਼ਾਮਿਲ ਹੈ, ਜੋ ਰਿਆਸੀ ਜ਼ਿਲ੍ਹੇ ਦੀ ਤਹਿਸੀਲ ਹੈ। ਕਟੜਾ ਦੀ ਖ਼ਾਸ ਅਹਿਮੀਅਤ ਹੈ, ਕਿਉਂਕਿ ਇਥੋਂ ਸ਼ਰਧਾਲੂ ਸ੍ਰੀ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਲਈ ਆਪਣੀ ਯਾਤਰਾ ਸ਼ੁਰੂ ਕਰਦੇ ਹਨ। ਹੁਣ ਤਕ ਇਹ ਸ਼ਹਿਰ ਜੰਮੂ-ਤਵੀ ਨਾਲ ਜੁੜਿਆ ਹੋਇਆ ਸੀ। ਊਧਮਪੁਰ-ਕਟੜਾ ਦੇ ਮੁਕੰਮਲ ਹੋਣ ਨਾਲ ਸ਼ਰਧਾਲੂਆਂ ਨੂੰ ਹੁਣ ਆਉਣ ਜਾਣ ਲਈ ਇਕ ਹੋਰ ਰਸਤਾ ਮਿਲ ਗਿਆ ਹੈ। ਇਹ ਰੇਲਵੇ ਲਾਈਨ ਹਿਮਾਲਿਆ ਦੀ ਸ਼ਿਵਾਲਿਕ ਅਤੇ ਤ੍ਰਿਕੁਟ ਰੇਲ ਦੇ ਬੇਹੱਦ ਮੁਸ਼ਕਿਲ ਪਹਾੜੀ ਖੇਤਰਾਂ ਅਤੇ ਉੱਚੇ-ਨੀਵੇਂ ਇਲਾਕਿਆਂ ਵਿਚੋਂ ਹੋ ਕੇ ਗੁਜ਼ਰਦੀ ਹੈ। ਇਹ ਰੇਲ ਲਾਈਨ ਕਈ ਸੜਕਾਂ, ਕੱਚੇ ਰਸਤੇ ਅਤੇ ਪਗਡੰਡੀਆਂ ਨੂੰ ਪਾਰ ਕਰਦੇ ਹੋਏ ਕਈ ਨਦੀਆਂ-ਨਾਲੇ ਅਤੇ ਨਹਿਰਾਂ ਤੋਂ ਹੋ ਕੇ ਲੰਘਦੀ ਹੈ। ਇਸ ਸੈਕਸ਼ਨ ਵਿਚ ਕੁੱਲ 10.9 ਕਿਲੋਮੀਟਰ ਲੰਬੀ ਸੁਰੰਗ ਹੈ। ਸੱਤ ਵੱਡੇ ਅਤੇ 29 ਛੋਟੇ ਪੁਲ ਸ਼ਾਮਿਲ ਹਨ। ਇਸ ਰੇਲ ਸੈਕਸ਼ਨ ਦੇ ਨਿਰਮਾਣ ਲਈ 31 ਮਾਰਚ 2014 ਤਕ 1132 ਕਰੋੜ 75 ਲੱਖ ਰੁਪਏ ਦੀ ਲਾਗਤ ਆਈ ਹੈ। ਇਸ ਸੈਕਸ਼ਨ ਵਿਚ 22 ਤਿੱਖੇ ਮੋੜ ਹਨ। ਸਭ ਤੋਂ ਜ਼ਿਆਦਾ ਤਿੱਖਾ ਮੋੜ 5 ਡਿਗਰੀ ਦਾ ਹੈ। ਯਾਤਰੀ ਗੱਡੀਆਂ ਨਾਲ ਜੁੜੇ ਮੁੱਖ ਪਲੇਟਫਾਰਮ 1,2 ਅਤੇ 3 ਹਨ, ਜੋ 550 ਮੀਟਰ ਲੰਬੇ ਹਨ। ਬਨੀਹਾਲ-ਬਾਰਾਮੂਲਾ ਰੇਲਵੇ ਲਾਈਨ 326 ਕਿਲੋਮੀਟਰ ਲੰਬੀ ਊਧਮਪੁਰ-ਕਟੜਾ-ਕਾਜੀਗੁੰਡ-ਸ੍ਰੀਨਗਰ-ਬਾਰਾਮੂਲਾ ਰੇਲਵੇ ਲਾਈਨ ਦਾ ਇਕ ਹਿੱਸਾ ਹੈ। ਇਹ ਰੇਲਵੇ ਲਾਈਨ ਰਾਸ਼ਟਰੀ ਮਹੱਤਵ ਦਾ ਪ੍ਰਜੈਕਟ ਹੈ। ਇਸ 'ਤੇ ਮੌਜੂਦਾ ਸੰਭਾਵਿਤ ਲਾਗਤ ਲਗਭਗ 19 ਹਜ਼ਾਰ 565 ਕਰੋੜ ਰੁਪਏ ਹੈ। 31 ਮਾਰਚ 2014 ਤਕ ਇਸ ਪ੍ਰਜੈਕਟ ਉੱਤੇ ਲਗਭਗ 9666 ਕਰੋੜ 71 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਜੁਲਾਈ 2014 ਤੋਂ ਕਟੜਾ ਤਕ 4 ਰੇਲ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਇਹ ਰੇਲ ਸੇਵਾਵਾਂ ਨਵੀਂ ਦਿੱਲੀ-ਮਾਤਾ ਵੈਸ਼ਨੋ ਦੇਵੀ ਕਟੜਾ ਐਕਸਪ੍ਰੈਸ, ਪਠਾਨਕੋਟ-ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਡੀ ਐੱਮ ਯੂ ਅਤੇ ਇਕ ਹੋਰ ਜੰਮੂ-ਤਵੀ-ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਡੀ ਐੱਮ ਯੂ ਹੈ। ਭਵਿੱਖ ਵਿਚ ਕਟੜਾ ਨੂੰ ਜੋੜਨ ਵਾਲੀਆਂ 9 ਹੋਰ ਰੇਲ ਸੇਵਾਵਾਂ ਸ਼ੁਰੂ ਕੀਤੀਆਂ ਜਾਣਗੀਆਂ।

## ਰਾਸ਼ਟਰੀ ਬਾਲ ਸਿਹਤ ਪ੍ਰੋਗਰਾਮ ਤਹਿਤ ਬੱਚਿਆਂ ਦੀ ਸਿਹਤ ਦੀ ਜਾਂਚ

ਰਾਸ਼ਟਰੀ ਬਾਲ ਸਿਹਤ ਪ੍ਰੋਗਰਾਮ ਹੇਠ 18 ਸਾਲ ਤਕ ਦੀ ਉਮਰ ਵਾਲੇ ਸਾਰੇ ਬੱਚਿਆਂ ਦੀ ਸਿਹਤ ਦੀ ਜਾਂਚ ਕੀਤੀ ਜਾਵੇਗੀ। ਇਹ ਜਾਂਚ ਉਨ੍ਹਾਂ ਦੇ ਜਨਮ ਦੇ ਸਮੇਂ ਦੋਸ਼ਾਂ, ਘਾਟਾਂ, ਬੀਮਾਰੀਆਂ ਅਤੇ ਵਿਕਾਸ ਵਿਚ ਦੇਰੀ ਲਈ ਕੀਤੀ ਜਾਵੇਗੀ। ਇਸ ਮਿਸ਼ਨ ਹੇਠ ਪ੍ਰਸਤਾਵ ਹੈ ਕਿ ਸਾਰੇ ਨਵਜਾਤ ਸ਼ਿਸ਼ੂਆਂ ਨੂੰ ਸਿਹਤ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ। 6 ਹਫ਼ਤੇ ਤੋਂ 6 ਸਾਲਾਂ ਤਕ ਦੀ ਉਮਰ ਵਰਗ ਵਾਲੇ ਬੱਚਿਆਂ ਦੀ ਜਾਂਚ ਕੀਤੀ ਜਾਵੇਗੀ ਅਤੇ 6 ਤੋਂ 18 ਸਾਲ ਤਕ ਦੀ ਉਮਰ ਵਰਗ ਵਾਲੇ ਬੱਚਿਆਂ ਦੇ ਨਾਮ ਸਰਕਾਰੀ ਸਹਾਇਤਾ ਵਾਲੇ ਸਕੂਲਾਂ ਵਿਚ ਲਿਖੇ ਜਾਣਗੇ ਅਤੇ ਇਨ੍ਹਾਂ ਦੀ ਜਾਂਚ ਦੋ ਚਲਦੀਆਂ ਫਿਰਦੀਆਂ ਆਯੂਸ਼ ਟੀਮਾਂ ਵਲੋਂ ਕੀਤੀ ਜਾਵੇਗੀ। ਹਰ ਟੀਮ ਵਿਚ ਇਕ ਪੁਰਸ਼ ਡਾਕਟਰ ਅਤੇ ਇਕ ਮਹਿਲਾ ਡਾਕਟਰ ਅਤੇ ਇਕ ਦਾਈ ਅਤੇ ਔਸ਼ਧੀ-ਵਿਗਿਆਨੀ ਰਹੇਗੀ। ਇਹ ਜਾਣਕਾਰੀ ਰਾਜ ਸਭਾ ਵਿਚ ਸਿਹਤ ਮੰਤਰੀ ਨੇ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਦਿਤੀ।

ਪੈਰਾਸਿਟਾਮੋਲ ਅਤੇ ਕ੍ਰੋਸੀਨ ਦੀਆਂ ਕੀਮਤਾਂ

ਸਾਲ 2013 ਦੇ ਦਵਾਈ ਮੁੱਲ ਨਿਯੰਤ੍ਰਣ ਆਦੇਸ਼ ਹੇਠ ਪੈਰਾਸਿਟਾਮੋਲ ਦੀ 500 ਮਿਲੀਗ੍ਰਾਮ ਦੀਆਂ ਗੋਲੀਆਂ ਦੀ ਵੱਧ ਕੀਮਤ ਪ੍ਰਤਿ ਗੋਲੀ 94 ਪੈਸੇ ਨੋਟੀਫਾਈ ਕੀਤੀ ਗਈ ਸੀ। ਲੋਕ ਸਭਾ ਵਿਚ ਇਕ ਸਵਾਲ ਦੇ ਉੱਤਰ ਵਿਚ ਰਸਾਇਣ ਅਤੇ ਖਾਦ ਰਾਜ ਮੰਤਰੀ ਸ੍ਰੀ ਨਿਹਾਲ ਚੰਦ ਨੇ ਕਿਹਾ ਕਿ ਕ੍ਰੋਸੀਨ ਵੇਚਣ ਵਾਲੀ ਇਕ ਨਿੰਜੀ ਫਾਰਮੈਸੀ ਫਰਮ ਨੇ ਐਡਵਾਂਸ ਕ੍ਰੋਸੀਨ ਨਾਮ ਤੋਂ ਇਹ ਦਵਾ ਵੇਚਣ ਲਈ ਅਰਜ਼ੀ ਦਿਤੀ ਹੈ ਅਤੇ ਅਪੀਲ ਕੀਤੀ ਹੈ ਕਿ ਇਸ ਨੂੰ ਡੀ.ਪੀ.ਸੀ.ਓ. 2013 ਦੀ ਧਾਰਾ 32(III) ਦੀਆਂ ਵਿਵਸਥਾਵਾਂ ਤੋਂ ਮੁਕਤ ਕੀਤਾ ਜਾਵੇ। ਇਹ ਧਾਰਾ ਇਸ ਦਵਾ ਦੇ ਵੱਧ ਮੁੱਲ ਉਤੇ ਲਾਗੂ ਹੈ। ਜਾਂਚ ਪੜਤਾਲ ਦੇ ਬਾਅਦ ਐੱਨ ਪੀ ਪੀ ਏ ਨੇ ਇਸ ਫਾਰਮੈਸੀ ਦੀ ਬੇਨਤੀ ਨਹੀਂ ਮੰਨੀ। ਇਸ ਅਨੁਸਾਰ ਐੱਨ ਪੀ ਪੀ ਏ ਨੇ ਇਸ ਕੰਪਨੀ ਵਲੋਂ ਜ਼ਿਆਦਾ ਵਸੂਲੀ ਗਈ ਰਕਮ ਦੀ ਮੰਗ ਪੇਸ਼ ਕੀਤੀ ਹੈ ਅਤੇ ਇਹ ਰਕਮ ਇਸ ਦੌਰਾਨ ਵੱਧ ਵਸੂਲ ਕੀਤੀ ਕੀਮਤ ਦੇ ਬਰਾਬਰ ਹੈ। ਇਸ ਕੰਪਨੀ ਨੇ ਇਸ ਸਿਲਸਿਲੇ ਵਿਚ 54 ਕਰੋੜ ਰੁਪਏ ਦੀ ਰਕਮ ਜਮ੍ਹਾਂ ਕਰ ਦਿਤੀ ਹੈ।

*ਸਿਵਲ ਹਸਪਤਾਲ ਹੁਸ਼ਿਆਰਪੁਰ ਮਾਈਕਰੋ ਬਾਇਓਲੋਜੀ ਲੇਬਾਰਟਰੀ ਅਧੀਨ (ਆਈ ਡੀ ਐੱਸ ਪੀ) ਦਾ ਉਦਘਾਟਨ*

ਘਰ-ਘਰ ਬੇਹਤਰੀਨ ਸਿਹਤ ਸਹੂਲਤਾਂ ਪਹੁੰਚਾਉਣ ਦੀ ਯੋਜਨਾ ਤਹਿਤ ਪੰਜਾਬ ਸਰਕਾਰ ਵਲੋਂ ਸਿਵਲ ਹਸਪਤਾਲਾਂ ਦੀ ਨੁਹਾਰ ਬਦਲਣ ਲਈ ਵੱਡੀ ਪੱਧਰ 'ਤੇ ਨਵੀਨੀਕਰਨ ਕੀਤਾ ਜਾ ਰਿਹਾ ਹੈ। ਜਿਸ ਦੇ ਚਲਦਿਆਂ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਚ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਅਫ਼ਸਰ ਕਰਨਜੀਤ ਸਿੰਘ ਵਲੋਂ ਮਾਈਕਰੋ ਬਾਇਓਲੋਜੀ ਲੇਬਾਰਟਰੀ ਅਧੀਨ (ਆਈ ਡੀ ਐੱਸ ਪੀ) ਦਾ ਉਦਘਾਟਨ ਕੀਤਾ ਗਿਆ। ਸਿਹਤ ਡਾਇਰੈਕਟਰ ਨੇ ਦੱਸਿਆ ਕਿ ਇਸ ਲੇਬਾਰਟਰੀ ਖੁੱਲ੍ਹਣ ਨਾਲ ਮਰੀਜ਼ਾਂ ਨੂੰ ਵੱਖੋ-ਵੱਖ ਬੀਮਾਰੀਆਂ ਦੇ ਟੈਸਟਾਂ ਲਈ ਹੁਣ ਨਿੰਜੀ ਲੇਬਾਰਟਰੀਆਂ ਵੱਲ ਤੱਕਣਾ ਨਹੀਂ ਪਵੇਗਾ।

ਪੀ.ਆਈ.ਬੀ. ਜਲੰਧਰ।

# ਨਵੀਂ ਵਿਕਾਸ ਬੈਂਕ (ਐੱਨ ਡੀ ਬੀ)

ਬ੍ਰਿਕਸ ਵਿਕਾਸ ਬੈਂਕ ਜਾਂ ਨਵੀਂ ਵਿਕਾਸ ਬੈਂਕ (ਐੱਨ ਡੀ ਬੀ) ਇਕ ਬਹੁਪੱਖੀ ਵਿਕਾਸ ਬੈਂਕ ਹੈ ਜੋ ਵਿਸ਼ਵ ਦੇ ਪੰਜ ਸਭ ਤੋਂ ਉੱਭਰ ਰਹੇ ਦੇਸ਼ਾਂ, ਜਿਨ੍ਹਾਂ ਨੂੰ ਬ੍ਰਿਕਸ ਦੇਸ਼ (ਬ੍ਰਾਜ਼ੀਲ, ਰਸ਼ੀਆ, ਇੰਡੀਆ, ਚੀਨ ਅਤੇ ਦੱਖਣੀ ਅਫਰੀਕਾ) ਕਿਹਾ ਜਾਂਦਾ ਹੈ, ਵਲੋਂ ਸੰਚਾਲਿਤ ਕੀਤੀ ਜਾਵੇਗੀ। ਇਸ ਨਵੀਂ ਬੈਂਕ ਦੀ ਸਥਾਪਨਾ ਮੁੱਖ ਤੌਰ ਤੇ ਵਿਕਾਸਸ਼ੀਲ ਦੇਸ਼ਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਿੱਤ ਮੁਹੱਈਆ ਕਰਵਾਉਣ ਵਾਸਤੇ ਕੀਤੀ ਗਈ ਹੈ, ਜੋ ਇਨ੍ਹਾਂ ਦੇਸ਼ਾਂ ਦੀ ਵਿਸ਼ਵ ਅਰਥਚਾਰੇ ਵਿਚ ਵਿਸ਼ੇਸ਼ਤਾ ਨੂੰ ਦਰਸਾਉਂਦਾ ਹੈ। ਸ਼ੁਰੂਆਤ ਵਿਚ ਇਸ ਬੈਂਕ ਕੋਲ 50 ਬਿਲੀਅਨ ਅਮਰੀਕੀ ਡਾਲਰ ਦੀ ਪੂੰਜੀ ਹੋਵੇਗੀ ਜਿਸ ਨੂੰ ਪੰਜ ਦੇਸ਼ਾਂ ਦਰਮਿਆਨ ਬਰਾਬਰ ਵੰਡ ਦਿਤਾ ਜਾਵੇਗਾ। ਇਸ ਤਹਿਤ 10 ਮਿਲੀਅਨ ਡਾਲਰ ਨਗਦ ਸੱਤ ਸਾਲਾਂ ਦੌਰਾਨ ਲਗਾਏ ਜਾਣਗੇ ਅਤੇ ਬਾਕੀ 40 ਮਿਲੀਅਨ ਡਾਲਰ ਜ਼ਮਾਨੀਆਂ ਦੇ ਰੂਪ ਵਿਚ ਉਪਲਬਧ ਹੋਵੇਗਾ। ਇਨ੍ਹਾਂ ਦੇਸ਼ਾਂ ਵਲੋਂ ਅਚਨਚੇਤ ਭੰਡਾਰ ਪ੍ਰਬੰਧ (ਸੀ ਆਰ ਏ) ਦੀ ਸ਼ੁਰੂਆਤ ਦਾ ਵੀ ਐਲਾਨ ਕੀਤਾ ਗਿਆ ਜਿਸ ਨੂੰ 2013 ਵਿਚ ਮਨਜ਼ੂਰ ਕੀਤਾ ਗਿਆ ਸੀ। ਇਸ ਤਹਿਤ 100 ਬਿਲੀਅਨ ਡਾਲਰ ਦਾ ਵਿੱਤ ਪ੍ਰਾਪਤ ਹੋਵੇਗਾ ਜੋ ਵਿੱਤੀ ਸੰਕਟ ਦੇ ਸਮਿਆਂ ਵਿਚ ਸੁਰੱਖਿਆ ਜਾਲੀ ਦੀ ਭੂਮਿਕਾ ਨਿਭਾਏਗਾ। ਇਸ ਦਾ ਬ੍ਰਿਕਸ ਦੇਸ਼ਾਂ, ਜੋ ਥੋੜ੍ਹੇ ਸਮੇਂ ਦਾ ਵਿੱਤੀ ਸੰਕਟ ਜਾਂ ਭੁਗਤਾਨ ਦੇ ਸੰਤੁਲਨ ਜਿਹੀਆਂ ਸਮੱਸਿਆਵਾਂ ਨਾਲ ਜੂਝ ਰਹੇ ਹੋਣਗੇ, ਨੂੰ ਆਪਾਤਕਾਲੀ ਵਿੱਤ ਮੁਹੱਈਆ ਕਰਵਾਉਣ ਦਾ ਟੀਚਾ ਹੋਵੇਗਾ। ਬੈਂਕ ਦਾ ਮੁੱਖ ਦਫ਼ਤਰ ਸ਼ੰਘਾਈ (ਚੀਨ) ਵਿਚ ਹੋਵੇਗਾ ਅਤੇ ਇਹ ਬੈਂਕ 2016 ਵਿਚ ਕਰਜ਼ਾ ਦੇਣਾ ਸ਼ੁਰੂ ਕਰ ਦੇਵੇਗਾ। ਬਰਾਬਰੀ ਦਰਸਾਉਣ ਲਈ ਇਸ ਦੀ ਪ੍ਰਧਾਨਗੀ ਬਦਲਦੀ ਰਹੇਗੀ। ਭਾਰਤ ਪਹਿਲੇ ਛੇ ਸਾਲਾਂ ਲਈ ਇਸ ਦਾ ਪ੍ਰਧਾਨ ਹੋਵੇਗਾ, ਜਿਸ ਉਪਰੰਤ ਬ੍ਰਾਜ਼ੀਲ ਅਤੇ ਰੂਸ ਪੰਜ-ਪੰਜ ਸਾਲਾਂ ਲਈ ਪ੍ਰਧਾਨ ਹੋਣਗੇ। ਚੀਨ ਦੀ 2021 ਤਕ ਵਾਰੀ ਨਹੀਂ ਆਵੇਗੀ। ਨਿਰਦੇਸ਼ਕਾਂ ਦੀ ਪਰਿਸ਼ਦ ਦਾ ਉਦਘਾਟਨੀ ਮੁਖੀ ਬ੍ਰਾਜ਼ੀਲ ਤੋਂ ਹੋਵੇਗਾ ਅਤੇ ਗਵਰਨਰਾਂ ਦੀ ਪਰਿਸ਼ਦ ਦਾ ਸ਼ੁਰੂਆਤੀ ਮੁਖੀ ਰੂਸ ਤੋਂ ਹੋਵੇਗਾ। ਇਹ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਜਿਵੇਂ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਵਿੱਤੀ ਫ਼ੰਡ ਦੇ ਬਿਲਕੁਲ ਉਲਟ ਹੋਵੇਗਾ। ਜਿਥੇ ਆਮ ਤੌਰ ਤੇ ਅਮਰੀਕਾ ਜਾਂ ਯੂਰਪ ਦੇ ਮੈਂਬਰ ਇਸ ਦਾ ਮੁਖੀ ਹੁੰਦਾ ਹੈ। ਅਚਨਚੇਤ ਭੰਡਰ ਪ੍ਰਬੰਧ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਜਿਵੇਂ ਆਈ ਐੱਮ ਐਫ਼ ਦਾ ਬਦਲ ਹੋਵੇਗਾ ਜੋ ਬ੍ਰਿਕਸ ਦੇਸ਼ਾਂ ਅਤੇ ਦੂਜੇ ਗਰੀਬ ਅਰਥਚਾਰਿਆਂ ਨੂੰ ਭੁਗਤਾਨ ਦੇ ਸੰਤੁਲਨ ਦੀਆਂ ਸਮੱਸਿਆਵਾਂ ਸਮੇਂ ਸਰੋਤ ਮੁਹੱਈਆ ਕਰਵਾਏਗਾ। ਨਵੀਂ ਵਿਕਾਸ ਬੈਂਕ ਅਵਿਕਸਤ ਦੇਸ਼ਾਂ ਲਈ ਇਕ ਮੰਚ ਦੀ ਭੂਮਿਕਾ ਨਿਭਾਏਗਾ ਅਤੇ ਆਪਣਾ ਦਾਇਰਾ ਬ੍ਰਿਕਸ ਦੇਸ਼ਾਂ ਤੋਂ ਬਾਹਰ ਵੀ ਵਧਾਏਗਾ, ਜੋ ਵਰਤਮਾਨ ਅੰਤਰਰਾਸ਼ਟਰੀ ਵਿੱਤੀ ਪ੍ਰਣਾਲੀ ਦੇ ਦ੍ਰਿਸ਼ ਵਿਚ, ਵਿਸ਼ਵ ਬੈਂਕ ਦੀ ਚੌਧਰ ਨੂੰ ਇਕ ਗੰਭੀਰ ਚੁਨੌਤੀ ਪੇਸ਼ ਕਰੇਗੀ। ਬ੍ਰਿਕਸ ਦੇਸ਼ਾਂ ਦੇ ਨੇਤਾ ਬ੍ਰਿਕਸ ਵਟਾਂਦਰਾ ਗਠਜੋੜ ਦੀ ਸਥਾਪਨਾ ਬਾਰੇ ਵੀ ਵਿਚਾਰ ਕਰ ਰਹੇ ਹਨ ਤਾਂ ਕਿ ਵਾਲ ਸਟਰੀਟ ਦੇ ਦਬਦਬੇ ਵਾਲੇ ਅਪਾਰਦਰਸ਼ੀ ਵਿਉਤਬੰਦੀ ਤੱਤਾਂ ਨੂੰ ਚੁਨੌਤੀ ਦਿਤੀ ਜਾ ਸਕੇ। ਇਸ ਵਲੋਂ ਅੰਤਰ-ਮਹਾਂਦੀਪੀ ਵਟਾਂਦਰਾ (ਆਈ ਸੀ ਈ) ਦੀਆਂ ਸੱਟੇਬਾਜ਼ੀ ਵਾਲੀਆਂ ਸਰਗਰਮੀਆਂ ਨੂੰ ਚੁਨੌਤੀ ਦੇਣ ਲਈ ਊਰਜਾ ਗਠਜੋੜ ਬਣਾਉਣ ਬਾਰੇ ਵੀ ਸੋਚਿਆ ਜਾ ਰਿਹਾ ਹੈ। ਇਹ ਚਾਰ ਸਰੋਤ – ਨਵੀਂ ਵਿਕਾਸ ਬੈਂਕ, ਅਚਨਚੇਤ ਭੰਡਾਰ ਪ੍ਰਬੰਧ, ਬ੍ਰਿਕਸ ਵਟਾਂਦਰਾ ਗਠਜੋੜ ਅਤੇ ਬ੍ਰਿਕਸ ਊਰਜਾ ਗਠਜੋੜ – ਜਦੋਂ ਪੂਰੀ ਤਰ੍ਹਾਂ ਕੰਮ ਕਰਨਾ ਆਰੰਭ ਕਰ ਦੇਣਗੇ ਤਾਂ ਇਕ ਨਵਾਂ ਅੰਤਰਰਾਸ਼ਟਰੀ ਆਰਥਿਕ ਨਿਜ਼ਾਮ ਸਿਰਜਣ ਦੀ ਦਿਸ਼ਾ 'ਚ ਵੱਡਾ ਪਰਿਵਰਤਨ ਲਿਆਉਣ ਦੇ ਸਮਰੱਥ ਹੋਣਗੇ।

## ਨੈੱਟ ਨਿਰਪੱਖਤਾ

ਨੈੱਟ-ਨਿਰਪੱਖਤਾ ਸ਼ਬਦਾਂ ਦੀ ਕਾਢ ਕੋਲੰਬੀਆ ਦੇ ਕਾਨੂੰਨ ਦੇ ਪ੍ਰੋਫ਼ੈਸਨ ਟਿਮ ਵੂ ਵਲੋਂ ਕੀਤੀ ਗਈ। ਇਹ ਉਹ ਸਿਧਾਂਤ ਹੈ ਜਿਸ ਅਨੁਸਾਰ ਇੰਟਰਨੈੱਟ 'ਤੇ ਡੇਟਾ ਨੂੰ ਨਿਰਪੱਪਤਾ ਨਾਲ ਸਮੱਗਰੀ ਸਰੋਤ ਜਾਂ ਪਹੁੰਚ ਸਥਾਨ ਦੇ ਸੰਦਰਭ ਵਿਚ, ਇਧਰ-ਉਧਰ ਕਰਨ ਦੀ ਇਜਾਜ਼ਤ ਹੈ। ਕਿਉਂਕਿ ਇੰਟਰਨੈੱਟ ਦੀ ਵਰਤੋਂ ਬੋਲਣ ਦੀ ਆਜ਼ਾਦੀ ਆਰਥਾਤ ਲੋਕਤੰਤਰ ਦਾ ਇਕ ਬੁਨਿਆਦੀ ਅੰਗ ਹੈ, ਦੁਨੀਆਂ ਭਰ ਦੇ ਵੈੱਬ ਕਾਰਜਕਰਤਾ ਇਹ ਜ਼ੋਰ ਦਿੰਦੇ ਆ ਰਹੇ ਹਨ ਕਿ ਇੰਟਰਨੈੱਟ ਸਾਰਿਆਂ ਲਈ ਮੁਫ਼ਤ ਹੋਣਾ ਚਾਹੀਦਾ ਹੈ, ਜੋ ਮੁਕਾਬਲੇਬਾਜ਼ੀ ਅਤੇ ਨਵੀਨਤਾ ਲਿਆਉਣ ਲਈ ਇਕ ਖੁੱਲ੍ਹਾ ਮੰਚ ਹੋਵੇ। ਪਰ ਹੁਣ, ਇੰਟਰਨੈੱਟ ਪ੍ਰਦਾਤਾ (ਆਈ ਐੱਸ ਪੀਜ਼) ਦਲੀਲ ਦੇ ਰਹੇ ਹਨ, ਕਿਉਂਕਿ ਉਹ ਵਰਤੋਂਕਾਰ ਨੂੰ ਇਕ ਸੇਵਾ ਪ੍ਰਦਾਨ ਕਰ ਰਹੇ ਹਨ, ਇਸ ਕਰਕੇ ਉਨ੍ਹਾਂ ਨੂੰ ਫ਼ੈਸਲਾ ਕਰਨ ਦੀ ਛੋਟ ਹੋਵੇ ਕਿ ਉਹ ਸੇਵਾ ਕਿਸ ਤਰ੍ਹਾਂ ਦੇਣਗੇ ਅਤੇ ਇਸ ਸੇਵਾ ਬਦਲੇ ਵਰਤੋਂਕਾਰਾਂ ਤੋਂ ਪੈਸੇ ਵੀ ਵਸੂਲਣਗੇ। ਇਹ ਨੈੱਟ ਨਿਰਪੱਖਤਾ ਦੇ ਵਿਚਾਰ ਲਈ ਇਕ ਚੁਨੌਤੀ ਹੈ।

ਵਰਤਮਾਨ ਵਿਚ, ਇਹ ਇੰਟਰਨੈੱਟ ਸੇਵਾਵਾਂ ਪ੍ਰਦਾਤਾ ਜਾਂ ਸਮੱਗਰੀ ਪ੍ਰਦਾਨ ਕਰਨ ਵਾਲਿਆਂ ਨੂੰ ਸਮੱਗਰੀ ਮੁਤਾਬਕ ਵੱਖ-ਵੱਖ ਦਰਾਂ ਲਾਗੂ ਕਰਨ ਦੀ ਆਗਿਆ ਨਹੀਂ ਹੈ। ਵਰਤੋਂਕਾਰ ਕਿਸੇ ਵੀ ਵੈੱਬਸਾਈਟ ਲਈ ਇੰਟਰਨੈੱਟ ਦੀ ਵਰਤੋਂ ਕਰ ਸਕਦੇ ਹਨ, ਲੋੜ ਅਨੁਸਾਰ ਡੇਟਾ ਡਾਊਨਲੋਡ ਕਰ ਸਕਦੇ ਹਨ। ਇਹ ਖੁੱਲ੍ਹਾਪਨ ਹੀ ਬੀਤੇ ਸਾਲਾਂ ਵਿਚ ਇੰਟਰਨੈੱਟ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਬਾਜ਼ਾਰ ਦਾ ਕਾਰਨ ਹੈ। ਪਰ ਹੁਣ ਇਹ ਨੈੱਟਵਰਕ ਸੇਵਾਵਾਂ ਪ੍ਰਦਾਤਾ ਦਲੀਲ ਦੇ ਰਹੇ ਹਨ ਕਿ ਇਹ ਮੁਕਤ ਉੱਦਮ ਦਾ ਮੁੱਦਾ ਹੈ, ਇਸ ਕਰਕੇ ਉਹ ਹੁਣ ਹੋਰ ਨਿਰਪੱਖ ਨਹੀਂ ਰਹਿਣਾ

*ਬਾਕੀ ਸਫ਼ਾ 51 ਉੱਤੇ*

# ਸਿਹਤ ਪ੍ਰੋਗਰਾਮਾਂ ਨੂੰ ਲਾਗੂ ਕਰਨ ਸਮੇਂ ਦਿੱਕਤਾਂ

ਜਗਦੀਪ ਕੌਰ

ਪਿਛਲੇ ਲਗਭਗ 17 ਸਾਲ ਮੈਂ ਪੰਜਾਬ ਦੇ ਪੇਂਡੂ ਖੇਤਰ ਵਿਚ ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਦੇ ਅੰਗ ਵਜੋਂ ਸਰਗਰਮ ਸਿਹਤ ਕਾਮੇ ਦੇ ਤੌਰ ਤੇ ਵਿਚਰੀ ਹਾਂ। ਇਸ ਦੌਰਾਨ ਲੋਕਾਂ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਅਤੇ ਇਨ੍ਹਾਂ ਸਮੱਸਿਆਵਾਂ ਪ੍ਰਤਿ ਉਨ੍ਹਾਂ ਦੇ (ਲੋਕਾਂ ਦੇ) ਵਿਹਾਰ ਨੂੰ ਬੜਾ ਨੇੜੇ ਤੋਂ ਵੇਖਿਆ ਹੈ। ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਵਿਚ ਏ ਐੱਨ ਐੱਮ ਅਤੇ ਮੇਲ ਹੈਲਥ ਵਰਕਰ ਹੀ ਹਨ ਜਿਨ੍ਹਾਂ 'ਤੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵਲੋਂ ਬਣਾਏ ਜਾਂਦੇ ਸਿਹਤ (ਸੁਧਾਰ) ਸੰਬੰਧੀ ਪ੍ਰਜੈਕਟਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਪੈਂਦੀ ਹੈ। ਇਹ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਇਹ ਮੇਲ ਅਤੇ ਫੀਮੇਲ (ਖ਼ਾਸ ਕਰਕੇ ਫੀਮੇਲ) ਹੈਲਥ ਵਰਕਰ ਹੀ ਹਨ ਜਿਹੜੇ ਪਲਸ ਪੋਲੀਉ ਵਰਗੀਆਂ ਵੱਡੀਆਂ ਸਿਹਤ ਮੁਹਿੰਮਾਂ ਨੂੰ ਅਮਲੀ ਜਾਮਾ ਪਹਿਨਾਉਂਦੇ ਹਨ। ਇਸ ਤੋਂ ਇਲਾਵਾ, ਲੋਕਾਂ ਦੀ ਸਿਹਤ ਸੰਬੰਧੀ, ਸਿਹਤ ਵਿਭਾਗ ਵਲੋਂ ਕੀਤੇ ਜਾਣ ਵਾਲੇ ਵੱਖ-ਵੱਖ ਸਰਵੇਖਣ, ਗਰਭਵਤੀ ਔਰਤਾਂ ਦੀ ਦੇਖਰੇਖ (ਐਂਟੀ-ਨੇਟਲ ਅਤੇ ਪੋਸਟ-ਨੇਟਲ ਕੇਅਰ) ਅਲਗ-ਅਲਗ ਬੀਮਾਰੀਆਂ ਦੀ ਰੋਕਥਾਮ ਲਈ ਟੀਕਾਕਰਨ ਦੀ ਜ਼ਿੰਮੇਵਾਰੀ ਵੀ ਏ ਐੱਨ ਐੱਮ ਦੀ ਹੀ ਹੁੰਦੀ ਹੈ। ਸਮੁੱਚੇ ਰੂਪ ਵਿਚ ਬਹੁ-ਮੰਤਵੀ ਸਿਹਤ ਕਾਮੇ ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਦੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਾਲੇ ਹੁਨਰੀ ਕਾਮਿਆਂ ਦਾ ਮੋਹਰੀ ਦਸਤਾ ਹੈ।

ਇਨ੍ਹਾਂ ਕਾਮਿਆਂ ਦਾ ਹਿੱਸਾ ਹੁੰਦਿਆਂ ਮੈਂ ਆਮ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਨੂੰ ਬੜਾ ਨੇੜੇ ਤੋਂ ਵੇਖਿਆ ਹੈ। ਬਹੁਤੀ ਵਾਰ ਇਹ ਵੀ ਖ਼ਿਆਲ ਆਉਂਦਾ ਰਿਹਾ ਕਿ ਜੇ ਇਨ੍ਹਾਂ ਸਿਹਤ ਸਮੱਸਿਆਵਾਂ ਨੂੰ ਸਮਾਜ ਦੇ ਆਰਥਿਕ ਤੇ ਸਮਾਜਿਕ ਮਸਲਿਆਂ ਦੇ ਸੰਦਰਭ ਵਿਚ ਹੱਲ ਕੀਤਾ ਜਾਵੇ ਤਾਂ ਇਹ ਵਧੇਰੇ ਪਾਇਦਾਰ ਢੰਗ ਨਾਲ ਹੱਲ ਕੀਤੀਆਂ ਜਾ ਸਕਦੀਆਂ ਹਨ। ਇਥੇ ਇਹ ਵੀ ਧਿਆਨ ਦੇਣ ਯੋਗ ਪੱਖ ਹੈ ਕਿ ਪੰਜਾਬ ਦੀ ਸਥਾਨਕ ਆਬਾਦੀ ਵਿਚ ਬਹੁਤ ਸਾਰੀਆਂ ਛੂਤ ਦੀਆਂ ਬੀਮਾਰੀਆਂ ਲਗਭਗ ਖਤਮ ਹੋ ਚੁੱਕੀਆਂ ਹਨ ਪਰ ਪ੍ਰਵਾਸੀ ਆਬਾਦੀ ਨਾਲ ਉਹ ਇਥੇ ਮੁੜ ਪ੍ਰਵੇਸ਼ ਕਰ ਰਹੀਆਂ ਹਨ। ਪਲਸ ਪੋਲੀਉ ਅਤੇ ਹੋਰ ਜਨਤਕ ਸਿਹਤ ਮੁਹਿੰਮਾਂ ਦੌਰਾਨ ਪ੍ਰਵਾਸੀ ਆਬਾਦੀ ਨੂੰ ਕਵਰ ਕਰਨ 'ਤੇ ਕਾਫ਼ੀ ਜ਼ੋਰ ਦਿਤਾ ਜਾਂਦਾ ਹੈ। ਇਸ ਆਬਾਦੀ ਦੀਆਂ ਸਿਹਤ ਸਮੱਸਿਆਵਾਂ ਹਨ ਵੀ ਗੰਭੀਰ ਅਤੇ ਇਕ ਵੱਖਰੀ ਲਿਖਤ ਦੀ ਮੰਗ ਕਰਦੀਆਂ ਹਨ।

ਫਿਰ ਵੀ ਇਸ ਗੱਲ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਆਰਥਿਕ, ਸਿੱਖਿਆ ਅਤੇ ਸਮਾਜਿਕ ਜ਼ਿੰਦਗੀ ਦੇ ਇਕ ਖ਼ਾਸ ਪੱਧਰ ਤਕ ਸੁਧਾਰ ਤੋਂ ਬਿਨਾਂ ਸਮਾਜ ਦੀਆਂ ਸਿਹਤ ਸਮੱਸਿਆਵਾਂ ਵੀ ਸਹੀ ਢੰਗ ਨਾਲ ਹੱਲ ਨਹੀਂ ਕੀਤੀਆਂ ਜਾ ਸਕਦੀਆਂ। ਇਸ ਤਰ੍ਹਾਂ ਸਿਹਤ ਸਮੱਸਿਆ ਦਾ ਮਾਨਵੀ, ਵਿਦਿਅਕ, ਸਮਾਜਿਕ ਪਹਿਲੂ ਲਗਭਗ ਸਾਂਝਾ ਹੈ। ਉਦਾਹਰਣ ਵਜੋਂ, ਗਰਭਵਤੀ ਔਰਤਾਂ ਦੀ ਦੇਖਰੇਖ ਕਰਦਿਆਂ ਅਸੀਂ ਖ਼ੂਨ ਦੀ ਕਮੀ ਦਾ ਸਾਹਮਣਾ ਆਮ ਕਰਦੇ ਹਾਂ। ਇਸ ਨੂੰ ਵੇਖਦਿਆਂ ਅਸੀਂ ਇਨ੍ਹਾਂ ਔਰਤਾਂ ਨੂੰ ਜਿਥੇ ਸਿਹਤ ਵਿਭਾਗ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਆਇਰਨ ਅਤੇ ਫੋਲਿਕ ਐਸਿਡ ਦੀਆਂ ਗੋਲੀਆਂ ਖਾਣ ਲਈ ਦਿੰਦੇ ਹਾਂ ਉਥੇ ਆਇਰਨ ਸਬਜ਼ੀਆਂ, ਫਲ ਅਤੇ ਹੋਰ ਖੁਰਾਕ ਖਾਣ ਦੀ ਸਲਾਹ ਵੀ ਦਿੰਦੇ ਹਾਂ। ਪਰ ਸਾਡੀ ਇਹ ਸਲਾਹ ਸਮਾਜ ਦੇ ਗਰੀਬ ਵਰਗਾਂ ਲਈ ਰਸਮੀ ਹੀ ਹੁੰਦੀ ਹੈ ਕਿਉਂਕਿ ਉਨ੍ਹਾਂ ਦੇ ਆਰਥਿਕ ਹਾਲਾਤ ਦੇ ਮੱਦੇਨਜ਼ਰ ਇਹ ਗੱਲ ਸਾਨੂੰ ਪਹਿਲਾਂ ਹੀ ਪਤਾ ਹੁੰਦੀ ਹੈ ਕਿ ਅਜਿਹੀ ਖੁਰਾਕ ਹਾਸਲ ਕਰਨਾ ਇਨ੍ਹਾਂ ਲੋਕਾਂ ਦੇ ਵੱਸ ਦੀ ਗੱਲ ਨਹੀਂ। ਇਸ ਤੱਥ ਦੇ ਬਾਵਜੂਦ, ਅਸੀਂ ਆਪਣੀਆਂ ਨੇਕ ਸਲਾਹਾਂ ਦੀ ਰਸਮ ਪੂਰੀ ਕਰਦੇ ਰਹਿੰਦੇ ਹਾਂ। ਇਹ ਤੱਥ ਵੀ ਧਿਆਨ ਵਿਚ ਰੱਖਣ ਵਾਲਾ ਹੈ ਕਿ ਸਿਹਤ ਵਿਭਾਗ ਕੋਲ ਦੇਖਰੇਖ ਅਤੇ ਇਲਾਜ ਲਈ ਆਮ ਤੌਰ ਤੇ ਗਰੀਬ ਅਤੇ ਹੇਠਲਾ ਮੱਧ ਵਰਗ ਹੀ ਪਹੁੰਚ ਕਰਦਾ ਹੈ। ਉੱਚ ਵਰਗ ਅਤੇ ਅਮੀਰ ਵਰਗਾਂ ਦੇ ਲੋਕ ਆਮ ਤੌਰ ਤੇ ਮਹਿੰਗੇ ਨਿੱਜੀ ਹਸਪਤਾਲਾਂ ਨੂੰ ਪਹਿਲ ਦਿੰਦੇ ਹਨ। ਇਸ ਦ੍ਰਿਸ਼ਟੀ ਤੋਂ ਸਰਕਾਰੀ ਅਤੇ ਜਨਤਕ ਸਿਹਤ ਸੇਵਾਵਾਂ ਦੀ ਮਹੱਤਤਾ ਅਸਲ ਵਿਚ ਪੇਂਡੂ ਅਤੇ ਸ਼ਹਿਰੀ ਗਰੀਬਾਂ ਅਤੇ ਪ੍ਰਵਾਸੀ ਆਬਾਦੀ ਵਾਸਤੇ ਹੀ ਹੈ।

ਜਿਵੇਂ ਪਹਿਲਾਂ ਵਿਚਾਰਿਆ ਗਿਆ ਹੈ ਕਿ ਸਮੁੱਚੀਆਂ ਸਿਹਤ ਸੇਵਾਵਾਂ ਨੂੰ ਸਹੀ ਰੂਪ ਵਿਚ ਲਾਗੂ ਕਰਨ ਲਈ ਸਮਾਜ ਦੀ ਆਰਥਿਕਤਾ, ਸਭਿਆਚਾਰਕ ਸੋਝੀ ਅਤੇ ਵਿੱਦਿਆ ਦਾ ਇਕ ਔਸਤਨ ਪੱਧਰ ਹਾਸਲ ਕਰਨਾ ਬਹੁਤ ਜ਼ਰੂਰੀ ਹੈ। ਇਸ ਦੀ ਅਣਹੋਂਦ ਵਿਚ ਸਰਕਾਰੀ ਸਿਹਤ ਪ੍ਰਜੈਕਟ ਸਹੀ ਤਰ੍ਹਾਂ ਲਾਗੂ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਪੱਖਾਂ ਦੀ ਅਣਹੋਂਦ ਵਿਚ ਨਾ ਤਾਂ ਮਨੁੱਖੀ ਆਬਾਦੀ ਆਪਣੀ ਸਰੀਰਕ ਸਿਹਤ ਨੂੰ ਕਾਇਮ ਰੱਖਣ ਦੇ ਕਾਬਲ ਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਕੋਲ ਆਪਣੇ ਮਾਨਸਿਕ ਵਿਕਾਸ ਲਈ ਲੋੜੀਂਦੀ ਵਿਦਿਅਕ/ਸਭਿਆਚਾਰਕ ਸੋਝੀ ਹੁੰਦੀ ਹੈ।

ਧਿਆਨ ਦੇਣ ਵਾਲਾ ਪੱਖ ਇਹ ਹੈ ਕਿ ਵਿਦਿਅਕ ਅਤੇ ਸਮਾਜਿਕ/ਸਭਿਆਚਾਰਕ ਪਛੜੇਵਾਂ ਵੀ ਸਿਹਤ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੇ ਰਾਹ ਵਿਚ ਉਨੀ ਹੀ ਵੱਡੀ ਰੁਕਾਵਟ ਬਣਦਾ ਹੈ ਜਿੰਨੀ ਵੱਡੀ ਰੁਕਾਵਟ ਆਰਥਿਕ ਸਾਧਨਾਂ ਦਾ ਨਾ ਹੋਣਾ ਹੈ। ਲਗਾਤਾਰ ਵਧਦੀ ਮਹਿੰਗਾਈ

ਕਾਰਨ ਇਹ ਕਾਰਜ ਹੋਰ ਔਖੇ ਹੁੰਦੇ ਜਾ ਰਹੇ ਹਨ।

ਉਪਰੋਕਤ ਸੰਦਰਭ ਵਿਚ ਕੁਝ ਘਟਨਾਵਾਂ ਦਾ ਜ਼ਿਕਰ ਕਰਨਾ ਵਾਜਬ ਹੈ। ਜਦੋਂ ਅਸੀਂ ਉੱਚ ਮੱਧਵਰਗੀ ਅਤੇ ਅਮੀਰ ਘਰਾਂ ਵਿਚ ਪਰਿਵਾਰ ਨਿਯੋਜਨ ਜਾਂ ਹੋਰ ਪ੍ਰੋਗਰਾਮਾਂ ਦੀ ਜਾਣਕਾਰੀ ਦੇਣ ਲਈ ਜਾਂਦੇ ਹਾਂ ਤਾਂ ਉਹ ਲੋਕ ਅਜਿਹੀ ਜਾਣਕਾਰੀ ਨੂੰ ਫਜ਼ੂਲ ਸਮਝਦੇ ਹਨ ਅਤੇ ਕਈ ਵਾਰ ਤਾਂ ਦਰਵਾਜ਼ਾ ਖੋਲ੍ਹਣਾ ਵੀ ਮੁਨਾਸਬ ਨਹੀਂ ਸਮਝਦੇ। ਇਸ ਦੇ ਉਲਟ ਜਦੋਂ ਗਰੀਬ ਘਰਾਂ ਜਾਂ ਪ੍ਰਵਾਸੀ ਆਬਾਦੀ ਵਿਚ ਜਾਂਦੇ ਹਾਂ ਤਾਂ ਬਹੁਤੀ ਵਾਰ ਉਹ ਆਪਣੀ ਸੀਮਤ ਵਿੱਦਿਅਕ ਸੋਝੀ ਕਾਰਨ ਇਨ੍ਹਾਂ ਪ੍ਰੋਗਰਾਮਾਂ ਨੂੰ ਅਪਣਾਉਣ ਤੋਂ ਆਨਾਕਾਨੀ ਕਰਦੇ ਹਨ ਜਾਂ ਉਨ੍ਹਾਂ ਦੀ ਆਰਥਿਕ-ਸਮਾਜਿਕ ਹਾਲਤ ਇਨ੍ਹਾਂ ਦੇ ਰਾਹ ਵਿਚ ਰੁਕਾਵਟ ਬਣ ਜਾਂਦੀ ਹੈ। ਆਮ ਤੌਰ ਤੇ ਵੇਖਿਆ ਗਿਆ ਹੈ ਕਿ ਪੜ੍ਹੇ-ਲਿਖੇ ਅਤੇ ਅਮੀਰ ਮੁਸਲਮਾਨਾਂ ਦੇ ਮੁਕਾਬਲੇ ਗਰੀਬ ਅਤੇ ਅਨਪੜ੍ਹ ਮੁਸਲਮਾਨ ਆਬਾਦੀ ਪਰਿਵਾਰ ਨਿਯੋਜਨ ਸਾਧਨਾਂ ਨੂੰ ਅਪਣਾਉਣ ਵਿਚ ਜ਼ਿਆਦਾ ਝਿਜਕ ਦਿਖਾਉਂਦੀ ਹੈ।

ਇੰਜ ਵੇਖਦੇ ਹਾਂ ਕਿ ਕੇਂਦਰ ਸਰਕਾਰ, ਰਾਜ ਸਰਕਾਰ ਅਤੇ ਵਿਸ਼ਵ ਬੈਂਕ ਵਲੋਂ ਸਪਾਂਸਰ ਸਿਹਤ ਪ੍ਰੋਗਰਾਮਾਂ/ਪ੍ਰਾਜੈਕਟਾਂ ਨੂੰ ਅਪਣਾਉਣ ਜਾਂ ਨਾਕਾਰਨ ਦੇ ਮਾਮਲੇ ਵਿਚ ਆਬਾਦੀ ਦੇ ਵੱਖ-ਵੱਖ ਹਿੱਸੇ ਵੱਖੋ-ਵੱਖਰੇ ਪ੍ਰਤਿਕਰਮ ਪ੍ਰਗਟ ਕਰਦੇ ਹਨ। ਇਨ੍ਹਾਂ ਪ੍ਰਤਿਕਰਮਾਂ ਨੂੰ ਬਾਰੀਕੀ ਨਾਲ ਸਮਝ ਕੇ ਹੀ ਸਾਨੂੰ ਆਪਣੇ ਭਵਿੱਖ ਦੇ ਪ੍ਰੋਗਰਾਮ/ਪ੍ਰਾਜੈਕਟ ਉਲੀਕਣੇ ਚਾਹੀਦੇ ਹਨ। ਅਸੀਂ ਆਪਣੇ ਵੱਖ-ਵੱਖ ਪ੍ਰੋਗਰਾਮਾਂ/ਪ੍ਰਾਜੈਕਟਾਂ ਦੀ ਪਹੁੰਚ ਆਬਾਦੀ ਦੇ ਕਿਸ ਗਰੁਪ ਤਕ ਕਰਨੀ ਹੈ ਅਤੇ ਸਾਡਾ ਟੀਚਾ ਸਮਾਜਿਕ ਗਰੁਪ ਕਿਹੜਾ ਹੈ, ਇਸ ਪਾਸੇ ਵੱਲ ਕਾਫ਼ੀ ਧਿਆਨ ਦਿਤੇ ਜਾਣ ਦੀ ਲੋੜ ਹੈ। ਸਮਾਜਿਕ ਆਰਥਿਕ ਅਤੇ ਵਿੱਦਿਅਕ ਤੌਰ ਤੇ ਸਮਾਜ ਵਿਚ ਵੱਖ-ਵੱਖ ਪੱਧਰ 'ਤੇ ਵਿਚਰਨ ਵਾਲੇ ਲੋਕਾਂ ਵਿਚ ਤੁਸੀਂ ਇਕਸਾਰ ਪ੍ਰੋਗਰਾਮ ਤਿਆਰ ਕਰਕੇ ਉਨ੍ਹਾਂ ਨੂੰ ਹੂ-ਬ-ਹੂ ਸਫਲਤਾ ਨਾਲ ਲਾਗੂ ਨਹੀਂ ਕਰ ਸਕਦੇ। ਮਸਲਨ, ਪਰਿਵਾਰ ਨਿਯੋਜਨ ਦੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਲੋੜ ਗਰੀਬ ਤਬਕਿਆਂ ਵਿਚ ਵਧੇਰੇ ਹੈ। ਪਰ ਇਨ੍ਹਾਂ ਨੂੰ ਅਪਣਾਉਣ ਅਤੇ ਸਮਝਣ ਦੀ ਵਿੱਦਿਅਕ ਯੋਗਤਾ ਵੀ ਉਨ੍ਹਾਂ ਦੇ ਕੋਲ ਹੋਣੀ ਚਾਹੀਦੀ ਹੈ। ਪਰ ਇਸ ਦੇ ਉਲਟ ਉੱਚ ਮੱਧ ਵਰਗੀ ਅਤੇ ਅਮੀਰ ਲੋਕਾਂ ਲਈ ਇਨ੍ਹਾਂ ਪ੍ਰੋਗਰਾਮਾਂ ਦੀ ਕੋਈ ਮਹੱਤਤਾ ਨਹੀਂ ਹੁੰਦੀ। ਉਹ ਇਨ੍ਹਾਂ ਬਾਰੇ ਪਹਿਲਾਂ ਹੀ ਸੁਚੇਤ ਹੁੰਦੇ ਹਨ।

ਇਸ ਲਈ ਵਿਦਿਅਕ, ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਧਾਰਮਿਕ ਦ੍ਰਿਸ਼ਟੀ ਤੋਂ ਆਬਾਦੀ ਦੇ ਵੱਖ-ਵੱਖ ਤਬਕਿਆਂ ਨੂੰ ਧਿਆਨ ਵਿਚ ਰੱਖ ਕੇ ਵੱਖੋ-ਵੱਖਰੇ ਅਤੇ ਵਿਸ਼ੇਸ਼ ਸਿਹਤ ਭਲਾਈ ਪੋਗਰਾਮ ਵੀ ਤਿਆਰ ਕੀਤੇ ਜਾ ਸਕਦੇ ਹਨ। ਵੱਖ-ਵੱਖ ਪ੍ਰੋਗਰਾਮਾਂ ਸੰਬੰਧੀ ਪ੍ਰਚਾਰ ਸਮੱਗਰੀ ਤਿਆਰ ਕਰਦਿਆਂ ਇਨ੍ਹਾਂ ਪੱਖਾਂ ਨੂੰ ਖ਼ਾਸ ਤੌਰ ਤੇ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਅਜਿਹੀ ਨੀਤੀ ਨਾ ਸਿਰਫ਼ ਸਮੂਹਿਕ ਆਬਾਦੀ ਤਕ ਸਾਡੇ ਸਿਹਤ ਪ੍ਰੋਗਰਾਮਾਂ ਦੀ ਪਹੁੰਚ ਨੂੰ ਸਾਰਥਿਕ ਬਣਾਏਗੀ, ਸਗੋਂ ਇਸ ਨਾਲ ਆਬਾਦੀ ਦੇ ਲੋੜਵੰਦ ਤਬਕਿਆਂ ਤਕ ਪਹੁੰਚ ਕਰਨੀ ਵੀ ਆਸਾਨ ਹੋ ਜਾਵੇਗੀ। ਇਸ ਦੇ ਨਾਲ-ਨਾਲ ਸਾਨੂੰ ਆਪਣੇ ਸਮਾਜ ਦੇ ਔਸਤ ਆਰਥਿਕ, ਵਿਦਿਅਕ ਅਤੇ ਸਭਿਆਚਾਰਕ ਪੱਧਰ ਨੂੰ ਉੱਚਾ ਚੁੱਕਣਾ ਹੋਵੇਗਾ।

*(ਲੇਖਿਕਾ ਸਿਹਤ ਵਿਭਾਗ, ਪੰਜਾਬ ਨਾਲ ਸੰਬੰਧਿਤ ਹੈ।)*

*e-mail :jsheeri2008@gmail.com*

**ਵਿਚਾਰ**

- ਸਿਹਤ ਸਭ ਤੋਂ ਵੱਡੀ ਸੰਪਤੀ ਹੈ। *(ਐਮਰਸਨ)*
- ਸਰੀਰ ਨੂੰ ਦੁਰਬਲ ਤੇ ਬੀਮਾਰ ਰੱਖਣ ਤੋਂ ਵੱਧ ਹੋਰ ਕੋਈ ਪਾਪ ਨਹੀਂ ਹੈ। *(ਲੋਕਮਾਨਿਆ ਤਿਲਕ)*
- ਸਿਹਤ ਹੀ ਸਾਡੀ ਅਸਲੀ ਤੇ ਸੱਚੀ ਮਿੱਤਰ ਹੈ। *(ਅਨਾਮੀ)*
- ਦੇਹ ਅਰੋਗਤਾ ਈਸ਼ਵਰ ਵਲੋਂ ਮਿਲਿਆ ਵਰਦਾਨ ਹੈ। *(ਕਹਾਵਤ)*
- ਸਿਹਤ ਬਗ਼ੈਰ ਮਨੁੱਖ ਵਿਅਰਥ ਹੀ ਹੈ। *(ਕਹਾਵਤ)*
- ਸਿਹਤ ਦੀ ਸੰਭਾਲ ਸਾਨੂੰ ਆਪ ਕਰਨੀ ਚਾਹੀਦੀ ਹੈ। *(ਕਹਾਵਤ)*
- ਇਲਾਜ ਕਰਨ ਵਾਲੇ ਮਨ ਦੀ ਅਰੋਗਤਾ ਦਾ ਇਲਾਜ ਕੀਤੇ ਬਿਨਾਂ ਸਰੀਰ ਨੂੰ ਸਵਸਥ ਕਰਨ ਦਾ ਜਤਨ ਕਰਦੇ ਹਨ ਜਦੋਂ ਕਿ ਮਨ ਤੇ ਸਰੀਰ ਇੱਕੋ ਹੀ ਹਨ। *(ਅਫਲਾਤੂਨ)*
- ਹਸਮੁੱਖ ਚਿਹਰਾ ਰੋਗੀ ਲਈ ਓਨਾ ਹੀ ਚੰਗਾ ਹੈ ਜਿੰਨੀ ਸਵਸਥ ਹੋਣ ਦੀ ਕਾਮਨਾ। (ਫਰੈਂਕਲਿਨ)
- ਰੁੱਖ ਆਪਣੇ ਸਿਰ ਉਤੇ ਗਰਮੀ ਸਹਾਰ ਲੈਂਦਾ ਹੈ, ਪਰੰਤੂ ਆਪਣੀ ਛਾਂ ਰਾਹੀਂ ਹੋਰਨਾਂ ਨੂੰ ਗਰਮੀ ਤੋਂ ਬਚਾਉਂਦਾ ਹੈ।
- ਫੁੱਲ ਲੱਗਣ 'ਤੇ ਰੁੱਖ ਝੁਕ ਜਾਂਦੇ ਹਨ। ਧਨਵਾਨ ਹੋ ਜਾਣ ਨਾਲ ਸੱਜਣ ਪੁਰਖ ਵੀ ਨਰਮ ਦਿਲ ਬਣੇ ਰਹਿੰਦੇ ਹਨ। (ਕਾਲੀ ਦਾਸ)

***ਸਫ਼ਾ 49 ਦੀ ਬਾਕੀ***

ਚਾਹੁੰਦੇ। ਇਸ ਦਾ ਮਤਲਬ ਹੁਣ ਇਕ ਨੈੱਟਵਰਕ ਸੇਵਾਵਾਂ ਪ੍ਰਦਾਤਾ ਉਨ੍ਹਾਂ ਗਾਹਕਾਂ ਨੂੰ ਹੀ ਤਰਜੀਹ ਦੇਵੇਗਾ ਜੋ ਇੰਟਰਨੈੱਟ ਦੀ ਵਰਤੋਂ ਲਈ ਜ਼ਿਆਦਾ ਪੈਸੇ ਖਰਚਣ ਵਾਸਤੇ ਤਿਆਰ ਹਨ।

ਪਰ, ਨੈੱਟ-ਨਿਰਪੱਖਤਾ ਦੇ ਵਿਚਾਰ ਦੀ ਦੁਨੀਆਂ ਭਰ ਵਿਚ ਵੱਡੀ ਸਵੀਕ੍ਰਿਤੀ ਹੈ ਅਤੇ ਬਹੁਤ ਸਾਰੇ ਦੇਸ਼ਾਂ ਵਲੋਂ ਇਸ ਬਾਰੇ ਕਾਨੂੰਨ ਵੀ ਬਣਾਏ ਗਏ ਹਨ। ਉਦਾਹਰਣ ਲਈ, ਚਿੱਲੀ ਇਹ ਕਾਨੂੰਨ ਬਣਾਉਣ ਵਾਲਾ ਪਹਿਲਾ ਦੇਸ਼ ਹੈ ਜੋ ਨੈੱਟਵਰਕ ਸੇਵਾਵਾਂ ਪ੍ਰਦਾਤਾ ਨੂੰ ਵਿਤਕਰੇਬਾਜ਼ੀ ਕਰਨ, ਕਿਸੇ ਵੀ ਵਰਤੋਂਕਾਰ ਵਲੋਂ ਇੰਟਰਨੈੱਟ 'ਤੇ ਸਮੱਗਰੀ ਭੇਜਣ, ਪ੍ਰਾਪਤ ਕਰਨ, ਸਮੱਗਰੀ ਸਾਂਝੀ ਕਰਨ 'ਤੇ ਪਾਬੰਦੀ ਲਾਉਣ ਜਾਂ ਰੁਕਾਵਟ ਪੈਦਾ ਕਰਨ ਤੋਂ ਰੋਕਦਾ ਹੈ। ਡੈਨਮਾਰਕ ਵਿਚ ਇਕ ਕਾਨੂੰਨ ਮੌਜੂਦ ਹੈ ਜੋ ਨੈੱਟਵਰਕ ਸੇਵਾਵਾਂ ਪ੍ਰਦਾਤਾ ਨੂੰ ਵਰਤੋਂਕਾਰਾਂ ਕੋਲੋਂ ਪੈਸੇ ਲੈਣ, ਵੈੱਬਸਾਈਟ ਵਿਚ ਰੁਕਾਵਟ ਪੈਦਾ ਕਰਨ ਜਾਂ ਧੀਮੇ ਕਰਨ 'ਤੇ ਪਾਬੰਦੀ ਲਾਉਂਦਾ ਹੈ। ਇਸ ਦੇ ਨਾਲ ਹੀ, ਨੈੱਟਵਰਕ ਸੇਵਾਵਾਂ ਪ੍ਰਦਾਤਾ ਵਲੋਂ ਡੇਟਾ ਦੀ ਸੁਰੱਖਿਆ ਲਈ ਵਰਤੋਂਕਾਰ ਦੇ ਕੰਪਿਊਟਰ 'ਤੇ ਕੁਕੀਜ਼ ਸਥਾਪਤ ਕਰਨ ਤੋਂ ਪਹਿਲਾਂ ਵਰਤੋਂਕਾਰ ਦੀ ਸਹਿਮਤੀ ਲੈਣਾ ਜ਼ਰੂਰੀ ਹੈ। ਵਰਤਮਾਨ ਸਮੇਂ, ਭਾਰਤ ਵਿਚ ਨਿਰਪੱਖਤਾ ਲਾਗੂ ਕਰਨ ਲਈ ਕੋਈ ਕਾਨੂੰਨ ਨਹੀਂ। ਭਾਵੇਂ, ਟੀ ਆਰ ਏ ਆਈ ਏਕੀਕ੍ਰਿਤ ਦਾਖਲਾ ਸੇਵਾਵਾਂ ਦਾ ਲਾਇਸੰਸ ਦੇਣ ਸਮੇਂ ਆਪਣੇ ਦਿਸ਼ਾ-ਨਿਰਦੇਸ਼ ਵਿਚ ਗ਼ੈਰ-ਵਿਤਕਰੇਬਾਜ਼ੀ ਦੇ ਸਿਧਾਂਤ ਦੀ ਹਾਮੀ ਭਰਦੀ ਹੈ, ਪਰ ਇਸ ਨੂੰ ਸਖਤੀ ਨਾਲ ਲਾਗੂ ਕਰਨ ਦਾ ਕੋਈ ਪ੍ਰਬੰਧ ਨਹੀਂ ਹੈ। ਸੂਚਨਾ ਦੇ ਅਧਿਕਾਰ ਵਿਚ ਨੈੱਟ-ਨਿਰਪੱਖਤਾ ਦੀ ਸੁਰੱਖਿਆ ਬਾਰੇ ਕੋਈ ਪ੍ਰਬੰਧ ਨਹੀਂ ਹੈ ਜਿਸ ਦੀ ਕਿਸੇ ਨੈੱਟਵਰਕ ਸੇਵਾਵਾਂ ਪ੍ਰਦਾਤਾ ਵਲੋਂ ਵਪਾਰਕ ਜਾਂ ਦੂਜੇ ਕਾਰਨਾਂ ਕਰਕੇ ਉਲੰਘਣਾ ਕੀਤੀ ਜਾ ਸਕਦੀ ਹੈ। ❑❑

# ਪੁਸਤਕ ਪੜਚੋਲ

**ਪੁਸਤਕ : ਕਾਫ਼ਲਾ ਹਰਫ਼ਾਂ ਦਾ**
**(ਕਵਿਤਾ ਸੰਗ੍ਰਹਿ)**
**ਲੇਖਕ : ਬਲਵੰਤ ਸਿੰਘ ਸਨੇਹੀ**
**ਪ੍ਰਕਾਸ਼ਕ: ਬ੍ਰਹਮਾਨੰਦ ਮੈਮੋਰੀਅਲ ਟਰੱਸਟ, ਰੂਪਨਗਰ, ਪੰਜਾਬ।**
**ਪੰਨੇ : 112, ਮੁੱਲ : 150 ਰੁਪਏ**

'ਕਾਫ਼ਲਾ ਹਰਫ਼ਾਂ' ਦਾ ਬਲਵੰਤ ਸਿੰਘ ਸਨੇਹੀ ਦਾ ਪਹਿਲਾ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੀਆਂ ਕਵਿਤਾਵਾਂ, ਕਹਾਣੀਆਂ ਤੇ ਗ਼ਜ਼ਲਾਂ ਵੱਖ-ਵੱਖ ਰਸਾਲਿਆਂ ਵਿਚ ਛਪ ਚੁੱਕੀਆਂ ਹਨ। ਸਨੇਹੀ ਨੂੰ ਹਰਫ਼ਾਂ ਦੇ ਕਾਫ਼ਲੇ ਬੱਝਣ ਦਾ ਹੁਨਰ ਉਨ੍ਹਾਂ ਦੇ ਪਿਤਾ ਤੋਂ ਵਿਰਾਸਤ ਵਿਚ ਮਿਲਿਆ ਹੈ ਜੋ ਖੁਦ ਕਵੀ ਸਨ। ਕਵੀ ਮਨ ਬਚਪਨ ਤੋਂ ਜੋ ਸੋਚਦਾ, ਵੇਖਦਾ, ਸਮਝਦਾ, ਮਹਿਸੂਸਦਾ ਤੇ ਲੋਚਦਾ ਹੈ, ਉਹੀ ਉਹ ਕਾਗ਼ਜ਼ 'ਤੇ ਇਕ ਲੈਅ ਵਿਚ ਉਕੇਰ ਦਿੰਦਾ ਹੈ ਤਾਂ ਕਵਿਤਾ ਦਾ ਜਨਮ ਹੋ ਜਾਂਦਾ ਹੈ। ਖੁਸ਼ੀ, ਗ਼ਮ, ਆਸ਼ਾ, ਨਿਰਾਸ਼ਾ, ਬਿਰਹਾ, ਇਕੱਲਤਾ, ਜ਼ਰੂਰਤ, ਜਜ਼ਬਾ ਤੇ ਕਲਪਨਾ ਆਦਿ ਕਵੀ ਨੂੰ ਕਵਿਤਾ ਲਿਖਣ ਵਾਲੇ ਪਾਸੇ ਜ਼ਿਆਦਾ ਪ੍ਰੇਰਦੇ ਹਨ।

ਪਿਛਲੇਰੀ ਉਮਰ ਵਿਚ ਲਿਖਿਆ ਇਹ ਕਾਵਿ ਸੰਗ੍ਰਹਿ ਕਵੀ ਦੀ ਸਾਰੀ ਉਮਰ ਦੇ ਅਨੁਭਵਾਂ ਦਾ ਨਿਚੋੜ ਹੈ। ਜ਼ਿੰਦਗੀ ਦੇ ਹਰ ਪਹਿਲੂ ਨੂੰ ਕਵੀ ਨੇ ਬੜੇ ਹੀ ਕਲਾਤਮਕ ਅੰਦਾਜ਼ ਵਿਚ ਪੇਸ਼ ਕੀਤਾ ਹੈ। ਵਰਤਮਾਨ ਸਮੇਂ ਦਾ ਸ਼ਾਇਦ ਹੀ ਕੋਈ ਅਜਿਹਾ ਪਹਿਲੂ ਹੋਵੇਗਾ ਜੋ ਕਵੀ ਦੀ ਕਲਪਨਾ ਤੋਂ ਵਾਂਝਾ ਰਹਿ ਗਿਆ ਹੋਵੇ। ਸਨੇਹੀ ਨੇ ਭੂਤ, ਭਵਿੱਖ ਤੇ ਵਰਤਮਾਨ, ਅਧਿਆਤਮ, ਮਾਨਵਤਾਵਾਦੀ ਤੇ ਸਮਾਜਵਾਦੀ ਪੱਖ ਨੂੰ ਆਪਣੀਆਂ ਕਵਿਤਾਵਾਂ ਵਿਚ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਮਾਂ ਬੋਲੀ 'ਤੇ ਕਵੀ ਦੀ ਬੜੀ ਡੂੰਘੀ ਪਕੜ ਹੈ। ਕਵੀ ਨੇ ਅੱਜ ਸੁਲਗਦੇ ਹੋਏ ਹਰ ਮੁੱਦੇ ਨੂੰ ਹਰਫ਼ਾਂ ਦਾ ਜਾਮਾ ਪੁਆਇਆ ਹੈ।

ਦੇਸ਼ ਦੀ ਵੰਡ, ਰਾਜਨੀਤੀ, ਔਰਤਾਂ ਦੀ ਬੇਪਤੀ, ਨਸ਼ੇ ਦੀ ਅੰਨ੍ਹੀ ਵਰਤੋਂ, ਅਨਪੜ੍ਹਤਾ, ਭਰੂਣ ਹੱਤਿਆ, ਬਾਲ ਵਿਆਹ, ਰਿਸ਼ਤਿਆਂ ਦੀ ਮਹੱਤਤਾ, ਵਿਆਹਾਂ 'ਤੇ ਫ਼ਜ਼ੂਲ ਖਰਚੀ, ਕਮਜ਼ੋਰ ਆਰਥਿਕਤਾ, ਗਰੀਬੀ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ 'ਤੇ ਆਪਣੀ ਕਲਮ ਰਾਹੀਂ ਹਰਫ਼ਾਂ ਨੂੰ ਲੈਅਬੱਧ ਕੀਤਾ ਹੈ ਜੋ ਕਿ ਇਕ ਸ਼ਲਾਘਾਯੋਗ ਕਾਰਜ ਹੈ। ਮਾਂ, ਭੈਣ, ਭਰਾ, ਪਿਉ, ਪੁੱਤਰ, ਚਾਚੀ, ਤਾਈ, ਭੂਆ, ਨੂੰਹ-ਸੱਸ, ਨਣਾਨ-ਭਜਾਈ, ਗੁਆਂਢੀ ਤਕ ਹਰ ਰਿਸ਼ਤੇ ਨੂੰ ਬੜੇ ਹੀ ਕਲਾਤਮਕ ਢੰਗ ਨਾਲ ਹਰਫ਼ਬੱਧ ਕੀਤਾ ਹੈ। ਰੱਬ, ਪੰਛੀ, ਬੱਚੇ, ਤੀਜ ਤਿਓਹਾਰ, ਮੌਸਮ, ਖੇਤ, ਰੁੱਖ, ਪ੍ਰੇਮ, ਬ੍ਰਿਹਾ ਤਕ ਨੂੰ ਕਾਵਿ ਜਾਮਾ ਪਹਿਨਾਇਆ ਗਿਆ ਹੈ। ਮਾਂ ਬੋਲੀ ਪੰਜਾਬੀ ਨੂੰ ਕਵੀ ਨੇ ਇੰਜ ਮਾਣ ਬਖ਼ਸ਼ਿਆ ਹੈ :

ਇਹ ਬੋਲੀ ਕੋਈ ਗੰਵਾਰੂ ਨਹੀਂ,
ਇਹ ਤਾਂ ਹੈ ਉੱਚ ਕਿਰਦਾਰਾਂ ਦੀ।
ਇਹ ਬੋਲੀ ਸੰਤਾਂ ਪੀਰਾਂ ਦੀ,
ਇਹ ਬੋਲੀ ਹੈ ਅਵਤਾਰਾਂ ਦੀ।
ਇਹ ਬੋਲੀ ਬਾਬੇ ਨਾਨਕ ਦੀ,
ਫਰੀਦ ਪੀਲੂ, ਕਾਦਰਯਾਰਾਂ ਦੀ।
ਇਹ ਬੋਲੀ ਅੰਮ੍ਰਿਤਾ ਪ੍ਰੀਤਮ ਦੀ,
ਜਾਂ ਸ਼ਿਵ ਜਿਹੇ ਗ਼ਮਖਾਰਾਂ ਦੀ।

'ਕਾਫ਼ਲਾ ਹਰਫ਼ਾਂ ਦਾ' ਪੁਸਤਕ ਵਿਚ ਵਿਅੰਗ ਭਰਪੂਰ ਕਵਿਤਾਵਾਂ ਵੀ ਸ਼ਾਮਿਲ ਹਨ, ਜਿਵੇਂ 'ਧੀ' ਸਿਰਲੇਖ ਹੇਠ ਲਿਖੀ ਕਵਿਤਾ :

ਪੁੱਤ ਜੇਕਰ ਮੈਂ ਹੋਂਵਦੀ,
ਮੇਰੀ ਹੋਰ ਹੋਣੀ ਸੀ ਤਕਦੀਰ।
ਜੰਮਣ ਤੇ ਮਾਪੇ ਮੇਰੇ,
ਰੱਜ ਰੱਜ ਖਾਂਦੇ ਖੀਰ।
ਮਾਰ ਕੇ ਢਿੱਡੀ ਮੁੱਕੀਆਂ,
ਨਾ ਰੋਂਦਾ ਮੇਰਾ ਬਾਪ।
ਜਿਲ੍ਹਤ ਭਰੇ ਜੀਵਨ ਦਾ,
ਨਾ ਭੋਗਦੀ ਮਾਂ ਸੰਤਾਪ।

ਇਸੇ ਤਰ੍ਹਾਂ, ਵੰਨ-ਸੁਵੰਨੇ ਦੇਸੀ ਰਿਸ਼ਤਿਆਂ ਦੇ ਅੰਗ੍ਰੇਜ਼ੀ ਵਿਚ ਸਿਰਫ਼ ਅੰਕਲ, ਆਂਟੀ ਤਕ ਸੁੰਗੜ ਕੇ ਰਹਿ ਜਾਣ 'ਤੇ ਵਿਅੰਗ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਵੀ ਸਦਭਾਵਨਾ, ਮਾਨਵਤਾ, ਸ਼ਹਿਨਸ਼ੀਲਤਾ, ਦੇਸ਼ ਭਗਤੀ, ਸੁਧਾਰਵਾਦ, ਭੌਤਿਕ ਸੱਭਿਆਚਾਰ, ਸਮਾਜਿਕ ਕੁਰੀਤੀਆਂ ਤੇ ਊਣਤਾਈਆਂ, ਭ੍ਰਿਸ਼ਟਾਚਾਰ, ਅਨੈਤਿਕ, ਸਮਾਜਿਕ ਪਤਨ, ਆਦਰਸ਼ਹੀਣਤਾ, ਅੰਤਰਮੁਖਤਾ, ਅਸਾਵੇਂ ਆਰਥਿਕ ਪ੍ਰਬੰਧ, ਰਿਸ਼ਤਿਆਂ ਦੇ ਘਾਣ, ਲੜਕੀਆਂ ਦੇ ਹੱਕ, ਭਰੂਣ ਹੱਤਿਆ ਤੇ ਤਬਾਹ ਹੋ ਰਹੀਆਂ ਸਮਾਜਿਕ ਕਦਰਾਂ-ਕੀਮਤਾਂ ਬਾਰੇ ਚਿੰਤਤ ਨਜ਼ਰ ਆਉਂਦਾ ਹੈ। ਪੇਂਡੂ ਮਾਹੌਲ ਵਿਚ ਸੰਘਰਸ਼ ਪੂਰਨ ਜ਼ਿੰਦਗੀ ਜਿਉਂਦੇ ਹੋਏ ਕਵੀ ਨੇ ਜਿਸ ਪੱਧਰ ਦੀ ਕਵਿਤਾ ਰਚੀ ਹੈ, ਉਹ ਸਲਾਹੁਣ ਯੋਗ ਹੈ। ਪੰਜਾਬ, ਪੰਜਾਬੀਅਤ, ਅਧਿਆਤਮਕ, ਪ੍ਰਕਿਰਤੀ ਚਿਤਰਨ, ਕ੍ਰਾਂਤੀ, ਪਿਆਰ ਤੇ ਨਾਰੀ ਚੇਤਨਾ ਕਵੀ ਦੇ ਮਨ ਪਸੰਦ ਵਿਸ਼ੇ ਪ੍ਰਤੀਤ ਹੁੰਦੇ ਹਨ। ਪੁਸਤਕ ਦੀ ਸਰਲ ਤੇ ਠੇਠ ਪੰਜਾਬੀ ਵਿਚ ਰਚੀ ਕਵਿਤਾ, ਵਿਦਵਾਨ ਤੇ ਸਾਧਾਰਨ ਪਾਠਕ ਨੂੰ ਇਕੋ ਜਿੰਨੀ ਸ਼ਿੱਦਤ ਨਾਲ ਆਪਣੇ ਵਲ ਆਕਰਸ਼ਿਤ ਕਰਦੀ ਹੈ। ਆਸ ਹੈ ਕਿ ਪਾਠਕ ਸਨੇਹੀ ਦੀ ਇਸ ਪਹਿਲੀ ਪੁਸਤਕ ਦਾ ਪੁਰਜ਼ੋਰ ਸਵਾਗਤ ਕਰਨਗੇ।

*– ਸਰਬਜੀਤ ਕੌਰ*


**ਯੋਜਨਾ (ਪੰਜਾਬੀ)**

## ਦੇ ਅਗਲੇ ਅੰਕ

- **ਅਕਤੂਬਰ 2014 – ਇਹ ਅੰਕ *ਅਸੰਗਠਿਤ ਖੇਤਰ ਉੱਤੇ ਕੇਂਦਰਿਤ ਹੋਵੇਗਾ।***
- **ਨਵੰਬਰ 2014 – ਇਹ ਅੰਕ *ਤਕਨਾਲੋਜੀ, ਨਵੀਨੀਕਰਨ ਤੇ ਗਿਆਨ ਆਰਥਿਕਤਾ ਉੱਤੇ ਕੇਂਦਰਿਤ ਹੋਵੇਗਾ।***

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***
***ਇਕ ਸਾਲ : `100, ਦੋ ਸਾਲ : `180, ਤਿੰਨ ਸਾਲ : `250***
***ਸਾਰਕ ਦੇਸ਼ਾਂ ਲਈ ਸਾਲਾਨਾ `530,***
***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ `730***

# ਪ੍ਰਧਾਨ ਮੰਤਰੀ ਦੀ ਭਾਰਤ ਲਈ ਦ੍ਰਿਸ਼ਟੀ

ਲਾਲ ਕਿਲੇ ਦੀ ਫਸੀਲ ਤੋਂ

## ਗਰੀਬਾਂ ਲਈ ਬੀਮਾ ਸੁਰੱਖਿਆ

ਪ੍ਰਧਾਨ ਮੰਤਰੀ ਨੇ ਦੇਸ਼ ਦੇ ਸਭ ਤੋਂ ਗਰੀਬ ਨਾਗਰਿਕਾਂ ਨੂੰ ਬੈਂਕ ਖਾਤਿਆਂ ਦੀ ਸਹੂਲਤ ਦੇਣ ਲਈ ਇਕ ਯੋਜਨਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਜਨ-ਧਨ ਯੋਜਨਾ ਤਹਿਤ ਖਾਤਾਧਾਰਕ ਨੂੰ ਇਕ ਡੈਬਿਟ ਕਾਰਡ ਅਤੇ ਪਰਿਵਾਰ ਦੇ ਹਰੇਕ ਜੀਅ ਲਈ ਇਕ ਲੱਖ ਰੁਪਏ ਦਾ ਬੀਮਾ ਯਕੀਨੀ ਬਣਾਇਆ ਜਾਵੇਗਾ। ਇਸ ਨਾਲ ਸੰਕਟ ਦੇ ਸਮੇਂ ਗਰੀਬ ਪਰਿਵਾਰਾਂ ਨੂੰ ਮਦਦ ਮਿਲੇਗੀ।

## ਸੰਸਦ ਮੈਂਬਰ 'ਨਮੂਨੇ ਦਾ ਪਿੰਡ' ਯੋਜਨਾ ਦਾ ਐਲਾਨ

ਪ੍ਰਧਾਨ ਮੰਤਰੀ ਵਲੋਂ ਸਾਂਸਦ ਆਦਰਸ਼ ਗ੍ਰਾਮ ਯੋਜਨਾ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ। ਸੰਸਦ ਮੈਂਬਰ ਆਪਣੇ ਖੇਤਰ ਵਿਚ ਸਮਾਂ, ਸਥਾਨ, ਸਥਿਤੀ ਦੇ ਮਾਪਦੰਡਾਂ ਅਨੁਸਾਰ, 3 ਤੋਂ 5 ਹਜ਼ਾਰ ਆਬਾਦੀ ਵਾਲੇ ਕਿਸੇ ਇਕ ਪਿੰਡ ਨੂੰ ਚੁਣ ਸਕਦੇ ਹਨ। ਇਸ ਵਿਚ ਸਿਹਤ, ਸਾਫ਼-ਸਫ਼ਾਈ, ਵਾਤਾਵਰਨ, ਹਰਿਆਲੀ, ਆਪਸੀ ਸਹਿਯੋਗ ਆਦਿ ਦੀਆਂ ਸ਼ਰਤਾਂ ਸ਼ਾਮਿਲ ਹੋਣਗੀਆਂ। ਇਨ੍ਹਾਂ ਮਾਪਦੰਡਾਂ ਦੇ ਆਧਾਰ 'ਤੇ ਹਰੇਕ ਸੰਸਦ ਮੈਂਬਰ ਨੂੰ 2016 ਤਕ ਆਪਣੇ ਖੇਤਰ ਦੇ ਇਕ ਪਿੰਡ ਨੂੰ ਨਮੂਨੇ ਦਾ ਪਿੰਡ ਬਣਾਉਣਾ ਹੋਵੇਗਾ। 2016 ਅਤੇ 2019 ਤੋਂ ਬਾਅਦ ਦੋ-ਦੋ ਹੋਰ ਪਿੰਡਾਂ ਨੂੰ ਵੀ ਸੰਸਦ ਮੈਂਬਰਾਂ ਨੂੰ ਆਪਣੇ ਕਾਰਜਕਾਲ ਦੌਰਾਨ ਚੁਣ ਕੇ ਨਮੂਨੇ ਦੇ ਪਿੰਡ ਬਣਾਉਣਾ ਹੋਵੇਗਾ। ਸ਼ਹਿਰੀ ਖੇਤਰਾਂ ਦੇ ਸੰਸਦ ਮੈਂਬਰ ਅਤੇ ਰਾਜ ਸਭਾ ਦੇ ਮੈਂਬਰ ਵੀ ਕਿਸੇ ਇਕ ਪਿੰਡ ਨੂੰ ਅਪਣਾ ਸਕਦੇ ਹਨ। "ਸਾਂਸਦ ਆਦਰਸ਼ ਗ੍ਰਾਮ ਯੋਜਨਾ" ਦਾ ਪੂਰਾ ਖ਼ਾਕਾ 11 ਅਕਤੂਬਰ ਨੂੰ ਜੈਪ੍ਰਕਾਸ਼ ਨਾਰਾਇਣ ਦੇ ਜਨਮ ਦਿਵਸ ਸਮੇਂ ਸਾਰੇ ਸੰਸਦ ਮੈਂਬਰਾਂ ਅਤੇ ਰਾਜ ਸਰਕਾਰਾਂ ਸਾਹਮਣੇ ਪੇਸ਼ ਕੀਤਾ ਜਾਵੇਗਾ।

## ਬ੍ਰਾਂਡ ਇੰਡੀਆ

ਪ੍ਰਧਾਨ ਮੰਤਰੀ ਨੇ ਭਾਰਤ ਨੂੰ ਨਿਰਮਾਣ ਦਾ ਕੇਂਦਰ ਬਿੰਦੂ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕੇਵਲ ਨਿਰਮਾਣ ਖੇਤਰ ਨੂੰ ਹੱਲਾਸ਼ੇਰੀ ਦੇ ਕੇ ਹੀ ਅਸੀਂ ਆਪਣੇ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਮੌਕੇ ਪੈਦਾ ਕਰ ਸਕਦੇ ਹਾਂ ਅਤੇ ਨਾਲ ਹੀ ਆਯਾਤ-ਨਿਰਯਾਤ ਵਿਚਕਾਰ ਸੰਤੁਲਨ ਵੀ ਸਥਾਪਤ ਕਰ ਸਕਣ ਦੇ ਸਮਰੱਥ ਹੋ ਸਕਾਂਗੇ। ਇਸ ਤਰੀਕੇ ਨਾਲ ਨੌਜਵਾਨਾਂ ਦੀ ਸਿੱਖਿਆ ਅਤੇ ਯੋਗਤਾ ਨੂੰ ਵਰਤੋਂ ਵਿਚ ਲਿਆਂਦਾ ਜਾ ਸਕੇਗਾ। ਉਨ੍ਹਾਂ ਅਪੀਲ ਕੀਤੀ ਕਿ ਦੁਨੀਆਂ ਭਰ ਵਿਚ ਬ੍ਰਾਂਡ *ਇੰਡੀਆ* ਇਕ ਮਾਨਤਾ ਪ੍ਰਾਪਤ ਨਾਮ ਹੋਣਾ ਚਾਹੀਦਾ ਹੈ - "ਆਓ, ਭਾਰਤ ਵਿਚ ਬਣਾਓ", "ਆਓ, ਭਾਰਤ ਵਿਚ ਨਿਰਮਾਣ ਕਰੋ"। ਉਨ੍ਹਾਂ ਨੇ ਕਿਹਾ ਕਿ ਨੌਜਵਾਨਾਂ ਨੂੰ ਖ਼ਾਸ ਕਰਕੇ ਛੋਟੇ ਅਤੇ ਲਘੂ ਉਦਯੋਗ ਖੇਤਰ ਵਿਚ ਘੱਟੋ-ਘੱਟ ਇਕ ਅਜਿਹੀ ਵਸਤ ਦਾ ਨਿਰਮਾਣ ਕਰਨਾ ਚਾਹੀਦਾ ਹੈ ਤਾਂ ਜੋ ਅਜਿਹੀਆਂ ਵਸਤਾਂ ਦੀ ਭਵਿੱਖ ਵਿਚ ਆਯਾਤ ਕਰਨ ਦੀ ਜ਼ਰੂਰਤ ਹੀ ਨਾ ਪਵੇ। ਸਾਨੂੰ ਅਜਿਹੀ ਹਾਲਤ ਤਕ ਆਪਣੇ ਆਪ ਨੂੰ ਲੈ ਜਾਣਾ ਚਾਹੀਦਾ ਹੈ ਕਿ ਭਵਿੱਖ ਵਿਚ ਅਸੀਂ ਅਜਿਹੀਆਂ ਵਸਤਾਂ ਨਿਰਯਾਤ ਕਰਨ ਦੇ ਸਮਰੱਥ ਹੋ ਸਕੀਏ", ਉਨ੍ਹਾਂ ਕਿਹਾ। ਜੇ ਸਾਡੇ ਕਰੋੜਾਂ ਨੌਜਵਾਨਾਂ ਵਿਚੋਂ ਹਰੇਕ ਅਜਿਹੀ ਇਕ ਵਸਤ ਦੇ ਨਿਰਮਾਣ ਦਾ ਤਹੱਈਆ ਕਰ ਲਵੇ, ਤਾਂ ਭਾਰਤ ਚੀਜ਼ਾਂ ਨਿਰਯਾਤ ਕਰਨ ਵਾਲਾ ਦੇਸ਼ ਬਣ ਸਕਦਾ ਹੈ, ਉਨ੍ਹਾਂ ਨੇ ਹੋਰ ਕਿਹਾ। ਉਨ੍ਹਾਂ ਨੇ ਜ਼ੋਰ ਦਿੰਦਿਆਂ ਆਖਿਆ ਕਿ ਤਿਆਰ ਕੀਤੀਆਂ ਚੀਜ਼ਾਂ 'ਤੇ ਕੋਈ ਸਮਝੌਤਾ ਨਹੀਂ ਕਰਨਾ ਚਾਹੀਦਾ - ਜ਼ੀਰੋ ਨੁਕਸ ਅਤੇ ਜ਼ੀਰੋ ਪ੍ਰਭਾਵ। ਵਸਤਾਂ ਦਾ ਨਿਰਮਾਣ ਅਜਿਹੇ ਤਰੀਕੇ ਨਾਲ ਕੀਤਾ ਜਾਵੇ ਕਿ ਉਨ੍ਹਾਂ ਵਿਚ ਜ਼ੀਰੋ ਨੁਕਸ ਹੋਵੇ, ਨਿਰਯਾਤ ਕਰਨ ਵਾਲੀਆਂ ਚੀਜ਼ਾਂ ਰੱਦ ਨਾ ਹੋਣ ਤੇ ਉਨ੍ਹਾਂ ਦਾ ਵਾਤਾਵਰਨ ਤੇ ਨਾਂਹ ਪੱਖੀ ਅਸਰ ਨਾ ਹੋਵੇ।

## ਸਵੱਛ ਭਾਰਤ

ਸਾਫ਼-ਸਫ਼ਾਈ ਦੀ ਲੋੜ 'ਤੇ ਜ਼ੋਰ ਦਿੰਦਿਆਂ ਪ੍ਰਧਾਨ ਮੰਤਰੀ ਨੇ ਆਪਣੀ ਸਰਕਾਰ ਦੇ "ਸਵੱਛ ਭਾਰਤ" ਦੇ ਅਹਿਦ ਦਾ ਐਲਾਨ ਕੀਤਾ - ਇਕ ਅਜਿਹੀ ਕਲਪਨਾ ਜੋ ਇਸ ਸਾਲ 2 ਅਕਤੂਬਰ ਨੂੰ ਆਰੰਭ ਹੋਵੇਗੀ, ਇਹ 2019 ਵਿਚ ਮਹਾਤਮਾ ਗਾਂਧੀ ਦੇ 150ਵੇਂ ਜਨਮ ਦਿਵਸ 'ਤੇ ਪੂਰੀ ਹੋ ਜਾਵੇਗੀ। ਇਸ ਨਾਲ ਮਿਲਦੇ-ਜੁਲਦੇ ਕਦਮ ਵਿਚ ਹੀ, ਪ੍ਰਧਾਨ ਮੰਤਰੀ ਨੇ ਕਿਹਾ ਕਿ 'ਸਵੱਛ ਭਾਰਤ' ਵੱਲ ਪਹਿਲਾ ਕਦਮ ਸਕੂਲਾਂ ਵਿਚ ਗੁਸਲਖ਼ਾਨੇ ਬਣਾ ਕੇ, ਜਿਸ ਵਿਚ ਬੱਚੀਆਂ ਲਈ ਅਲੱਗ ਗੁਸਲਖ਼ਾਨੇ ਹੋਣਗੇ (ਇਕ ਸਾਲ ਦੇ ਅੰਦਰ), ਦੀ ਪ੍ਰਤਿਬੱਧਤਾ ਨਾਲ ਫ਼ੌਰੀ ਤੌਰ ਤੇ ਸ਼ੁਰੂ ਹੋ ਜਾਵੇਗਾ। ਇਸ ਟੀਚੇ ਨੂੰ ਹਾਸਲ ਕਰਨ ਲਈ, ਉਨ੍ਹਾਂ ਨੇ ਸੰਸਦ ਮੈਂਬਰਾਂ ਨੂੰ ਐਮ ਪੀ ਲੈਡ ਫ਼ੰਡ ਦੀ ਸੁਚੱਜੀ ਵਰਤੋਂ ਕਰਨ ਲਈ ਪ੍ਰੇਰਿਆ। ਉਨ੍ਹਾਂ ਨੇ ਕਾਰਪੋਰੇਟ ਘਰਾਣਿਆਂ ਨੂੰ ਵੀ, ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਤਹਿਤ, ਸਕੂਲਾਂ ਵਿਚ ਗੁਸਲਖ਼ਾਨੇ ਬਣਾਉਣ ਨੂੰ ਪ੍ਰਾਥਮਿਕਤਾ ਦੇਣ ਲਈ ਪ੍ਰੇਰਿਆ। ਅਗਲੇ 15 ਅਗਸਤ ਨੂੰ, ਅਸੀਂ ਐਲਾਨ ਕਰਨ ਦੀ ਦ੍ਰਿੜ੍ਹ ਹਾਲਤ ਵਿਚ ਹੋਈਏ ਕਿ ਭਾਰਤ ਵਿਚ ਅਜਿਹਾ ਕੋਈ ਵੀ ਸਕੂਲ ਨਹੀਂ ਜਿੱਥੇ ਲੜਕੇ ਅਤੇ ਲੜਕੀਆਂ ਵਾਸਤੇ ਵੱਖਰੇ ਗੁਸਲਖ਼ਾਨੇ ਨਹੀਂ ਹਨ, ਉਨ੍ਹਾਂ ਕਿਹਾ।

## ਧੀਆਂ ਇਕ ਸਰਮਾਇਆ

ਪ੍ਰਧਾਨ ਮੰਤਰੀ ਨੇ ਰਾਸ਼ਟਰ ਨੂੰ ਅਸੰਤੁਲਿਤ ਲਿੰਗ ਅਨੁਪਾਤ ਦੇ ਬਹੁਤ ਹੀ ਗੰਭੀਰ ਮੁੱਦੇ 'ਤੇ ਵਿਚਾਰ ਕਰਨ ਲਈ ਕਿਹਾ ਜਿੱਥੇ ਹਜ਼ਾਰ ਲੜਕਿਆਂ ਪਿੱਛੇ ਸਿਰਫ਼ 940 ਲੜਕੀਆਂ ਹੀ ਜਨਮ ਲੈਂਦੀਆਂ ਹਨ। ਉਨ੍ਹਾਂ ਡਾਕਟਰਾਂ ਨੂੰ ਅਪੀਲ ਕੀਤੀ ਕਿ ਕੰਨਿਆ ਭਰੂਣ ਹੱਤਿਆ ਨੂੰ ਹੱਲਾਸ਼ੇਰੀ ਨਾ ਦਿੱਤੀ ਜਾਵੇ, ਪਰਿਵਾਰ ਲੜਕੇ ਦੀ ਆਸ ਵਿਚ ਧੀਆਂ ਦੀ ਬਲੀ ਨਾ ਦੇਣ। ਉਨ੍ਹਾਂ ਸਪੱਸ਼ਟ ਕੀਤਾ ਕਿ ਹਾਲ ਹੀ ਵਿਚ ਹੋਈਆਂ ਰਾਸ਼ਟਰ-ਮੰਡਲ ਖੇਡਾਂ ਵਿਚ, ਖਿਡਾਰੀਆਂ ਵਲੋਂ ਜਿੱਤੇ ਗਏ 64 ਤਮਗਿਆਂ ਵਿਚੋਂ 29 ਲੜਕੀਆਂ ਵਲੋਂ ਜਿੱਤੇ ਗਏ ਹਨ। ਉਨ੍ਹਾਂ ਰਾਸ਼ਟਰ ਨੂੰ ਧੀਆਂ 'ਤੇ ਮਾਣ ਕਰਨ ਲਈ ਕਿਹਾ ਅਤੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦੀ ਗੱਲ ਕੀਤੀ।


YOJANA (Punjabi)    September - 2014    (Total Pages 52+IV)    Regd. RNI 43033/85

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ :ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
ਲੇਖਕ : ਸਤੀਸ਼ ਅਗਰਵਾਲ
ਪੰਨੇ : 268, ਮੁੱਲ : 175 ਰੁਪਏ




ਪੁਸਤਕ : ਪੰਜਾਬ ਦੇ ਲੋਕ ਨਾਚ
ਲੇਖਕ : ਡਾ. ਜਗੀਰ ਸਿੰਘ ਨੂਰ
ਪੰਨੇ : 167, ਮੁੱਲ : 180 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

**ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :**

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) • 'ਏ' ਵਿੰਗ, ਰਾਜਾਜੀ ਭਵਨ, ਬੇਸੰਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐਫ' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823) • ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455) • ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਾਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

**Printed & Published by Ira Joshi, Additional Director General & Head on behalf of Publications Division,Soochna Bhawan, C.G.O. Complex, Lodhi Road, New Delhi-110003.** Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.